
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 28
October 24, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਵੱਲੋਂ ਭਗਵਾਨ ਵਾਲਮੀਕ ਜੀ ਮਹਾਰਾਜ ਦੇ ਮਨਾਏ ਜਾ ਰਹੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਮੁਬਾਰਕਾਂ।

# ਗੁਰੂ ਘਰ ਬਣੇ ਜੇਲ੍ਹਾਂ 'ਚ ਬੰਦ ਪਰਵਾਸੀ ਸਿੱਖਾਂ ਦਾ ਆਸਰਾ

**ਸਾਲੇਮ-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਗੈਰਕਾਨੂੰਨੀ ਪਰਵਾਸ ਪ੍ਰਤੀ 'ਜ਼ੀਰੋ ਟੌਲੇਰੈਂਸ' ਪਾਲਿਸੀ ਤਹਿਤ ਅਮਰੀਕਾ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਸੰਤਾਪ ਹੰਢਾਉਣ ਲਈ ਮਜਬੂਰ ਪਰਵਾਸੀਆਂ 'ਚੋਂ ਵੱਡੀ ਗਿਣਤੀ ਸਿੱਖਾਂ ਦੀ ਹੈ। ਸਾਲੇਮ ਸਥਿਤ ਗੁਰਦੁਆਰਾ ਦਸ਼ਮੇਸ਼ ਦਰਬਾਰ, ਦਿਹਾਤੀ ਓਰੇਗਨ (ਸ਼ੈਰੀਡਨ) ਸਥਿਤ ਫ਼ੈਡਰਲ ਜੇਲ੍ਹ ਵਿੱਚ ਬੰਦ ਇਨ੍ਹਾਂ ਸਿੱਖ ਪਰਵਾਸੀਆਂ ਤੇ ਰਿਹਾਅ ਹੋ ਚੁੱਕੇ ਸਿੱਖਾਂ ਦੇ ਹੱਕ ਵਿਚ ਨਿੱਤਰ ਆਇਆ ਹੈ। ਗੁਰਦੁਆਰੇ ਵੱਲੋਂ ਸਿੱਖ ਪਰਵਾਸੀਆਂ ਨੂੰ ਸਿਰ ਢਕਣ ਤੋਂ ਲੈ ਕੇ ਧਾਰਮਿਕ ਤੇ ਹੋਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਧਰ ਓਰੇਗਨ ਦੀ ਵਾਲੰਟੀਅਰ ਸੰਸਥਾ ਸਿੱਖ ਪਰਵਾਸੀਆਂ ਨੂੰ ਹਰ ਸੰਭਵ ਕਾਨੂੰਨੀ ਇਮਦਾਦ ਕਰ ਰਹੀ ਹੈ। ਵਾਲੰਟੀਅਰ ਸੰਸਥਾ ਨਾਲ ਜੁੜੇ ਹਵਾਈ ਫ਼ੌਜ ਤੋਂ ਸੇਵਾ ਮੁਕਤ ਨੌਰਮ ਤੇ ਉਹਦੀ ਪਤਨੀ ਕੈਥੀ ਡੈਵਿਸ ਕੜਕਦੀ ਧੁੱਪ ਵਿੱਚ ਓਰੇਗਨ ਜੇਲ੍ਹ ਦੀ ਕੰਧ ਦੇ ਪਰਛਾਵੇਂ ਹੇਠ ਆ ਕੇ ਖੜ੍ਹਦੇ ਹਨ। ਉਨ੍ਹਾਂ ਨੂੰ ਜੇਲ੍ਹ ਵਿੱਚੋਂ ਤਿੰਨ ਪਰਵਾਸੀਆਂ ਦੇ ਬਾਹਰ ਆਉਣ ਦੀ ਉਡੀਕ ਹੈ। ਵਾਲੰਟੀਅਰਾਂ ਦੇ ਐਡਹਾਕ ਗਰੁੱਪ ਦੇ ਮੈਂਬਰ ਇਸ ਜੋੜੇ ਦੀ ਇਹ ਨਿੱਤ ਦੀ ਮਸ਼ਕ ਹੈ। ਟਰੰਪ ਪ੍ਰਸ਼ਾਸਨ ਵੱਲੋਂ ਦਿਹਾਤੀ ਓਰੇਗਨ ਵਿਚਲੀ ਫ਼ੈਡਰਲ ਜੇਲ੍ਹ 124 ਪਰਵਾਸੀਆਂ ਨੂੰ ਤਬਦੀਲ ਕੀਤੇ ਜਾਣ ਮਗਰੋਂ ਹਾਲੀਆ ਮਹੀਨਿਆਂ ਵਿੱਚ ਵਾਲੰਟੀਅਰਾਂ ਨੇ ਇਸ ਸਮੂਹ ਦਾ ਗਠਨ ਕੀਤਾ ਸੀ। ਜੇਲ੍ਹ ਵਿੱਚ ਅੰਦਾਜ਼ਨ 1600 ਪਰਵਾਸੀ ਬੰਦ ਹਨ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਸਿੱਖਾਂ ਦੀ ਸੀ। ਨੌਰਮ ਤੇ ਕੈਥੀ ਡੈਵਿਸ, ਚਾਰ ਸੌ ਹੋਰਨਾਂ ਵਾਲੰਟੀਅਰਾਂ, ਜਿਨ੍ਹਾਂ ਵਿਚ ਸੇਵਾ ਮੁਕਤ, ਕਾਲਜਾਂ ਤੋਂ ਸੱਜਰੀ ਗ੍ਰੈਜੂਏਸ਼ਨ ਕਰਨ ਵਾਲੇ ਵਿਦਿਆਰਥੀ, ਵਕੀਲ, ਪਾਦਰੀ ਆਦਿ ਸ਼ਾਮਲ ਹਨ, ਜੇਲ੍ਹ ਵਿੱਚ ਬੰਦ ਇਨ੍ਹਾਂ ਪਰਵਾਸੀਆਂ ਦੀ ਮਦਦ ਲਈ ਨਿੱਤਰੇ ਹਨ।



# 2019 ਦੀਆਂ ਚੋਣਾਂ ਤਹਿ ਕਰਨਗੀਆਂ ਸੁਖਬੀਰ ਬਾਦਲ ਦਾ ਭਵਿੱਖ

ਚੰਡੀਗੜ੍ਹ-ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦਾ ਸਿਆਸੀ ਭਵਿੱਖ ਤੈਅ ਕਰਨਗੀਆਂ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਅਕਾਲੀ ਦਲ ਨੂੰ ਲਗਾਤਾਰ ਹਾਰਾਂ ਮਿਲ ਰਹੀਆਂ ਹਨ। ਕਾਂਗਰਸ ਸਰਕਾਰ ਖਿਲਾਫ ਰੋਸ ਹੋਣ ਦੇ ਬਾਵਜੂਦ ਲੋਕ ਅਕਾਲੀ ਦਲ ਤੋਂ ਦੂਰੀ ਬਣਾਏ ਹੋਏ ਹਨ। ਇਸ ਤੋਂ ਇਲਾਵਾ ਪੰਥਕ ਮੁੱਦਿਆਂ 'ਤੇ ਵੀ ਅਕਾਲੀ ਦਲ ਗੰਭੀਰ ਸੰਕਟ ਵਿੱਚ ਘਿਰਿਆ ਹੋਇਆ ਹੈ। ਇਸ ਸੰਕਟ ਦਾ ਸਾਰਾ ਜ਼ਿੰਮਾ ਬਾਦਲ ਪਰਿਵਾਰ ਤੇ ਖਾਸਕਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ 'ਤੇ ਆ ਰਿਹਾ ਹੈ। ਇਸ ਵੇਲੇ ਟਕਸਾਲੀ ਲੀਡਰ ਬਾਗੀ ਸੁਰਾਂ ਬੁਲੰਦ ਕਰ ਰਹੇ ਹਨ। ਉਹ ਸਖਬੀਰ ਬਾਦਲ



ਦੀ ਕਾਰਜਸ਼ੈਲੀ 'ਤੇ ਸਵਾਲ ਉਠਾ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਹੁਣ ਬਹੁਤੇ ਪਾਰਟੀ ਲੀਡਰ ਲੋਕ ਸਭਾ ਚੋਣਾਂ ਦੀ ਉਡੀਕ ਕਰ ਰਹੇ ਹਨ। ਇਸ ਲਈ ਮਿਸ਼ਨ 2019 ਸੁਖਬੀਰ ਬਾਦਲ ਲਈ ਅਗਨੀ ਪ੍ਰੀਖਿਆ ਹੋਏਗਾ। ਜੇਕਰ ਇਨ੍ਹਾਂ ਚੋਣਾਂ ਵਿੱਚ ਵੀ ਅਕਾਲੀ ਦਲ ਦਾ ਵਿਧਾਨ ਸਭਾ ਚੋਣਾਂ ਵਾਲਾ ਹਾਲ ਹੁੰਦਾ ਹੈ ਤਾਂ ਸੁਖਬੀਰ ਬਾਦਲ ਦਾ ਸਿੰਘਾਸ਼ਨ ਡੋਲਣਾ ਤੈਅ ਹੈ। ਲਗਾਤਾਰ ਹਾਰਾਂ ਕਰਕੇ ਉਨ੍ਹਾਂ ਨੂੰ ਲਾਂਭੇ ਕਰਨ ਲਈ ਦਬਾਅ ਜ਼ਰੂਰ ਬਣੇਗਾ। ਇਸ ਵੇਲੇ ਦੱਬੀ ਸੁਰ ਵਿੱਚ ਗੱਲ਼ ਕਰਨ ਵਾਲੇ ਟਕਸਾਲੀ ਲੀਡਰਾਂ ਨੂੰ ਹੋਰ ਖੱਲ੍ਹ ਕੇ ਖੇਡਣ ਦਾ ਮੌਕਾ ਮਿਲ ਜਾਏਗਾ।


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Don't wait until it's too late. Come give your car a break at Brake Time
Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
CHAAT PLATE
ONLY FOR $2.99
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਬਾਰੇ ਅਮਰੀਕਾ ਚ ਇੱਕ ਦਸਤਾਵੇਜ਼ੀ ਡਾਕੂਮੈਂਟਰੀ ਫ਼ਿਲਮ ਦੇ ਸਮਰਥਨ ਲਈ 300 ਤੋਂ ਵੱਧ ਸਿੱਖਾਂ ਦਾ ਲਾਸ ਏਂਜਲਸ 'ਚ ਇਕੱਠ ਹੋਇਆ

**ਲਾਸ ਏਂਜਲਸ (ਰਾਜ ਗੋਗਨਾ)–** ਬੀਤੇ ਦਿਨ ਵੱਖ ਵੱਖ ਸੂਬਿਆਂ ਤੋਂ ਲਾਸ ਏਂਜਲਸ ( ਕੈਲੀਫੋਰਨੀਆ) ਦੇ ਸੀਰੋਟਸ ਸ਼ੇਰਾਟਨ ਹੋਟਲ ਵਿੱਚ ਬੀਤੀ ਸ਼ਾਮ ਨੂੰ ਇਕ ਭਾਰੀ ਇਕੱਠ ਹੋਇਆ। ਨੈਸ਼ਨਲ ਸਿੱਖ ਮੁਹਿੰਮ ਜੋ ਅਤੂਰ ਪ੍ਰੋਡਕਸ਼ਨ ਨਾਲ ਕੰਮ ਕਰ ਰਹੀ ਹੈ ਤਾਂ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਸੰਦੇਸ਼ 'ਤੇ ਸਾਢੇ ਚਾਰ ਲੱਖ ਦੀ ਲਾਗਤ ਨਾਲ ਬਣਨ ਵਾਲੀ ਇਕ ਘੰਟੇ ਦੀ ਲੰਮੀ ਫਿਲਮ ਬਣਾਈ ਜਾ ਸਕੇ ਅਤੇ ਇਹ ਪੂਰੇ ਅਮਰੀਕਾ ਵਿਚ 250 ਜਨਤਕ ਟੀਵੀ ਸਟੇਸ਼ਨਾਂ 'ਤੇ ਪ੍ਰਸਾਰਿਤ ਕੀਤੀ ਜਾਵੇਗੀ। ਕਨੈਕਟੀਕਟ ਪਬਲਿਕ ਟੀਵੀ ਸਟੇਸ਼ਨ ਇਸ ਦੀ ਮੇਜ਼ਬਾਨੀ ਕਰੇਗਾ ਅਤੇ ਇਸ ਨੂੰ ਦੇਸ਼ ਭਰ ਅਤੇ ਵਰਲਡ ਦੇ ਚੈਨਲਾਂ ਤੇ ਉਪਲਬਧ ਕਰਵਾਏਗਾ। ਪ੍ਰੋਗਰਾਮ ਦੇ ਸ਼ੁਰੂਆਤ ਚ ਰਾਗੀਂਦਰ ਸਿੰਘ "ਵਾਇਓਲਇੰਡਰ" ਨੇ ਵਾਇਲਿਨ ਤੇ ਰਾਗ ਧਨਾਸਰੀ ਅਤੇ ਸੋਰਠ ਦੀ ਮਧੁਰ ਰਚਨਾ ਧੁਨੀਆਂ ਸੁਣਾਈਆਂ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੋਨਾਂ ਰਾਗਾਂ ਦਾ ਉਪਯੋਗ ਆਪਣੀ ਬਾਣੀ ਉਚਾਰਨ ਲਈ ਕੀਤਾ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਜੀ ਹਿੱਸਾ ਹੈ।ਮੁੱਖ ਬੁਲਾਰੇ ਅਤੇ ਨੈਸ਼ਨਲ ਸਿੱਖ ਕੈਂਪਨ ਦੇ ਸਹਿ-ਸੰਸਥਾਪਕ ਅਤੇ ਇਸਦੇ ਸੀਨੀਅਰ ਸਲਾਹਕਾਰ ਡਾ ਰਾਜਵੰਤ ਸਿੰਘ ਨੇ ਕਿਹਾ ਕਿ "ਗੁਰੂ ਨਾਨਕ ਦੇਵ ਜੀ ਦੇ ਬਾਰੇ ਸੰਸਾਰ ਭਰ ਚ ਜਾਣਕਾਰੀ ਵਧਾਉਣ ਦੇ ਉਦੇਸ਼ ਨਾਲ ਸਾਇਦ ਪਹਿਲੀ ਵਾਰ ਇਤਨੇ ਸਿੱਖ ਭੈਣ ਭਰਾ ਇੱਕ ਥਾਂ ਇਕੱਠੇ ਹੋਏ ਹਨ। ਉਹਨਾਂ ਨੇ ਸਲਾਈਡ ਸੋਅ ਨਾਲ ਇਸ ਫ਼ਿਲਮ ਚ ਸ਼ਾਮਿਲ ਕੀਤੇ ਜਾਣ ਵਾਲੇ ਸਾਰੇ ਪੱਖਾਂ ਬਾਰੇ ਜਾਣੂ ਕਰਵਾਇਆ। ਉਹਨਾਂ ਨੇ ਨੈ਼ਸਨਲ ਸਿੱਖ ਕੈਂਪੇਨ ਵੱਲੋਂ ਸਿੱਖ ਪਹਿਚਾਣ ਬਾਰੇ ਅਮਰੀਕਾ ਭਰ ਚ ਮੁਹਿੰਮ ਬਾਰੇ ਵੀ ਚਾਨਣਾ ਪਾਇਆ।

ਸੁਰਿੰਦਰ ਦਰਗਨ ਨੇ ਕਿਹਾ "ਹਾਲਾਂਕਿ ਅਸੀਂ ਸਾਰਿਆਂ ਨੇ ਨਿੱਜੀ ਤੌਰ ਤੇ ਕੌਮੀ ਤੌਰ ਤੇ ਬਹੁਤ ਤਰੱਕੀ ਕੀਤੀ ਪਰ ਅਸੀਂ ਆਪਣੇ ਧਰਮ ਦੇ ਸੰਸਥਾਪਕ ਗੁਰੂ ਨਾਨਕ ਬਾਰੇ ਜਾਣਕਾਰੀ ਤੇ



ਸਮਝ ਪੈਦਾ ਕਰਨ ਵਿੱਚ ਕਾਮਯਾਬ ਨਹੀਂ ਹੋਏ ਹਾਂ। ਗੁਰੂ ਨਾਨਕ ਦੇਵ ਜੀ ਦੀ 550 ਵੀਂ ਵਰ੍ਹੇਗੰਢ ਸਾਡੇ ਜੀਵਨਕਾਲ ਵਿੱਚ ਮਨਾਈ ਜਾਵੇਗੀ ਤੇ ਇਹ ਸਾਡੇ ਚੰਗੇ ਭਾਗ ਹਨ ਅਤੇ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਇਸ ਕਾਰਜ ਦੀ ਮਦਦ ਕਰਨੀ ਚਾਹਿਦੀ ਹੈ।" ਭਾਈਚਾਰੇ ਦੇ ਸਰਗਰਮ ਮੈਂਬਰ ਸਰਬਜੀਤ ਸਿੰਘ ਨੇ ਕਿਹਾ, "ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਵਿਸ਼ਵ ਮੰਚ 'ਤੇ ਪੇਸ਼ ਕਰਨ ਲਈ ਇਹ ਪਹਿਲੀ ਕੋਸ਼ਿਸ਼ ਹੈ ਅਤੇ ਮੈਂ ਸਮੂਹ ਸਿੱਖ ਭਾਈਚਾਰੇ ਵੱਲੋਂ ਇਸ ਕਾਰਜ ਨੂੰ ਅਰੰਭਣ ਲਈ ਇਸ ਜਥੇਬੰਦੀ ਨੂੰ ਵਧਾਈ ਦਿੰਦਾ ਹਾਂ ਅਪੀਲ ਕਰਦਾ ਹਾਂ ਕਿ ਸਾਰੇ ਇਸਦਾ ਸਮਰਥਨ ਕਰਨ।" ਸਮਾਗਮ ਦੇ ਕੋ-ਆਯੋਜਕ ਦੀਪਿੰਦਰ ਸਿੰਘ ਨੇ ਕਿਹਾ, "ਜਾਗਰੂਕਤਾ ਪੈਦਾ ਕਰਨ ਲਈ ਇੱਕ ਚੰਗੀ ਡੌਕੂਮੈਂਟਰੀ ਤਿਆਰ ਕਰਕੇ, ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਮਜ਼ਬੂਤ ਕਰਨ ਦੀ ਇੱਕ ਨੀਂਹ ਰੱਖ ਰਹੇ ਹਾਂ।"

ਉਹਨਾਂ ਨੇ ਲਾਸ ਐਂਜਲਸ ਕੈਲੀਫੋਰਨੀਆ ਦੇ ਸਾਰੇ ਗੁਰਦੁਆਰਿਆਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਇਸ ਕਦਮ ਦਾ ਸਮਰਥਨ ਕੀਤਾ ਅਤੇ ਆਪਣੀ ਪ੍ਰਤੀਬੱਧਤਾ ਦਿਖਾਈ। ਆਰਤੀਸੀਆ ਦੀ ਇੱਕ ਕਵੀ ਅਮਨ ਕੌਰ ਬੱਤਰਾ ਨੇ ਔਰਤ ਸ਼ਕਤੀਕਰਨ ਦੇ ਵਿਸ਼ੇ ਨਾਲ ਸਬੰਧਤ ਕਵਿਤਾਵਾਂ ਪੇਸ਼ ਕੀਤੀਆਂ ਅਤੇ ਕਿਹਾ, "ਮੇਰੇ ਲਈ ਬਹੁਤ ਮਹੱਤਵਪੂਰਨ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਔਰਤਾਂ ਲਈ ਆਵਾਜ਼ ਉਠਾਈ ਤੇ ਸਾਡੇ ਹੱਕਾਂ ਲਈ ਹੋਰਾਂ ਦਿੱਤਾ ਅਤੇ ਇਹ ਗੱਲ ਸਾਨੂੰ ਸੰਸਾਰ ਭਰ ਚ ਪ੍ਰਚਾਰਨ ਦੀ ਲੋੜ ਹੈ।" ਅਤੇ ਔਰਤਾਂ ਲਈ ਵਕਾਲਤ ਹੈ।"

ਸਟੇਨਫੋਰਡ ਯੂਨੀਵਰਸਿਟੀ ਦੇ ਜੇਜੇ ਸਿੰਘ ਕਪੂਰ, ਜੋ ਕਿ ਅਮਰੀਕਾ ਚ ਭਾਸ਼ਣ ਵਿਚ 2017 ਦਾ ਨੈਸ਼ਨਲ ਚੈਂਪੀਅਨ ਸੀ, ਇਸ ਪ੍ਰੋਗ੍ਰਾਮ ਚ ਇਕ ਮੁੱਖ ਸਪੀਕਰ ਦੇ ਰੂਪ ਬੋਲਿਆ ਅਤੇ ਉਹਨੇ ਕਿਹਾ, "ਗੁਰੂ ਨਾਨਕ ਇੱਕ ਕ੍ਰਾਂਤੀਕਾਰੀ ਸਨ ਅਤੇ ਅਸੀਂ ਇੱਕ ਅਜਿਹੀ ਥਾਂ ਤੇ ਪਹੁੰਚ ਗਏ ਹਾਂ ਜਿੱਥੇ ਸਾਡੀਆਂ ਸਮਾਜਿਕ ਵੰਡੀਆਂ ਬਹੁਤ ਮਜ਼ਬੂਤ ਹੋ ਗਈਆਂ ਹਨ ਅਤੇ ਹੁਣ ਪਹਿਲਾਂ ਨਾਲੋਂ ਜਿਆਦਾ ਸਾਨੂੰ ਗੁਰੂ ਨਾਨਕ ਦੇਵ ਜੀ ਬਾਰੇ ਜਾਣਨਾ ਚਾਹੀਦਾ ਹੈ ਅਤੇ ਸੰਸਾਰ ਨੂੰ ਉਹਨਾਂ ਦਾ ਏਕਤਾ ਦਾ ਸੰਦੇਸ਼ ਜ਼ਰੂਰ ਮਿਲਣਾ ਚਾਹੀਦਾ ਹੈ। ਉਹਨਾਂ ਦੀ ਜ਼ਿੰਦਗੀ 'ਤੇ ਇਕ ਡਾਕੂਮੈਂਟਰੀ ਬਣਾਉਣ ਦੇ ਟੀਚੇ ਨੂੰ ਪੂਰਾ ਕਰਨਾ ਬਹੁਤ ਜ਼ਰੂਰੀ ਹੈ।" ਸੁਮੀਤਾ ਬੱਤਰਾ, ਰਿਤੂ ਚੁੱਘ, ਕੀਰਤਨ ਸਿੰਘ ਅਤੇ ਡਾ. ਰਵਨੀਤ ਕੌਰ ਨੇ ਸ਼ਾਮ ਨੂੰ ਵੱਖੋ-ਵੱਖਰੇ ਪੇਸ਼ਕਾਰੀਆਂ ਨੂੰ ਪੇਸ਼ ਕੀਤਾ ਅਤੇ ਪ੍ਰੋਗ੍ਰਾਮ ਨੂੰ ਦਰਸ਼ਕਾਂ ਦਾ ਧਿਆਨ ਰੱਖਣ ਲਈ ਆਯੋਜਿਤ ਕੀਤਾ ਗਿਆ ਸੀ।ਦਾਨ ਦੇਣ ਲਈ ਅਪੀਲ ਕੀਤੀ ਗਈੀ ਮਹਿਮਾਨਾਂ ਨੇ ਆਪਣੇ ਦਿਲਾਂ ਨੂੰ ਖੋਲ੍ਹਿਆ ਅਤੇ ਮਾਇਆ ਇਕੱਠੀ ਗਈ।

ਐਨ ਐਸ ਸੀ ਦੇ ਯਤਨਾਂ ਨੂੰ ਸਮਰਥਨ ਦੇਣ ਲਈ ਨੌਜਵਾਨ ਦੇ ਇਕ ਗਰੁੱਪ ਨੇ ਆਨਲਾਈਨ ਦਾਨ ਸਵੀਕਾਰ ਕਰਨ ਲਈ ਪ੍ਰਬੰਧ ਕੀਤਾ ਹੋਇਆ ਸੀ।

# ਸੁਪਰੀਮ ਕੋਰਟ ਵੱਲੋਂ ਪਟਾਕੇ ਚਲਾਉਣ ਲਈ ਬਾਸ਼ਰਤ ਇਜਾਜ਼ਤ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਦੇਸ਼ ਭਰ ਵਿਚ ਪ੍ਰਦੂਸ਼ਣ ਤੋਂ ਬਗ਼ੈਰ ਦੀਵਾਲੀ ਮਨਾਉਣ ਦੀ ਪੈਰਵੀ ਕਰਦਿਆਂ ਅੱਜ ਪਟ-ਾਕਿਆਂ 'ਤੇ ਕਈ ਰੋਕਾਂ ਲਾਈਆਂ ਹਨ। ਉਂਜ, ਤਿਓਹਾਰ ਮੌਕੇ ਰਾਤੀਂ ਅੱਠ ਵਜੇ ਤੋਂ ਦਸ ਵਜੇ ਤੱਕ ਦੋ ਘੰਟੇ ਲਈ ਪਟਾਕੇ ਚਲਾਉਣ ਦੀ ਖੁੱਲ੍ਹ ਦਿੱਤੀ ਗਈ ਹੈ ਪਰ ਦੁਕਾਨਦਾਰ ਧੂੰਏ ਤੇ ਖੜਾਕ ਦੀ ਪ੍ਰਵਾਨਤ ਹੱਦ ਮੁਤਾਬਕ ਹੀ ਪਟਾਕੇ ਵੇਚ ਸਕਣਗੇ। ਜਸਟਿਸ ਏ ਕੇ ਸੀਕਰੀ ਤੇ ਅਸ਼ੋਕ ਭੂਸ਼ਨ ਦੇ ਬੈਂਚ ਨੇ ਫਲਿਪਕਾਰਟ ਤੇ ਐਮੇਜ਼ਾਨ ਜਿਹੀਆਂ ਈ-ਕਾਮਰਸ ਵੈੱਬਸ-ਾਈਟਾਂ ਉੱਪਰ ਧੂੰਏ ਤੇ ਸ਼ੋਰ ਦੀ ਪ੍ਰਵਾਨਤ ਹੱਦ ਤੋਂ ਪਾਰਲੇ ਪਟਾਕੇ ਵੇਚਣ 'ਤੇ ਰੋਕ ਲਗਾ ਦਿੱਤੀ ਹੈ। ਇਹ ਪ੍ਰਵਾਨਤ ਹੱਦ ਪੈਟਰੋਲੀਅਮ ਐਂਡ ਐਕਸਪਲੋਸਿਵਜ਼ ਸੇਫਟੀ ਆਰਗੇਨਾਈਜ਼ੇਸ਼ਨ (ਪੀਈਐਸਓ) ਵੱਲੋਂ ਨਿਰਧਾਰਤ ਕੀਤੀ ਜਾਵੇਗੀ। ਸੁਪਰੀਮ ਕੋਰਟ ਨੇ ਇਹ ਫ਼ੈਸਲਾ ਉਸ ਪਟੀਸ਼ਨ 'ਤੇ ਸੁਣਾਇਆ ਜਿਸ ਵਿਚ ਮੰਗ ਕੀਤੀ ਗਈ ਸੀ ਕਿ ਵਾਯੂ ਪ੍ਰਦੂਸ਼ਣ ਘਟਾਉਣ ਲਈ ਦੇਸ਼ ਭਰ ਵਿਚ ਪਟਾਕੇ ਬਣਾਉਣ, ਵੇਚਣ ਤੇ ਚਲਾਉਣ ਉਪਰ ਪਾਬੰਦੀ ਲਾਈ ਜਾਣੀ ਚਾਹੀਦੀ ਹੈ।

ਪਿਛਲੇ ਸਾਲ ਬੇਤਹਾਸ਼ਾ ਵਾਯੂ ਪ੍ਰਦੂਸ਼ਣ ਦੇ ਮੱਦੇਨਜ਼ਰ 9 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਦਿੱਲੀ-ਐਨਸੀਆਰ ਖਿੱਤੇ ਅੰਦਰ ਦੀਵਾਲੀ ਮੌਕੇ ਪਟਾਕਿਆਂ ਦੀ ਵਿਕਰੀ 'ਤੇ ਪਾਬੰਦੀ ਲਾ ਦਿੱਤੀ ਸੀ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਸਿੱਖ ਰਾਈਡਰਜ ਵੱਲੋਂ ਬੇਕਰਸਫੀਲਡ ਵਿੱਖੇ ਕਰਵਾਈ ਛੇਵੀ ਸਲਾਨਾਂ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ

**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਵਾਲ–** ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਦਾ ਹੈ। ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਹਫਤੇ ਬੇਕਰਸਫੀਲਡ ਕੈਲੇਫੋਰਨੀਆਂ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ ਛੇਵੀਂ ਸਲਾਨਾਂ ਮੋਟਰ-ਸਾਇਕਲ ਰੈਲੀ ਦਾ ਅਯੋਜਨ ਕੀਤਾ ਗਿਆ। ਇਹ ਬਾਈਕ ਰੈਲੀ ਸਵੇਰ ਦੇ ਖਾਣੇ ਨਾਲ ਹਾਰਲੀ-ਡੇਵਿਡਸਨ ਡੀਲਰਸ਼ਿੱਪ ਤੋਂ ਸੂਰੂ ਹੋਈ ਤੇ ਚੌਦਾਂ ਮੀਲਾਂ ਦਾ ਸਫਰ ਤਹਿ ਕਰਕੇ ਹਾਰਟ ਪਾਰਟ ਬੇਕਰਸਫੀਲਡ ਵਿੱਖੇ ਸਮਾਪਤ ਹੋਈ।




ਇਸ ਰੈਲੀ ਵਿੱਚ 200 ਤੋਂ ਵੱਧ ਮੋਟਰ ਸਾਈਕਲ ਸਵਾਰਾਂ ਨੇ ਹਿੱਸਾ ਲਿਆ, 500 ਤੋਂ ਵੱਧ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਰੈਲੀ ਦੌਰਾਂਨ 3 ਲੋਕਲ ਚੈਰਟੀਆਂ ਲਈ 6000 ਡਾਲਰ ਫੰਡ ਵੀ ਦਿੱਤਾ ਗਿਆ। ਜਿਨ੍ਹਾਂ ਵਿੱਚ ਕਿਰਨ ਰਿਵਰ ਬਲਿਊ ਸਟਾਰ ਮਾਮਜ਼ ਲਈ ਦੋ ਹਜ਼ਾਰ ਡਾਲਰ ਦਾ ਚਿੱਕ ਦਿੱਤਾ ਗਿਆ। ਮੈਡ ਮਦ੍ਰਜ਼ ਅਗੇਨਿਸਟ ਡਰੰਕ ਡਰਾਈਵਰਜ਼ ਲਈ ਵੀ ਦੋ ਹਜ਼ਾਰ ਡਾਲਰ ਦਾ ਚਿੱਕ ਅਤੇ ਇਵੇਂ ਹੀ ਵੈਟਰਨ ਗਰੁੱਪ ਅਮੈਰਿਕਨ ਲੀਜ਼ਨ ਪੋਸਟ 26 ਲਈ ਵੀ ਦੋ ਹਜ਼ਾਰ ਡਾਲਰ ਭੇਂਟ ਕੀਤੇ ਗਏ। ਇਸ ਮੌਕੇ 31 ਰੈਫਲ ਇਨਾਮ ਵੀ ਕੱਢੇ ਗਏ। । ਇਸ ਮੌਕੇ ਸੰਸਥਾ ਦੇ ਬੁਲਾਰਿਆ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ।ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ। ਇਸ ਮੌਕੇ ਗੋਰਿਆਂ ਦੇ ਬੈਂਡ ਅਤੇ ਪੰਜਾਬੀ ਗਾਇਕਾਂ ਨੇ ਵੀ ਆਪਣੀ ਗਾਇਕੀ ਦਾ ਜਾਦੂ ਬਖੇਰਿਆ ਅਤੇ ਭੰਗੜਾ ਟੀਮ ਨੇ ਗੋਰਿਆਂ ਨੂੰ ਵੀ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਫੇਸ ਪੇਂਟਿੰਗ, ਮੋਟਰ ਸਾਈਕਲ ਜੈਕਟਾ ਲਈ ਪੈਚ ਅਤੇ ਔਰਤਾਂ ਲਈ ਮਹਿੰਦੀ ਲਾਉਣ ਦਾ ਖਾਸ਼ ਪ੍ਰਬੰਧ ਕੀਤਾ ਗਿਆ ਸੀ । ਅਖੀਰ ਵਿੱਚ ਸਿੱਖ ਰਾਇਡਰਜ਼ ਵੱਲੋਂ ਤਿਆਰ ਦੁਪਹਿਰ ਦੇ ਖਾਣੇ ਦਾ ਅਨੰਦ ਮਾਣਦੇ ਰਾਈਡਰ ਆਪੋ ਆਪਣੀਆਂ ਮੰਜ਼ਲਾਂ ਵੱਲ ਚਾਲੇ ਪਾ ਗਏ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਬੇਕਰਸਫੀਲਡ ਸਿਟੀ ਮੇਅਰ ਕੈਰਨ ਗੋ, ਅਸੈਬਲੀਮੈਂਨ ਵੈਨਸ ਫੌਂਗ, ਸੈਨੇਟਰ ਰੂਡੀ ਸਾਲਸ, ਕੌਂਸਲ ਮੈਂਬਰ ਕਰੈਸ ਪਾਰਲੀਅਰ, 999 ਸੰਸਥਾ ਦੇ ਬਿਲੀ ਅਤੇ ਬੇਕਰਸਫੀਲਡ ਪੁਲਿਸ ਚੀਫ਼ ਲਾਇਲ ਮਾਰਟਨ ਆਦਿ ਸ਼ਾਮਲ ਹੋਏ।



ਫੋਟੋ - ਓਮਨੀ ਵੀਡੀਓ ਬੇਕਰਸਫੀਲਡ

# ਲੌਸ ਏਂਜਲਸ ਵਿੱਚ ਗੁਰੂ ਨਾਨਕ ਦੇਵ ਤੇ ਦਸਤਾਵੇਜ਼ੀ ਫ਼ਿਲਮ ਬਾਰੇ ਫੰਡਰੇਜ਼ਿੰਗ ਪ੍ਰੋਗਰਾਮ

**ਲੌਸ ਐਂਜਲਸ (ਹੁਸਨ ਲੜੋਆ ਬੰਗਾ)–** ਲਾਸ ਏਂਜਲਸ ਵਿਚ ਸਿੱਖਾਂ ਵੱਲੋਂ ਗੁਰੂ ਨਾਨਕ ਦੇਵ ਤੇ ਦਸਤਾਵੇਜ਼ੀ ਫ਼ਿਲਮ ਦੇ ਸਮਰਥਨ ਲਈ ਇਸ ਐਤਵਾਰ ਨੂੰ ਫੰਡਰੇਜ਼ਿੰਗ ਡਿਨਰ ਕੀਤਾ ਜਾ ਰਿਹਾ ਹੈ। ਵਾਸ਼ਿੰਗਟਨ 'ਚ ਆਧਾਰਿਤ ਨੈਸ਼ਨਲ ਸਿੱਖ ਕੈਂਪੇਨ ਵਲੋਂ ਗੁਰੂ ਨਾਨਕ 550 ਕੈਂਪੇਨ' ਨਾਂ ਇੱਕ ਮੁਹਿੰਮ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਇਕ ਉੱਚ ਪੱਧਰੀ ਦਸਤਾਵੇਜ਼ੀ ਫਿਲਮ ਬਣਾਈ ਜਾਵੇਗੀ ਅਤੇ ਅਮਰੀਕਾ ਦੇ ੨੫੦ ਟੀਵੀ ਸਟੇਸ਼ਨਾਂ' ਤੇ ਪ੍ਰਸਾਰਿਤ ਕੀਤੀ ਜਾਵੇਗੀ। ਵਿਸ਼ਵ ਭਰ ਵਿਚ ਸਿੱਖ ਭਾਈਚਾਰਾ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਹਾੜੇ ਦਾ ਜਸ਼ਨ ਮਨਾਉਣਾ ਦੀ ਤਿਆਰੀ ਵਿੱਚ ਹੈ। ਨੈਸ਼ਨਲ ਸਿੱਖ ਮੁਹਿੰਮ ਇਸ ਉੱਚ ਪੱਧਰੀ ਦਸਤਾਵੇਜ਼ੀ ਫਿਲਮ ਦੀ ਸਿਰਜਣਾ ਲਈ ਇਕ ਪ੍ਰਸਿੱਧ ਫਿਲਮ ਕੰਪਨੀ ਔਟੂਅਰ ਪ੍ਰੋਡਕਸ਼ਨਜ਼ ਨਾਲ ਕੰਮ ਕਰ ਰਹੀ ਹੈ ਅਤੇ ਇਸ ਫ਼ਿਲਮ ਕੰਪਨੀ ਨੇ ਪਹਿਲਾਂ ਕਈ ਹੋਰ ਫਿਲਮਾਂ ਦਾ ਨਿਰਮਾਣ ਕੀਤਾ ਹੈ ਜੋ ਅਮਰੀਕਾ ਅਤੇ ਦੁਨੀਆਂ ਭਰ ਦੇ ਪਬਲਿਕ ਟੀਵੀ ਸਟੇਸ਼ਨਾਂ 'ਤੇ ਦਿਖਾਈਆਂ ਗਈਆਂ ਹਨ।

ਨੈਸ਼ਨਲ ਸਿੱਖ ਮੁਹਿੰਮ ਦੇ ਸਹਿ-ਸੰਸਥਾਪਕ ਅਤੇ ਇਸ ਦੇ ਸੀਨੀਅਰ ਸਲਾਹਕਾਰ ਡਾ. ਰਾਜਵੰਤ ਸਿੰਘ ਨੇ ਕਿਹਾ, "ਅਮਰੀਕਾ ਵਿੱਚ ਅਤੇ ਦੁਨੀਆਂ ਵਿੱਚ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਸੰਦੇਸ਼ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਸਖਤ ਲੋੜ ਹੈ। 2014 ਦੀਆਂ ਸਾਡੇ ਸਰਵੇਖਣਾਂ ਅਨੁਸਾਰ ਦੇਖਿਆ ਗਿਆ ਕਿ ਸਿਫਰ ਫ਼ੀਸਦੀ ਅਮਰੀਕੀ ਲੋਕ ਗੁਰੂ ਨਾਨਕ ਦੇਵ ਦੇ ਬਾਰੇ ਜਾਣਦੇ ਹਨ ਅਤੇ ਦੁਨੀਆ ਦੇ ਬਹੁਗਿਣਤੀ ਲੋਕਾਂ ਨੂੰ ਗੁਰੂ ਨਾਨਕ ਦਾ ਨਾਂ ਵੀ ਨਹੀ ਪਤਾ। 500 ਸਾਲ ਪਹਿਲਾਂ ਗੁਰੂ ਨਾਨਕ ਦੇ ਜੀਵਨ ਅਤੇ ਮਹੱਤਵਪੂਰਨ ਯੋਗਦਾਨ ਬਾਰੇ ਦੁਨਿਆਂ ਚ ਕੋਈ ਗਿਆਤ ਨਹੀ ਹੈ। ਅਸੀਂ ਸਮੂਹ ਸਿੱਖਾਂ ਦੇ ਸਮਰਥਨ ਨਾਲ ਇਹ ਬਦਲਨ ਦੀ ਉਮੀਦ ਕਰ ਰਹੇ ਹਾਂ।



ਐਨਐਸਸੀ ਦੇ ਸਹਿ-ਚੇਅਰਮੈਨ ਅੰਮ੍ਰਿਤਪਾਲ ਸਿੰਘ ਨੇ ਕਿਹਾ, "ਗੁਰੂ ਨਾਨਕ ਦੇਵ ਜੀ ਅਤੇ ਵਿਸ਼ਵ ਪੱਧਰੀ ਸੰਦੇਸ਼ ਨੂੰ ਪੇਸ਼ ਕਰਨ ਲਈ ਇਹ ਪਹਿਲੀ ਕੋਸ਼ਿਸ਼ ਹੈ ਅਤੇ ਸਾਨੂੰ ਸਿੱਖ ਭਾਈਚਾਰੇ ਦੇ ਹਾਂ ਪੱਖੀ ਪ੍ਰਤੀਕਿਰਿਆ ਨਾਲ ਉਤਸ਼ਾਹ ਮਿਲਿਆ ਹੈ। ਅਸੀਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਸਾਂਝਾ ਕਰਨ ਲਈ ਅਤੇ ਆਪਣੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਕਦਮ ਚੁੱਕ ਰਹੇ ਹਾਂ ਅਤੇ ਉਨ੍ਹਾਂ ਨੂੰ ਵਿਸ਼ਵ ਦੀ ਮਹਾਨ ਸ਼ਖਸਿੱਅਤ ਵਜੋਂ ਉਭਾਰਨ ਲਈ ਯਤਨਸ਼ੀਲ ਹਾਂ।" ਸੀਐਸਸੀ ਦੇ ਸਕੱਤਰ ਮੋਹਿੰਦਰ ਸਿੰਘ ਸੋਹਲ ਨੇ ਕਿਹਾ ਕਿ ਅਸੀਂ ਇਸ ਮਹੱਤਵਪੂਰਨ ਪ੍ਰਾਜੈਕਟ 'ਤੇ ਪੂਰੇ ਅਮਰੀਕਾ ਅਤੇ ਦੁਨੀਆਂ ਭਰ' ਚ ਸਿੱਖ ਭਾਈਚਾਰੇ ਨੂੰ ਸ਼ਾਮਲ ਕਰਨ ਦੇ ਯਤਨ ਕਰਾਂਗੇ।"

ਕਲੀਵਲੈਂਡ ਦੇ ਐਨ. ਐਸ. ਐਸ. ਦੇ ਐਗਜ਼ੈਕਟਿਵ ਡਾਇਰੈਕਟਰ ਗੁਰਵਿਨ ਸਿੰਘ ਆਹੂਜਾ ਨੇ ਕਿਹਾ, "ਸਾਡੀ ਖੋਜ ਤੋਂ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਨਾਨਕ ਬਾਰੇ ਵਿਸ਼ਵ ਭਰ ਵਿੱਚ ਪਤਾ ਲਗੇਗਾ ਕਿ ਉਹਨਾਂ ਨੇ ਸਮਾਨਤਾ ਅਤੇ ਧਾਰਮਿਕ ਸਹਿਣਸ਼ੀਲਤਾ ਬਾਰੇ ਉਪਦੇਸ਼ ਦਿਤਾ ਹੈ ਤਾਂ ਉਨ੍ਹਾਂ ਦੇ ਜੀਵਨ ਅਤੇ ਯੋਗਦਾਨ ਪ੍ਰਤੀ ਬਹੁਤ ਸਤਕਾਰ ਪੈਦਾ ਹੋਵੇਗਾ।"

ਐਨਐਸਸੀ ਨੇ ਵਿਦਿਆਰਥੀਆਂ ਲਈ ਇੱਕ ਅਧਿਐਨ ਗਾਈਡ ਅਮਰੀਕਾ ਭਰ ਵਿੱਚ ਵੱਖ-ਵੱਖ ਯੂਨੀਵਰਸਿਟੀਆਂ ਲਈ ਇਸ ਦਸਤਾਵੇਜ਼ੀ ਫਿਲਮ ਨਾਲ ਮੁਹੱਈਆ ਕਰਵਾਉਣ ਦੀ ਯੋਜਨਾ ਬਣਾਈ ਹੈ। ਕਨੈਕਟੀਕਟ ਪਬਲਿਕ ਟੀਵੀ ਸਟੇਸ਼ਨ ਫਿਲਮ ਕੰਪਨੀ ਦੇ ਨਾਲ ਇਸ ਯਤਨ ਦਾ ਤਾਲਮੇਲ ਕਰੇਗੀ ਅਤੇ ਇਹ 200 ਤੋਂ ਵੱਧ ਟੀਵੀ ਸਟੇਸ਼ਨਾਂ 'ਤੇ ਦਿਖਾਇਆ ਜਾਵੇਗਾ।

ਐਨਐਸਸੀ ਨੇ 2017 ਵਿੱਚ ਸਿੱਖ ਪਹਿਚਾਨ ਦੀ ਜੀਣਕਾਰੀ ਵਧਾਉਣ ਲਈ ਇੱਕ ਸਫਲ ਟੀਵੀ ਇਸ਼ਤਿਹਾਰ ਮੁਹਿੰਮ 'ੲ ਓਰਏ 'ਕਿਹ' ਚਲਾਈ ਸੀ ਅਤੇ ਉਸਨੇ ਓਬਾਮਾ ਦੀ ਮੀਡੀਆ ਟੀਮ, ਬੁਸ਼ ਦੀ ਮਾਰਕੀਟਿੰਗ ਟੀਮ ਅਤੇ ਅਮਰੀਕਾ ਵਿੱਚ ਸਿੱਖਾਂ ਅਤੇ ਸਿੱਖ ਪਛਾਣ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕਲਿੰਟਨ ਦੀ ਰਣਨੀਤੀ ਟੀਮ ਦੀਆਂ ਸੇਵਾਵਾਂ ਲਈਆਂ ਸਨ।

ਇਸ ਪ੍ਰਚਾਰ ਮੁਹਿੰਮ ਨੂੰ ਪੀ.ਆਰ. ਵੀਕ ਦੁਆਰਾ ਸੁਨੇਹੇ ਦੀ ਪ੍ਰਭਾਵਸ਼ੀਲਤਾ ਲਈ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਐਨਐਸਸੀ ਆਉਣ ਵਾਲੇ ਸਾਲ ਵਿਚ ਇਸ ਮੁਹਿੰਮ ਦੇ ਇਕ ਹੋਰ ਪੜਾਅ ਦੀ ਵੀ ਯੋਜਨਾ ਬਣਾ ਰਹੀ ਹੈ।


## SRI GURU RAVIDASS SABHA (CA)

**2150 CRESTVIEW DRIVE, Pittsburg CA 94565 Tel: (925) 439-2355**

**Programs at Sri Guru Ravidass Temple Pittsburg in October- November 2018**

**October 21, 2018** Sukhmani Sahib Path and Langar Sewa by Gurughar***

**October 28, 2018**
Sri Sukhmani Sahib Path and Langar Sewa by
Harjit Singh Rattu & Saroj Rattu

Sri Sukhmani Sahib Path and Langar Sewa will be hosted by Harjit Singh Rattu and Saroj Rattu in celebration of their daughter (Granddaughter of Bhai Harbans Rattu and Bibi Gyan Kaur Rattu) Neha Rattu's 5th Birthday. May Waheguru bless Neha Rattu with happy healthy and long life.




**November 7, 2018 (Wednesday) - Diwali Celebrations**

Ramesh Suman, Gyan Suman and family will host Diwali celebration in Gurughar. Sukhmani Sahib Path will start at 6:00 PM. After, Sukhmani Sahib path and Kirtan; Parsad, sweets and GURU KA LANGAR will be served. Please bring a candle to light that day.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |
| | 925-366-3618 | 408-460-0262 | 209-834-4641 | 408-718-2506 |

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੱਚਿਆਂ ਦੇ ਜਨਮ ਦਿਨ ਧਾਰਮਿਕ ਰੀਤੀ-ਰਿਵਾਜ ਮੁਤਾਬਕ ਮਨਾਏ ਗਏ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸਵ. ਬਖਸ਼ੀ ਰਾਮ ਭਾਟੀਆ ਜੀ, ਬੀਬੀ ਸਵ. ਧੰਨ ਕੌਰ ਜੀ, ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ ਗੁਰੂ ਘਰ), ਬੀਬੀ ਸੰਧਿਆ ਭਾਟੀਆ ਸਮੇਤ ਸ. ਚਰਨ ਸਿੰਘ ਵਡਭੱਗਾ, ਬੀਬੀ ਗੁਰਦੀਪ ਕੌਰ ਵਡਭਗਾ ਜੀ ਨੇ ਆਪਣੇ ਬੱਚੇ ਕਾਕਾ ਬ੍ਰਹਮ ਭਾਟੀਆ, ਬੇਟੀ ਅਨਮੋਲ ਭਾਟੀਆ ਜੀ ਦੇ ਜਨਮ ਦਿਨ ਬੀਤੀ 21 ਅਕਤੂਬਰ ਦਿਨ ਐਤਵਾਰ ਨੂੰ ਮਨਾਏ ਗਏ, ਜਿਸ ਵਿਚ 21 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ। ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਬੀਬੀ ਅਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਗ੍ਰੰਥੀ ਭਾਈ ਕ੍ਰਿਸ਼ਨ ਜੀ, ਭਾਈ ਗੁਰਦੇਵ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਗੁਰਬਾਣੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਨਿਭਾਈ। ਭਾਈ ਸਤਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਵੀ ਆਪਣੇ ਵਿਚਾਰ ਸੰਗਤਾਂ ਦੇ ਸਨਮੁਖ ਰੱਖੇ।



ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਰਾਮ ਸੇਵਕ ਭਾਟੀਆ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਇਸ ਸਮਾਗਮ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਅੰਤ ਵਿਚ ਗੁਰੂ ਘਰ ਦ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

### ਬੱਚਿਆਂ ਦੇ ਜਨਮ ਦਿਨ ਮਨਾਏ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸ. ਸਤਪਾਲ ਸਿੰਘ, ਬੀਬੀ ਮਨਮੀਤ ਕੌਰ ਜੀ ਵੱਲੋਂ ਆਪਣੇ ਬੇਟੇ ਮਨਮੀਤ ਸਿੰਘ ਜੀ, ਕਾਕਾ ਪ੍ਰਭਜੋਤ ਸਿੰਘ ਜੀ ਦੇ ਜਨਮ ਦਿਨ ਮਿਤੀ 20 ਅਕਤੂਬਰ ਦਿਨ ਸਨਿਚਰਵਾਰ ਨੂੰ ਮਨਾਏ ਗਏ, ਜਿਸ ਵਿਚ 20 ਅਕਤੂਬਰ ਦਿਨ ਸਨਿਚਰਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦ ਪਾਠ ਕਰਵਾਏ ਗਏ।ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਸਤਪਾਲ ਸਿੰਘ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



### ਦੇਹ ਅਰੋਗਤਾ ਲਈ ਸੁਖਮਨੀ ਸਾਹਿਬ ਦੇ ਪਾਠ ਕਰਵਾਏ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸ. ਰਾਜਵਿੰਦਰ ਸਿੰਘ ਜੀ, ਬੀਬੀ ਹਰਦੀਪ ਕੌਰ ਜੀ ਨੇ ਆਪਣੇ ਪਿਤਾ ਸ. ਮੇਜਰ ਸਿੰਘ ਜੀ ਦੀ ਦੇਹ ਅਰੋਗਤਾ ਲਈ ਮਿਤੀ 20 ਅਕਤੂਬਰ ਦਿਨ ਸਨਿਚਰਵਾਰ ਸ਼ਾਮ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ। ਜਿਸ ਵਿਚ ਸਨਿਚਰਵਾਰ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਅਤੇ ਸ੍ਰੀ ਸੁਖਮਨੀ ਸਾਹਿਬ ਬਾਣੀਆਂ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਮੇਜਰ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

### ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ

ਗੁਰੂ ਪਿਆਰੀ ਸਾਧ ਸੰਗਤ ਜੀ, ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਤ ਸ਼੍ਰੋਮਣੀ ਸੰਤ ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ 9, 10, 11 ਨਵੰਬਰ ਦਿਨ ਸ਼ੁੱਕਰਵਾਰ, ਸਨਿਚਰਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਰਪ੍ਰਸਤੀ ਹੇਠ ਮਨਾਇਆ ਜਾ ਰਿਹਾ ਹੈ, ਜਿਸ ਵਿਚ ਮਿਤੀ 9 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 11 ਨਵੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾ ਵਾਚਕ ਹਰ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ:

ਸ੍ਰੀ ਦਲਵਿੰਦਰ ਰੱਲ (ਪ੍ਰਧਾਨ) 530-933-3938
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ) 530-713-1823
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370
ਸ੍ਰੀ ਸੁਸ਼ੀਲ ਕੁਮਾਰ ਸ਼ੀਲਾ 530-415-6743
ਸ੍ਰੀ ਵਿਜੈ ਕੁਮਾਰ 530-300-6208

## ਕਿਸਾਨ ਖ਼ੁਦਕੁਸ਼ੀ ਦੇ ਮੋੜ ਤੇ ਨਾਟਕ ਦੇ ਮੰਚਨ ਮੌਕੇ ਫਰੀਮੌਂਟ ਵਿਖੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ

**ਫਰੀਮੌਂਟ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ–** ਪੰਜਾਬ ਅੰਦਰ ਵੱਧ ਰਹੀਆਂ ਕਿਸਾਨ ਖ਼ੁਦ-ਕੁਸ਼ੀਆਂ ਦੇ ਮੱਦੇ-ਨਜ਼ਰ ਕੁਲਦੀਪ "ਦੀਪ" ਦਾ ਲਿਖਿਆ ਨਾਟਕ 'ਕਿਸਾਨ ਖ਼ੁਦਕੁਸ਼ੀ ਦੇ ਮੋੜ ਤੇ' ਦਾ ਸਫਲ ਮੰਚਨ ਫਰੀਮੌਂਟ ਸ਼ਹਿਰ ਦੇ ਪੈਰਾਡਾਈਸ ਬਾਲ ਰੂੰਮ ਹਾਲ ਵਿੱਚ ਕੀਤਾ ਗਿਆ, ਜਿੱਥੇ ਦਰਸ਼ਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚਕੇ ਇਸ ਨਾਟਕ ਦਾ ਅਨੰਦ ਮਾਣਿਆਂ।



ਇਸ ਨਾਟਕ ਦੇ ਪ੍ਰਡੂਸਰ ਤਾਰਾ ਸਿੰਘ ਸਾਗਰ ਹਨ ਅਤੇ ਇਸ ਨਾਟਕ ਨੂੰ ਡਾਈਰਿਕਟ ਉੱਘੇ ਨਿਰਦੇਸ਼ਕ ਤੇ ਐਕਟਰ ਅਸ਼ੋਕ ਟਾਂਗਰੀ ਦੁਆਰਾ ਕੀਤਾ ਗਿਆ 'ਤੇ ਇਸ ਨਾਟਕ ਵਿੱਚ ਅਸ਼ੋਕ ਟਾਂਗਰੀ ਅਤੇ ਹੋਰ ਲੋਕਲ ਕਲਾਕਾਰਾਂ ਨੇ ਬੜੀ ਸ਼ਿੱਦਤ ਨਾਲ ਆਪੋ ਆਪਣੇ ਰੋਲ ਨਿਭਾਏ। ਇਹ ਨਾਟਕ ਦਰਸ਼ਕਾਂ ਨੂੰ ਹਸਾਉਂਦਾ ਤੇ ਰਵਾਉਂਦਾ ਸਾਡੀਆਂ ਸਰਕਾਰਾਂ ਅਤੇ ਸਿਸਟਮ ਤੇ ਕਟਾਂਸ਼ਕ ਕਰਦਾ ਯਾਦਗਾਰੀ ਹੋ ਨਿਬੜਿਆ।

ਇਸ ਮੌਕੇ ਉਚੇਚੇ ਤੌਰ ਤੇ ਆਸ਼ਾ ਸ਼ਰਮਾਂ ਨੇ ਵੀ ਮੰਚ ਤੋਂ ਦਰਸ਼ਕਾਂ ਨੂੰ ਸੰਬੋਧਨ ਕੀਤਾ ਤੇ ਨਾਟਕ ਦੇ ਪਾਤਰਾਂ ਦੀ ਤਰੀਫ਼ ਕੀਤੀ। ਅਖੀਰ ਨੂੰ ਅਮਿੱਟ ਪੈੜਾਂ ਛੱਡਦਾ ਇਹ ਨਾਟਕ ਯਾਦਗਾਰੀ ਹੋ ਨਿਬੜਿਆ।

## Matrimonials

**ਲੜਕੀ ਦੀ ਲੋੜ**

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ।
ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

---------------------

**ਲੜਕੀ ਦੀ ਲੋੜ**

ਵਾਲਮੀਕ ਭਾਈਚਾਰੇ ਨਾਲ ਸਬੰਧਤ 26 ਸਾਲਾ ਸਾਫਟਵੇਅਰ ਇੰਜੀਨੀਅਰ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ-ਲਿਖੀ, ਸੁਸ਼ੀਲ ਲੜਕੀ ਦੀ ਲੋੜ ਹੈ। ਲੜਕੇ ਦੇ ਚਾਚਾ ਜੀ ਅਮਰੀਕਾ ਵਿਚ ਰਹਿ ਰਹੇ ਹਨ। ਹੋਰ ਜਾਣਕਾਰੀ ਲਈ ਚਾਹਵਾਨ ਸੰਪਰਕ ਕਰੋ: 209 242 3642

-------------------------

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND)
Presently on Teaching job in Pvt.Inst. Contact NRI only.
Minimum Degree (Med/Non-Med/Engg.)
Doaba Area Preffered
Family Detail: Father: Civil Engineer, Mother: House Wife
2 Brothers: (Civil Engineers)
Cell: +91-9877505351, WhatsApp: +91-8054208733

* ਦੇਸ਼ ਦੁਆਬਾ ਵਿਚ ਹੁਣ ਤੱਕ ਛਾਪੇ ਜਾਂਦੇ ਰਹੇ ਮੈਟਰੀਮੋਨੀਅਲ ਮੁਫਤ ਹਨ ਅਤੇ ਇਹ ਸਹੂਲਤ ਇਸ ਸਾਲ ਦੇ ਅਖੀਰ ਤੱਕ ਜਾਰੀ ਰਹੇਗੀ।
* ਸਬੰਧਤ ਧਿਰਾਂ ਦਿੱਤੀ ਜਾਂਦੀ ਜਾਣਕਾਰੀ ਲਈ ਉਹ ਖੁਦ ਜ਼ਿੰਮੇਵਾਰ ਹੋਣਗੀਆਂ, ਅਦਾਰਾ 'ਦੇਫ ਦੁਆਬਾ' ਦੇ ਸਬੰਧਤ ਬੋਰਡ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਸਿਹਤ ਵਿਭਾਗ ਵੱਲੋਂ ਮਠਿਆਈਆਂ ਦੀਆਂ ਦੁਕਾਨਾਂ 'ਤੇ ਛਾਪੇ

ਜਲੰਧਰ- ਸਿਹਤ ਵਿਭਾਗ ਦੀ ਟੀਮ ਨੇ ਮੁੱਖ ਬਾਜ਼ਾਰਾਂ ਵਿਚ ਮਠਿਆਈ ਦੀਆਂ ਦੁਕਾਨਾਂ 'ਤੇ ਛਾਪਾ ਮਾਰ ਕੇ ਸੈਂਪਲ ਭਰੇ। ਸਿਹਤ ਵਿਭਾਗ ਦੀ ਟੀਮ ਵੱਲੋਂ ਸੈਂਪਲ ਭਰਨ ਦੀ ਗੱਲ ਸ਼ਹਿਰ 'ਚ ਅੱਗ ਵਾਂਗ ਫੈਲ ਗਈ, ਜਿਸ ਦੇ ਡਰ ਤੋਂ ਵੱਖ-ਵੱਖ ਮਿਠਾਈ ਦੀਆਂ ਦੁਕਾਨਾਂ ਦੇ ਮਾਲਕ ਦੁਕਾਨਾਂ ਬੰਦ ਕਰਕੇ ਪਾਸੇ ਹੋ ਗਏ। ਡੀ.ਐਚ.ਓ. ਡਾ.ਰਾਜਬੀਰ ਸਿੰਘ ਕੰਗ ਅਤੇ ਫੂਡ ਸੇਫ਼ਟੀ ਅਫ਼ਸਰ ਅਨਿਲ ਕੁਮਾਰ ਦੀ ਅਗਵਾਈ ਹੇਠ ਟੀਮ ਨੇ ਥੰਮਨ ਸਵੀਟ, ਮਦਨ ਸਵੀਟ ਅਤੇ ਢਾਹਰੀ ਸਵੀਟ ਤੋਂ ਮਠਿਆਈ ਦੇ ਸੈਂਪਲ ਲਏ। ਇਸ ਮੌਕੇ ਡਾ.ਕੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੁਕਾਨਦਾਰਾਂ ਨੂੰ ਹਦਾਇਤ ਦਿੰਦਿਆਂ ਦੁਕਾਨਾਂ ਅਤੇ ਸਮਾਨ ਬਣਾਉਣ ਵਾਲੀ ਥਾਂ 'ਤੇ ਸਾਫ਼-ਸਫ਼ਾਈ ਰੱਖਣ ਲਈ ਕਿਹਾ। ਉਨ੍ਹਾਂ ਦੁਕਾਨਦਾਰਾਂ ਨੂੰ ਕਿਸੇ ਤਰ੍ਹਾਂ ਦੀ ਮਿਲਾਵਟ ਨਾ ਕਰਨ ਬਾਰੇ ਵੀ ਕਿਹਾ। ਉਨ੍ਹਾਂ ਦੱਸਿਆ ਕਿ ਲਏ ਗਏ ਸੈਂਪਲ ਲੈਬ 'ਚ ਭੇਜ ਦਿੱਤੇ ਜਾਣਗੇ ਅਤੇ ਰਿਪੋਰਟ ਆਉਣ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

ਦੇਸ਼ ਦੁਆਬਾ

## ਧਰਮ ਪ੍ਰੀਵਰਤਨ ਦੇ ਸੁਨਹਿਰੀ ਸਾਲ ਦੀ ਯਾਦ ’ਚ

# ਬੋਧੀ ਖੋਜ ਕੇਂਦਰ ਦੀ ਸਥਾਪਨਾ

ਮਿਤੀ 14 ਅਕਤੂਬਰ 1956 ਨੂੰ ਅਸ਼ੋਕ ਵਿਜੈ ਦਸਮੀ ਦੇ ਸ਼ੁਭ ਦਿਹਾੜੇ, ਬਾਬਾ ਸਾਹਿਬ ਡਾ. ਅੰਬੇਡਕਰ ਸਾਹਿਬ ਨੇ ਆਪਣੇ 6,25000 (ਛੇ ਲੱਖ, ਪੱਚੀ ਹਜ਼ਾਰ) ਅਨੁਯਾਈਆਂ ਨੂੰ ਨਾਲ ਲੈ ਕੇ, ਨਾਗਪੁਰ ਦੀ ਦੀਖਸ਼ਾ ਭੂਮੀ ਵਿਖੇ ਮਹਾਤਮਾ ਬੁੱਧ ਦੀ ਮੂਰਤੀ ਸਾਹਵੇਂ ਬੁੱਧ ਧਰਮ ਦਾ ਪੱਲਾ ਫੜਿਆ ਸੀ। ਇਸ ਤਰ੍ਹਾਂ ਇਹ ਧਰਮ ਪ੍ਰੀਵਰਤਨ ਦਾ ਚੱਕਰ ਬਾਬਾ ਸਾਹਿਬ ਦੇ ਪਰਲੋਕ ਸਿਧਾਰਨ (6 ਦਸੰਬਰ 1956) ਤੱਕ ਭਾਰਤ ਦੇ ਅਨੇਕਾਂ ਖੇਤਰਾਂ ’ਚ ਚਲਦਾ ਰਿਹਾ।

ਇਹਨਾਂ ਮਹਾਨ ਸੁਨਹਿਰੀ ਘੜੀਆਂ ਦੇ ਫਲਸਰੂਪ ਵਜੋਂ ਭਾਰਤ ’ਚ ਬੋਧੀ ਸੰਖਿਆ ਬਹੁਤ ਤੇਜ਼ੀ ਨਾਲ ਵਧੀ। ਇਹ ਸੰਖਿਆ 1951-61 ਵਿਚ 0.05 ਫੀਸਦੀ ਤੋਂ 0.73 ਫੀਸਦੀ ਹੋ ਗਈ। ਭਾਵ 1951-61 ਵਿਚ ਬੋਧੀ ਸੰਖਿਆ 1670.71 ਸੀ। ਪਰ ਇਸ ਸਮੇਂ ਭਾਰਤ ਦੀ ਕੁੱਲ ਸੰਖਿਆ ਵਿਚ ਵਾਧਾ ਕੇਵਲ 20,51 ਫੀਸਦੀ ਸੀ।

ਇਹ ਅਦਭੁਤ ਅਤੇ ਇਤਿਹਾਸਕ ਪ੍ਰੀਵਰਤਨ ਐਵੇਂ ਅਚਾਨਕ ਅਤੇ ਬਿਨਾਂ ਵਿਚਾਰਸ਼ੀਲਤਾ ਤੋਂ ਨਹੀਂ ਹੋ ਗਿਆ ਸੀ, ਸਗੋਂ ਇਹ 21 ਵਰ੍ਹਿਆਂ ਦੀ ਅਣਥੱਕ ਮਿਹਨਤ ਦਾ ਫਲਸਰੂਪ ਸੀ। ਮਿਤੀ 13 ਅਕਤੂਬਰ 1935 ਨੂੰ ਯੋਲਾਪੁਰ ਜ਼ਿਲ੍ਹਾ ਨਾਸਕ ਦੀ ਰੰਗਭੂਮੀ ਵਿਖੇ ਡਾ. ਅੰਬੇਡਕਰ ਸਾਹਿਬ ਨੇ ਇਹ ਸੰਕਲਪ ਲਿਆ ਸੀ ਕਿ ਉਹ ਹਿੰਦੂ ਧਰਮ ’ਚ ਪੈਦਾ ਜ਼ਰੂਰ ਹੋਏ ਹਨ ਪਰ ਹਿੰਦੂ ਧਰਮ ’ਚ ਮਰਨਗੇ ਨਹੀਂ। ਇਹ ਬਾਬਾ ਸਾਹਿਬ ਦੀ ਮਹਾਨਤਾ ਦਾ ਪ੍ਰਤੀਕ ਹੈ ਕਿ ਉਹ ਕਥਨੀ ਅਤੇ ਕਰਨੀ ਦੇ ਧਨੀ ਸਨ। ਇਸ ਕਰਕੇ 1935 ਤੋਂ ਹੀ ਇਹ ਸੰਕਲਪ ਉਨ੍ਹਾਂ ਦੇ ਮਨ ਵਿਚ ਸਦਾ ਖਟਕਦਾ ਰਹਿੰਦਾ ਸੀ। ਇਸ ਲਈ ਹਰ ਸਮੇਂ ਇਸ ਪ੍ਰਤੀ ਸੋਚਦੇ ਰਹਿੰਦੇ ਸਨ ਅਤੇ ਆਪਣੇ ਸਾਥੀਆਂ ਨੂੰ ਤਿਆਰ ਕਰਦੇ ਰਹਿੰਦੇ ਸਨ। ’ਬੁੱਧਾ ਅਤੇ ਉਸ ਦਾ ਧਰਮ’ ਨਾਂ ਦੀ ਪੁਸਤਕ ਦੀ ਭੂਮਿਕਾ ਤੋਂ ਉਹਨਾਂ ਦੇ ਦ੍ਰਿੜ੍ਹ ਅਕੀਦੇ ਦੀ ਪ੍ਰਪੱਕਤਾ ਸਪਸ਼ਟ ਭਾਂਪਦੀ ਹੈ ਕਿ ਉਹ ਆਪਣੇ ਮੰਤਵ ਪ੍ਰਤੀ ਕਿੰਨੇ ਦੂਰਦਰਸ਼ੀ ਅਤੇ ਦਿਆਨਤਦਾਰ ਸ਼ਰਧਾਲੂ ਸਨ। ਜਿਸ ਨੂੰ ਉਨ੍ਹਾਂ ਨੇ 5 ਦਸੰਬਰ 1956 ਨੂੰ ਰਚਿਆ ਸੀ ਤਾਂ ਅਗਲੇ ਦਿਨ ਆਪ ਪ੍ਰਲੋਕ ਚੱਲ ਵੱਸੇ।

### ਪਰ ਆਪ ਦੀ ਮੌਤ ਪਿੱਛੋਂ ਕੀ ਵਾਪਰਿਆ?

ਆਰੰਭ ਵਿਚ ਮਹਾਰਾਸ਼ਟਰਾ ਵਿਖੇ ਇੱਕਾ-ਦੁੱਕਾ ਧਰਮ ਪਰਿਵਰਤਨ ਦੀ ਘਟਨਾਵਾਂ ਵਾਪਰੀਆਂ, ਵਿਸ਼ੇਸ਼ ਕਰਕੇ 1971 ਦੀ ਜਨਗਣਨਾ (ਮਰਦਮਸ਼ੁਮਾਰੀ) ’ਚ ਇਹ ਲਹਿਰ ਥੱਲੇ ਡਿੱਗਦੀ ਗਈ। ਅੰਕੜਿਆਂ ਤੋਂ ਇਸ ਦੀ ਨਾਮਾਤਰ ਝਲਕ ਜਿਹੀ ਪੈਂਦੀ ਹੈ। ਸੰਨ 1971 ’ਚ ਬੋਧੀ ਸੰਖਿਆ 0.73 ਫੀਸਦੀ ਤੋਂ 0.70 ਫੀਸਦੀ ਰਹਿ ਗਈ। ਇਸੇ ਤਰ੍ਹਾਂ ਸੰਨ 1961-71 ਵਿਚ ਡਿੱਗ ਕੇ 17.29 ਫੀਸਦੀ ਰਹਿ ਗਈ। ਜੇਕਰ ਭਾਰਤ ਦੀ ਕਿਸੇ ਹੋਰ ਤਬਕੇ ਨਾਲ ਇਸ ਦੀ ਤੁਲਨਾ ਕਰੀਏ ਤਾਂ ਇਹ ਬਹੁਤ ਘੱਟ ਸੀ। ਇਸ ਦੇ ਨਾਲ ਹੀ ਬਾਬਾ ਸਾਹਿਬ ਦੇ ਬੋਧੀ ਅਨੁਯਾਈਆਂ ਵਿਚ ਵੀ ਗਿਣਾਤਮਿਕ ਅਤੇ ਗੁਣਾਤਮਕ ਗਿਰਾਵਟ ਆਈ ਸੀ।

ਇੱਥੋਂ ਤੱਕ ਕਿ ਮਹਾਨ ਇਤਿਹਾਸਕ ਬੁੱਧ ਧਰਮ ਪ੍ਰੀਵਰਤਨ ਸਮੇਂ ਬਾਬਾ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਸੁਚੇਤ ਕਰਦੇ ਹੋਏ ਆਖਿਆ ਸੀ:-

’’ਸਾਨੂੰ ਇਸ ਲਹਿਰ ਨੂੰ ਪ੍ਰਗਤੀਸ਼ੀਲਤਾ ਵੱਲ ਲੈ ਜਾਣ ਲਈ ਕਠਿਨ ਮਿਹਨਤ ਕਰਨੀ ਪਵੇਗੀ। ਬੁੱਧ ਧਰਮ ਧਾਰਨ ਕਰਨ ਪਿੱਛੋਂ ਸਾਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਵੇਗਾ। ਅਸੀਂ ਸਥਿਤੀ ਨੂੰ ਕਿਵੇਂ ਟਕਰਾਉਣਾ ਹੈ? ਅਸੀਂ ਸਾਹਮਣੇ ਆਈਆਂ ਔਕੜਾਂ ਦਾ ਕਿਵੇਂ ਬਹਾਦਰੀ ਨਾਲ ਟਾਕਰਾ ਕਰਨਾ ਹੈ? ਮੇਰੇ ਕੋਲੇ, ਸਾਹਮਣੇ ਆਈਆਂ ਔਕੜਾਂ ਨੂੰ ਟਕਰਾਉਣ ਲਈ ਬਹੁਤ ਸ਼ਕਤੀ ਅਤੇ ਪਦਾਰਥਕ ਧਾਤੂ ਹਨ। ਬੇਸ਼ੱਕ, ਮੇਰੀ ਮੌਤ ਪਿੱਛੋਂ ਕੁਝ ਵਾਪਰੇ, ਮੈਂ ਕਹਿ ਨਹੀਂ ਸਕਦਾ?’’

ਅਸੀਂ ਵੇਖਦੇ ਹਾਂ ਕਿ ਬਾਬਾ ਸਾਹਿਬ ਦੇ ਪ੍ਰਲੋਕ ਸਿਧਾਰਨ ਪਿੱਛੋਂ ਬੋਧੀ ਲਹਿਰ ਦੀ ਉਨਤੀ ਲਈ ਕੁਝ ਨਹੀਂ ਕੀਤਾ ਗਿਆ। ਧਰਮ ਪ੍ਰੀਵਰਤਨ ਦੀ ਲਹਿਰ ਸਾਹਵੇਂ ਜੋ ਵੀ ਔਕੜਾਂ ਆਈਆਂ, ਉਹਨਾਂ ਦਾ ਸਮਾਧਾਨ (ਹੱਲ) ਨਹੀਂ ਲੱਭਿਆ ਗਿਆ। ਸੋ ਬੁੱਧ ਧਰਮ ਦੀ ਲਹਿਰ ਨੂੰ ਚੜ੍ਹਦੀ ਕਲਾ ਵੱਲ ਲੈਣ ਲਈ, ਇਕ ਬੋਧੀ ਭਿਖਸ਼ੂਆਂ (ਕਾਰਜ ਕਰਤਾਵਾਂ) ਦੇ ਵੱਡੇ ਟੋਲੇ ਦੀ ਲੋੜ ਹੈ। ਇਸ ਤਰ੍ਹਾਂ ਜੋ ਵੀ ਉਦਮ ਕੀਤਾ ਜਾਵੇ, ਉਹ ਇਕ ਬਹੁਤ ਸੁਯੋਗ ਅਤੇ ਸਹਿਜ ਕਦਮ ਹੋਣਾ ਚਾਹੀਦਾ ਹੈ। ਪਿਛਲੇ 25 ਸਾਲਾਂ ਤੋਂ ਬਹੁਤ ਸੰਸਥਾਵਾਂ ਅਤੇ ਵਿਅਕਤੀਆਂ ਨੇ ਉਪਰਾਲੇ ਕੀਤੇ ਹਨ ਪਰ ਪ੍ਰਾਪਤੀਆਂ ਕੁਝ ਨਹੀਂ ਹੋਈਆਂ। ਤਾਂ ਫਲਸਰੂਪ ਵਜੋਂ, ਬੁੱਧ ਧਰਮ ਪ੍ਰੀਵਰਤਨ ਦੇ ਉਸ ਸੁਨਹਿਰੀ ਸਾਲ ਪਿੱਛੋਂ ਭਾਰਤ ’ਚ ਬੁੱਧ ਧਰਮ ਨੂੰ ਸੁਰਜੀਤ ਕਰਨਾ ਅਸੰਭਵ ਕੰਮ ਹੋ ਗਿਆ। ਇਸ ਲਈ ਇਸ ਸਾਲ, ਸੁਨਹਿਰੀ ਸਾਲ ਸਧਾਰਨ ਪਿਰਤ ਵਜੋਂ ਮਨਾਇਆ ਜਾ ਰਿਹਾ ਹੈ।

ਪਰ ਇਸ ਸਾਰੇ ਕੁਝ ਤੋਂ, ਇਕ ਨਵੇਂ ਬੋਧੀ ਖੋਜ ਕੇਂਦਰ ਦੀ ਲੋੜ ਅਨੁਭਵ ਹੁੰਦੀ ਹੈ। ਤਾਂ ਅਜਿਹੇ ਖੋਜ ਕੇਂਦਰ ਦੀ ਤੁਰੰਤ ਲੋੜ ਅਨੁਭਵ ਹੁੰਦੀ ਹੈ, ਜੋ ਅਟੱਲ ਅਤੇ ਅਚੁੱਕ ਹੈ।

ਬੁੱਧ ਖੋਜ ਕੇਂਦਰ ਦੇ ਖੇਤਰ (ਮੰਤਵ) ਨੂੰ ਦ੍ਰਿਸ਼ਟੀਗੋਚਰ ਕਰਦੇ ਹੋਏ, ਤਿੰਨ ਵੱਡੀਆਂ ਗੱਲਾਂ ਦੀ ਨਿਰਭਰਤਾ ਅਨੁਭਵ ਹੁੰਦੀ ਹੈ::

1. ਲੋੜ, 2. ਚਾਹਨਾ (ਭਾਵਨਾ) ਅਤੇ 3. ਸ਼ਕਤੀ

ਸਾਡੀ ਤੁਰੰਤ ਲੋੜ ਅਤੇ ਚਾਹਨਾ ਹੈ ਕਿ ਪੱਚੀ ਸਾਲਾਂ ਤੋਂ ਬੁੱਧ ਧਰਮ ਲਹਿਰ ਦੀ ਉਨਤੀ ਵਿਚ ਅਸਫਲਤਾ ਦੇ ਕੀ ਕਾਰਨ ਹਨ। ਤਾਂ ਆਪਣੀ ਭਾਵਨਾ ਅਤੇ ਸ਼ਕਤੀ ਨੂੰ ਮਨ ਵਿਚ ਸਮੋਂਦੇ ਹੋਏ ਆਉਣ ਵਾਲੇ ਸਾਲ ਵਿਚ ਸੰਸਥਾ ਦੀ ਜਥੇਬੰਦੀ ਅਤੇ ਵਿਧਾਨ ਨੂੰ ਵਿਚਾਰਨਾ ਹੈ। ਇਸ ਸਬੰਧ ਵਿਚ ਹੋਈ ਅਸਫਲਤਾ ਨੂੰ ਦ੍ਰਿਸ਼ਟੀਗੋਚਰ ਕਰਨਾ ਹੈ ਅਤੇ ਸੰਸਥਾ ਦੀ ਕਾਰਜ ਵਿਧੀ ਨੂੰ ਸੋਧਣਾ ਹੈ। ਇਸ ਖੇਤਰ ’ਚ ਜੋ ਵਿਅਕਤੀ ਕੰਮ ਕਰਦੇ ਹਨ, ਉਹਨਾਂ ਨੂੰ ਵਾਚਣਾ ਹੈ। ਫਿਰ ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ’ਚ ਮਹਾਵਾਰ ਪੱਤਰਕਾਵਾਂ ਸ਼ੁਰੂ ਕਰ ਸਕਦੇ ਹੋ ਜੋ ਅੱਡੋ ਅੱਡ ਸੰਸਥਾਵਾਂ ਅਤੇ ਕਾਰਜ ਕਰਤਾਵਾਂ ਵਿਚਕਾਰ ਸੁਮੇਲ ਪੈਦਾ ਕਰ ਸਕਣ। ਇਸ ਸਬੰਧ ਵਿਚ ਵਾਦ-ਵਿਵਾਦ ਬੈਠਕਾਂ ਅਰੰਭੀਆਂ ਜਾ ਸਕਦੀਆਂ ਹਨ, ਜਿਨ੍ਹਾਂ ਤੋਂ ਇਸ ਲਹਿਰ ਦੀ ਉਨਤੀ ਨੂੰ ਅਨੁਮਾਨਿਆ ਜਾ ਸਕਦਾ ਹ।

ਇਸ ਤਰ੍ਹਾਂ ਦਾ ਪ੍ਰੋਗਰਾਮ ਆਰੰਭ ਕੇ ਬਹੁਤ ਸਾਰੀਆਂ ਬੋਧੀ ਸੰਸਥਾਵਾਂ ਨੂੰ ਇਕ ਸਾਲ ਲਈ ਮੌਕਾ ਦੇਣਾ ਚਾਹੀਦਾ ਹੈ ਤਾਂ ਜੋ ਬੁੱਧ ਖੋਜ ਕੇਂਦਰ ਨੂੰ ਹੋਰ ਵਧਾਇਆ ਜਾਵੇ। ਸੋ ਸਾਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਹੋਰ ਦੂਜੀਆਂ ਬੋਧੀ ਸੰਸਥਾਵਾਂ ਇਸ ਬੁੱਧ ਖੋਜ ਕੇਂਦਰ ਤੋਂ ਸਹਾਇਤਾ ਪ੍ਰਾਪਤ ਕਰਕੇ ਇਸ ਮੰਤਵ ਉਸਾਰੀ ਵੱਲ ਵਧਣਗੀਆਂ।

**ਬਹੁਜਨ ਸੰਦੇਸ਼ ਦੀ 14 ਅਕਤੂਬਰ ਸਬੰਧਤ ਇਕ ਸੰਪਾਦਕੀ**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-85

## ਕਾਲ ਬਾਰੇ ਗੁਰਮਤਿ ਨਜ਼ਰੀਆ



ਅਵਤਾਰ ਸਿੰਘ ਮਿਸ਼ਨਰੀ
510-432-5827

ਕਾਲ-ਇਹ ਸੰਸਕ੍ਰਿਤ ਦਾ ਸ਼ਬਦ ਤੇ ਪ੍ਰਕਰਣ ਅਨੁਸਾਰ ਇਸ ਦੇ ਅਰਥ ਵੱਖ ਵੱਖ ਹਨ। ਕਾਲ-ਸਮਾਂ, ਵੇਲਾ, ਪ੍ਰਭੂ ਅੰਤ ਸਮੇ ਵੀ ਸਹਾਈ ਹੋਏ ਜੋ ਇੱਥੇ-ਓਥੇ (ਹਰ ਥਾਂ) ਰਖਵਾਲੇ ਹਨ-ਅੰਤਿ ਕਾਲ ਪ੍ਰਭ ਭਏ ਸਾਹਾਈ ਇਤ ਉਤ ਰਾਖਣਹਾਰੇ॥ (ਆਸਾ ੫-੩੯੨) ਕਾਲ-ਮੌਤ, ਜਮ-ਜਿਨਾ ਸਤੁਗੁਰੁ ਪੁਰਖ ਨ ਭੇਟਿਓ ਸੇ ਭਾਗਹੀਣ ਵਸਿ ਕਾਲ॥(ਸਿਰੀ ੪-੪੦) ਮਤਲਵ ਜਿੰਨਾਂ ਸਦੀਵ ਗੁਰੂ ਦੇ ਸਿਧਾਂਤ ਨੂੰ ਨਹੀਂ ਸਮਝਿਆ ਉਹ ਭਾਗ ਹੀਣ (ਮਾੜੇ ਕਰਮਾਂ) ਵਾਲੇ ਅੰਤ ਨੂੰ ਨਿਹਫਲ ਜਾਂਦੇ ਮੌਤ ਵੱਸ ਪੈ ਜਾਂਦੇ ਤੇ "ਕਾਲ ਕੰਨਿਆ ਗ੍ਰਾਸਤੇ॥(੧੩੫੯) ਰੂਪ ਮੌਤ ਉਨ੍ਹਾਂ ਨੂੰ ਗ੍ਰਸ ਲੈਂਦੀ ਹੈ। ਕਾਲ-ਕਾਲ ਦਾ ਘਰ ਸੰਸਾਰ, ਸੰਸਾਰ ਰੂਪੀ ਮੌਤ ਦੇ ਘਰ ’ਚ ਖਾਂਦੇ, ਮਾਣਦੇ, ਸੁਣਦੇ, ਵੇਖਦੇ, ਪਹਿਨਦੇ ਅਤੇ ਅਡੰਬਰ ਕਰਦੇ ਮੌਤ ਦੇ ਘਰ ਚਲੇ ਜਾਂਦੇ ਹਨ-ਖਾਵੈ ਭੋਗੈ ਸੁਣਿ ਸੁਣਿ ਦੇਖੈ, ਪਹਿਰਿ ਦਿਖਾਵੈ ਕਾਲ ਘਰੇ॥(ਮਾਰੂ ੧-੧੦੧੪) ਕਾਲ-ਜਨਮ ਸਮਾ-ਜਨਮ-ਮਰਨ ਦਾ ਡਰ, ਸ਼ਬਦ (ਗਿਆਨ) ਦੁਆਰਾ ਨਾਸ ਹੋ ਜਾਂਦਾ ਹੈ-ਕਾਲ ਬਿਕਾਲ ਸਬਦਿ ਭਏ ਨਾਸ॥(ਬਿਲਾ ੧-੮੩੨) ਕਾਲ-ਦੁਰਭਿੱਖ, ਦੁਕਾਲ ਭਾਵ ਜਦ ਅੰਨ-ਦਾਣਾ, ਖਾਣ-ਪੀਣ ਪਦਾਰਥ ਖਤਮ ਹੋ ਜਾਣ-ਕਾਲ ਗਵਾਇਆ ਕਰਤੇ ਆਪਿ॥(ਮਲਾਰ ੫) ਕਾਲ-ਕਾਲਸ (ਕਾਲਖ) ਸਿਆਹੀ,ਬੁਰੇ ਕਰਮਾਂ ਦੀ ਕਾਲਖ ਬੁੱਧੀ ਤੇ ਲੱਗ ਜਾਂਦੀ ਹੈ-ਕਾਲ ਮਤਿ ਲਾਗੀ॥(ਸ਼੍ਰੀ ਬੇਣੀ) ਤੇ ਨਿੰਦਕਾਂ (ਸੱਚ ਨੂੰ ਝੂਠ ਕਹਿਣ ਵਾਲਿਆਂ) ਦੇ ਮੂੰਹ, ਝੂਠ ਬੋਲ ਕੇ ਕਾਲੇ ਹੋ ਜਾਂਦੇ ਹਨ-ਨਿੰਦਕ ਕੇ ਮੁਖ ਹੋਏ ਕਾਲ॥(ਬਿਲਾ ੫) ਕਾਲ-ਕੱਲ੍ਹ, ਆਉਣ ਵਾਲਾ ਸਮਾਂ, ਜੋ ਵੀ ਪੈਦਾ ਹੋਇਆ ਉਹ ਅੱਜ ਨਹੀ ਤਾਂ ਕੱਲ੍ਹ ਨੂੰ ਬਿਨਸ ਜਾਣਾ ਹੈ-ਜੋ ਉਪਜਿਓ ਸੋ ਬਿਨਸ ਹੈ ਪਰੋ ਆਜੁ ਕੇ ਕਾਲ॥ (ਸਲੋਕ ੯) ਕਾਲ-ਵਿਆਕਰਣ ਅਨੁਸਾਰ ਕ੍ਰਿਆ ਦੇ ਵਾਪਰਨ ਦਾ ਸਮਾਂ (ਟੈਂਸ) ਜਿਵੇਂ ਵਰਤਮਾਨ-ਮੈਂ ਪੜ੍ਹਦਾ ਹਾਂ, ਭੂਤ-ਮੈਂ ਪੜ੍ਹਿਆ, ਭਵਿੱਖ-ਮੈਂ ਪੜ੍ਹਾਂਗਾ ਆਦਿਕ ਅਰਥ ਜੋ ਸਮੇਂ ਨਾਲ ਸਬੰਧ ਰੱਖਦੇ ਹਨ।

ਮੁੱਖ ਤੌਰ ਤੇ ਕਾਲ ਦਾ ਅਰਥ ਸਮਾਂ ਤੇ ਮੌਤ ਹੈ। ਸਮਾਂ-ਆਦਿ ਕਾਲ, ਮਧਿ ਕਾਲ ਤੇ ਅੰਤਿ ਕਾਲ-ਆਦਿ ਮਧਿ ਜੋ ਅੰਤਿ ਨਿਬਾਹੇ॥ ਸੋ ਸਾਜਨੁ ਮੇਰੋ ਮਨ ਚਾਹੇ॥( ਗਉੜੀ ੫-੨੪੦) ਸਮੇਂ ਅਨੁਸਾਰ ਦਿਨ ਚੜ੍ਹਦਾ, ਆਥਣ ਹੁੰਦੀ ਤੇ ਫਿਰ ਰਾਤ ਗੁਜਰਦੀ ਏ ਇਵੇਂ ਹੀ ਉਮਰ ਘਟਦੀ ਜਾਂਦੀ ਪਰ ਆਦਮੀ ਸਮਝਦਾ ਨਹੀਂ ਕਿ ਕਾਲ ਰੂਪੀ ਚੂਹਾ ਨਿਤ ਹੀ ਉਮਰ ਰੂਪੀ ਲੱਜ ਨੂੰ ਟੁੱਕੀ ਜਾ ਰਿਹਾ ਹੈ-ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ॥ ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥(ਸਿਰੀ ੪-੭੦) ਸਮੇਂ ਦਾ ਕੋਈ ਪਤਾ ਨਹੀਂ ਕਦ “ਅੰਤ ਕਾਲ” ਆ ਜਾਣਾ ਹੈ। ਇਸ ਲਈ ਹਰ ਸਮੇਂ ਰੱਬੀ ਗੁਣ ਗਾਉਂਦੇ ਰਹੋ, ਸਰੀਰ ਦਾ ਕੋਰੀ ਭਰੋਸਾ ਨਹੀਂ, ਦੇਰ ਨਾ ਲਗਾਓ ਕਿਉਂਕਿ ਕੋਈ ਪਤਾ ਨਹੀਂ ਇਹ ਸਮਾਂ ਬਚਪਨ, ਜਵਾਨੀ ਜਾਂ ਬਿਰਥ ਅਵੱਸਥਾ ’ਚ ਕਦ ਆ ਜਾਵੇ-ਗਗਾ ਗੋਬਿੰਦ ਗੁਣ ਰਵਹੁ ਸਾਸਿ ਸਿ ਜਪਿ ਨੀਤ॥ ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥ਉਹ ਬੇਰਾ ਨਹ ਬੂਝਐ ਜਉ ਆਇ ਪਰੈ ਜਮ ਫੰਧੁ॥(ਗਾਉੜੀ ੫-੨੫੪)

ਮੌਤ-ਜਿਵੇਂ ਕਲੋਲਾਂ ਕਰਦੀ ਮੱਛੀ ਨੂੰ ਅਚਿੰਤਾ ਜਾਲ ਪੈ ਜਾਂਦੈ ਇਵੇਂ ਹੀ ਭਾਈ ਮੌਤ ਦਾ ਜਾਲ ਪਤਾ ਨਹੀ ਕਦੋਂ ਪੈ ਜਾਣਾ ਹੈ-ਭਾਈ ਰੇ ਇਉਂ ਸਿਰਿ ਜਣਹੁ ਕਾਲੁ॥ ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥੧॥ਰਹਾਉ॥(ਸਿਰੀ ੧-੫੫) ਜੋ ਵੀ ਪੈਦਾ ਹੋਇਆ ਉਸ ਨੂੰ ਕਾਲ (ਮੌਤ) ਨੇ ਮਾਰਿਆ ਤੇ ਮਾਰਨਾ ਹੈ ਪਰ ਗੁਰੂ ਗਿਆਨ ਦੀ ਸਮਝ ਕਰਕੇ, ਸਾਨੂੰ ਹਰੀ ਨੇ ਮੌਤ ਦੇ ਡਰ ਤੋਂ ਬਚਾ ਲਿਆ-ਜੋ ਉਪਜੈ ਸੋ ਕਾਲਿ ਸੰਘਾਰਿਆ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ॥੧॥ (ਗਉੜੀ ੧-੨੨੭) ਜੋ ਜੰਮਿਆਂ, ਉਸ ਨੇ ਮਰਨਾ ਵੀ ਹੈ-ਜੋ ਜਨਮੈ ਸੋ ਜਾਨਹੁ ਮੂਆ॥ (ਆਸਾ ੫-੩੭੫)

ਗੁਰੂ ਗ੍ਰੰਥ ’ਚ ਇੱਕ ਸ਼ਬਦ "ਅੰਤ ਕਾਲ" ਦੇ ਸੰਧਰਭ ’ਚ ਆਉਂਦੈ, ਜਿਸ ’ਚ ਕੁਝ ਪ੍ਰਚਲਿਤ ਘਟਨਾਵਾਂ ਦਾ ਜ਼ਿਕਰ ਉਨ੍ਹਾਂ ਦੀ ਹੋਂਦ ਸਬੰਧਤ ਪ੍ਰਚਾਰੀ ਗਈ ਘਟਨਾ ’ਤੇ ਮੋਹਰ ਵਜੋਂ ਨਹੀਂ ਸਗੋਂ ਸਮਝਾਉਣ ਲਈ ਵਰਤੀਆਂ ਗਈਆਂ ਮਿਸਾਲਾਂ ਜਾਂ ਹਵਾਲੇ ਹਨ। ਜਦੋਂ ਗੁਰਬਾਣੀ ਦਾ ਰੱਬ ਅਕਾਲ ਹੈ ਤਾਂ ਪ੍ਰਚਲਿਤ ਹੋਏ ਕ੍ਰਿਸ਼ਨ, ਰਾਮਚੰਦਰ, ਸ਼ਿਵ, ਪਾਰਬਤੀ ਅਦਿ ਅਨੇਕਾਂ ਹੋਰਾਂ ਦਾ ਜ਼ਿਕਰ ਮਨੁੱਖਾਂ ਵਾਂਗ ਹੀ ਹੈ। ਗੁਰੂ ਗ੍ਰੰਥ ਵਿਖੇ ਅਸਲ ਉਪਦੇਸ਼ ਰਹਾਉ ਵਾਲੀ ਪੰਗਤੀ ’ਚ ਜਾਂ ਅਖੀਰ ’ਤੇ ਹੁੰਦਾ ਹੈ ਜਦ ਕਿ ਬਾਕੀ ਸਤਰਾਂ ਉਸ ਰਹਾਉ ਵਾਲੇ ਗੁਰ-ਸਿਧਾਂਤ ਦੀ ਵਿਆਖਿਆ ਤੇ ਪ੍ਰਚਲਿਤ ਮਾਨਤਾਵਾਂ ਵਜੋਂ ਉਦਾਹਰਣਾ ਹੁੰਦੀਆਂ ਹਨ ਜਿਵੇਂ-ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ਸਰਪ ਜੋਨਿ ਵਲਿ ਵਲਿ ਅਉਤਰੈ॥੧ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥ ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥ ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਸੂਕਰ ਜੋਨਿ ਵਲਿ ਵਲਿ ਅਉਤਰੈ॥੩॥ ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥੫॥ (੫੨੬) ਪਹਿਲੀ ਗੱਲ ਅਜਿਹੇ ਮਰਨ ਉਪ੍ਰੰਤ ਆਵਾਗਵਣ ਦਾ ਸਿਧਾਂਤ ਗੁਰਮਤਿ ’ਚ ਨਹੀ ਹੈ। ਗੁਰਮਤਿ ਮਰਨ ਮਗਰੋਂ ਨਹੀਂ ਸਗੋਂ ਜੀਂਦੇ ਜੀਅ ਆਵਾਗਵਣ ’ਚ ਫਸੇ ਮਨੁੱਖ ਨੂੰ ਸੁਚੇਤ ਕਰਦੀ ਹੈ। ਇਹ ਅੰਤ ਕਾਲ ਵਾਲੀਆਂ ਸਤਰਾਂ ਉਸ ਵੇਲੇ ਦੀਆਂ ਪ੍ਰਚਲਿਤ ਧਾਰਨਾਵਾਂ ਹਨ। ਭਗਤ ਤ੍ਰਿਲੋਚਨ ਜੀ ਉਨ੍ਹਾਂ ਦਾ ਜ਼ਿਕਰ ਕਰ, ਰਹਾਉ ਵਾਲੀ ਪੰਗਤੀ ਵਿੱਚ ਰੱਬ ਨੂੰ ਨਾ ਵਿਸਾਰਨ ਦੀ ਤਾਕੀਦ ਕਰਦੇ ਨੇ ਪਰ ਇਥੇ ਬਹੁਤੇ ਵਿਦਵਾਨ "ਬ੍ਰਾਹਮਣੀ-ਆਵਾਗਵਣ" ਨੂੰ ਹੀ ਸੱਚ ਜਾਣ ਬਹਿੰਦੇ ਹਨ। ਇਸੇ ਕਾਰਨ ਮਰਨ ਉਪ੍ਰੰਤ ਆਵਾਗਵਣ ਨੂੰ ਗੁਰੂ ਗ੍ਰੰਥ ਸਾਹਿਬ ਵਿਖੇ ਦਰਜ ਆਖ, ਬ੍ਰਾਹਮਣੀ ਪ੍ਰਚਾਰ ਕਰੀ ਜਾਂਦੇ ਹਨ। ਹੁਣ ਦੇਖਣਾ ਇਹੀ ਹੈ ਕਿ ਆਖਿਰ ਭਗਤ ਜੀ ਇਸ ਸ਼ਬਦ ਰਾਹੀਂ ਕਿਸ ਪ੍ਰਕਾਰ ਗੁਰਮਤਿ ਸਿਧਾਂਤ ਨੂੰ ਪ੍ਰਗਟ ਕਰ ਰਹੇ ਹਨ। ਇਹ ਠੀਕ ਉਸੇ ਤਰ੍ਹਾਂ ਹੈ ਜਿਵੇਂ ਪ੍ਰਮਾਣ ਵਜੋਂ ਵਰਤੇ ਸੂਹੀ ਰਾਗ ਵਿਚਲੇ ਫ਼ਰੀਦ ਜੀ ਦੇ ਸ਼ਬਦ ’ਚ ਬਾਬਾ ਫ਼ਰੀਦ ਜੀ ਚੇਤਾਵਣੀ ਦੇ ਰਹੇ ਹਨ-ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥ ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥ ਕਿ ਐ ਭਾਈ ਪ੍ਰਭੂ ਨੇ ਜੋ ਤੈਨੂੰ ਮਨੁੱਖਾ ਜਨਮ ਬਖਸ਼ਿਆ ਹੈ, ਜੇ ਇਸ ਦੀ ਸੰਭਾਲ ਨਾ ਕੀਤੀ ਤਾਂ ਚੇਤੇ ਰੱਖ! ਵੇਲਾ ਲੰਘੇ ਬਾਅਦ ਕੁੱਝ ਨਹੀਂ ਕਰ ਸਕੇਂਗਾ ਤੇ ਉਸ ਵੇਲੇ ਪਛਤਾਉਣ ਦਾ ਕੋਈ ਲਾਭ ਨਹੀਂ ਹੋਵੇਗਾ। ਦੂਜੇ ਪਾਸੇ, ਅੱਜ ਵੀ ਬਹੁਤੇ ਲੋਕਾਂ ਦੇ ਮਨਾਂ ’ਚ ਇਹੀ ਬ੍ਰਾਹਮਣੀ ਵਿਸ਼ਵਾਸ ਭਾਰੂ ਹੈ ਕਿ ਮਨੁੱਖ ਨੂੰ ਮਰਨ ਤੋਂ ਬਾਅਦ ਉਸੇ ਤਰ੍ਹਾਂ ਦੀ ਜੂਨ ਮਿਲਦੀ ਹੈ ਜਿਸ ਤਰ੍ਹਾਂ ਕਿ ਉਸ ਦੀ ਅੰਤਮ ਸੋਚਣੀ ਹੁੰਦੀ ਹੈ ਪਰ ਗੁਰਮਤਿ ਇਸ ਵਿਸ਼ਵਾਸ ਨਾਲ ਉੱਕਾ ਸਹਿਮਤ ਨਹੀਂ ਤੇ ਨਾ ਹੀ ਭਗਤ ਜੀ ਇਥੇ ਉਸ ਦੀ ਗਵਾਹੀ ਭਰ ਰਹੇ ਹਨ। ਇਸ ਸ਼ਬਦ ’ਚ ਭਗਤ ਜੀ ਤਾਂ ਲੋਕਾਈ ਦੇ ਮਨਾਂ ਅੰਦਰ ਹਜ਼ਾਰਾਂ ਸਾਲਾਂ ਤੋਂ ਬਿਠਾਏ ਗਏ ਇਨ੍ਹਾਂ ਵਿਸ਼ਵਾਸਾਂ ਨੂੰ ਕੇਵਲ ਆਧਾਰ ਬਨਾ ਕੇ ਸਮਝਾਉਂਦੇ ਨੇ ਕਿ ਐ ਭਾਈ! ਜਦੋਂ ਤੂੰ ਆਪ ਮੰਨਦਾ ਹੈ ਕਿ ਮਰਨ ਤੋਂ ਬਾਅਦ ਮਨੁੱਖ ਨੂੰ ਉਸੇ ਤਰ੍ਹਾਂ ਦੀ ਜੂਨੀ ਮਿਲਦੀ ਹੈ ਜਿਸ ਤਰ੍ਹਾਂ ਦੀ ਅੰਤ ਸਮੇਂ ਸੋਚਣੀ ਹੁੰਦੀ ਹੈ ਤਾਂ ਚੇਤੇ ਰੱਖ! ਉਸ ਸਮੇਂ ਸੋਚਣੀ ਵੀ ਉਹੀ ਹੋਵੇਗੀ, ਜੋ ਸੰਸਕਾਰ ਤੂੰ ਜੀਵਨ ਭਰ ਤਿਆਰ ਕੀਤੇ ਹੋਣਗੇ। ਤੇਰੇ ਵਿਸ਼ਵਾਸ ਮੁਤਾਬਕ ਵੀ ਇਹੀ ਗੱਲ ਬਣਦੀ ਹੈ-ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ਭਾਵ ਜੇ ਕਰ ਤੂੰ ਜਨਮ-ਮਰਨ ਦੇ ਗੇੜ੍ਹ ਤੋਂ ਮੁਕਤ ਹੋਣਾ ਚਾਹੁੰਦਾ ਹੈਂ ਤਾਂ ਤੂੰ ਜੀਵਨ ਭਰ-ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਦੀ ਸੰਭਾਲ ਕਰ ਤਾਂ ਹੀ ਤੇਰਾ ਅੰਤ ਸਮਾਂ ਸੁਹੇਲਾ ਹੋਵੇਗਾ।

ਲੇਖ ਦਾ ਨਿਚੋੜ-ਕਾਲ ਬੜਾ ਪਰਬਲ ਹੈ ਭਾਵੇਂ ਉਹ ਸਮੇ ਦੇ ਰੂਪ ’ਚ ਹੈ ਤੇ ਭਾਵੇਂ ਮੌਤ ਦੇ ਰੂਪ ਵਿੱਚ। ਸਾਨੂੰ ਅਨਮੋਲ ਮਨੁੱਖਾ ਜਨਮ ਬੇਅਰਥ ਅਜਾਈਂ ਨਹੀਂ ਗਵਾਉਣਾ ਚਾਹੀਦਾ ਤੇ ਜਿੰਦਗੀ ਦੇ ਕਾਰਜ ਕਾਲ (ਸਮੇਂ) ਦੀ ਕਦਰ ਕਰ, ਜਲਦੀ ਕਰ ਲੈਣੇ ਚਾਹੀਦੇ ਹਨ ਭਾਵ ਇਹ ਨਹੀਂ ਉਡੀਕਣਾ ਚਾਹੀਦਾ ਕਿ ਮੈਂ ਬਿਰਦ ਹੋ ਕੇ ਕਰ ਲਵਾਂਗਾ-ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥ ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥੧੩੮॥(੧੩੭੧) ਜਿਵੇਂ ਅਸੀਂ ਔਖੇ ਵੇਲੇ (ਭੁੱਖ ਮਰੀ) ਵਾਸਤੇ ਅੰਨ-ਦਾਣਾ, ਵਸਤਰ ਤੇ ਪੈਸਾ ਸੰਭਾਲ ਕੇ ਰੱਖਦੇ ਹਾਂ ਤੇ ਉਹ ਔਖੇ ਵੇਲੇ ਕੰਮ ਆਉਂਦਾ ਹੈ ਤਿਵੇਂ ਹੀ ਸਾਨੂੰ ਰੱਬੀ ਜੀਵਨ ਦੀ ਪੂੰਜੀ (ਸ਼ੁਭ ਗੁਣ) ਵੀ ਸੰਭਾਲ ਕੇ ਰੱਖਣੇ ਚਾਹੀਦੇ ਨੇ ਜੋ ਅੰਤ ਵੇਲੇ ਕੰਮ ਆਉਣ। ਅਕਾਲ ਪੁਰਖ ਜੋ ਅਵਿਨਾਸ਼ੀ ਹੈ ਜਿਸ ਤੇ ਕਾਲ (ਮੌਤ) ਤੇ ਕਾਲ (ਸਮੇਂ) ਦਾ ਕੋਈ ਅਸਰ ਨਹੀਂ-ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥ (ਸੂਹੀ ੪-੭੫੯) ਕਾਲ (ਮੌਤ) ਤੇ ਅਕਾਲ (ਮੌਤ ਰਹਿਤ ਸਮਾਂ) ਉਸ ਮਾਲਕ ਦਾ ਹੀ ਪੈਦਾ ਕੀਤਾ ਹੈ-ਕਾਲ ਅਕਾਲ ਖਸਮ ਕਾ ਕੀਨਾ॥ (ਮਾਰੂ ਕਬੀਰ) ਸੋ ਜੇ ਅਸੀਂ ਗੁਰਬਾਣੀ ਦੇ ਅਰਥ ਪ੍ਰਕਰਣ ਅਨੁਸਾਰ ਕਰਾਂਗੇ ਤਾਂ ਸਿਧਾਂਤਕ ਹੋਣਗੇ ਵਰਨਾ ਮਿਲਗੋਭਾ ਹੋ ਸਿਧਾਂਤਹੀਨ ਹੋ ਜਾਂਵਾਂਗੇ। ਇਹ ਸੀ ਕਾਲ ਬਾਰੇ ਗੁਰਮਤਿ ਦਾ ਨਜ਼ਰੀਆ ਜੋ ਸ਼ਬਦ ਗੁਰੂ “ਗੁਰੂ ਗ੍ਰੰਥ” ਅਨੁਸਾਰ ਪੇਸ਼ ਕੀਤਾ ਹੈ।

## ਸਿਆਸਤ ਦੀਆਂ ਰਿੱਧੀਆਂ-ਸਿੱਧੀਆਂ

# ਬਸਪਾ-ਕਾਂਗਰਸ ਗੱਠਜੋੜ ਨਾ ਹੋਣ ਦੇ ਕਾਰਨ, ਭਾਜਪਾ ਨੂੰ ਲੂੰਗੀ ਡਾਂਸ ਕਰਨ ਦੀ ਲੋੜ ਨਹੀਂ







ਪੰਮੀ ਲਾਲੋ ਮਜਾਰਾ
91-95011-43755

ਜੇ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ’ਚ ਬਸਪਾ ਦੀਆਂ ਸ਼ਰਤਾਂ ’ਤੇ ਕਾਂਗਰਸ ਨਾਲ ਗੱਠਜੋੜ ਹੋਣੋਂ ਰਹਿ ਗਿਆ ਤਾਂ ਭਾਜਪਾ ਖੁਸ਼ੀ ’ਚ ਲੂੰਗੀ ਡਾਂਸ ਕਿਉਂ ਕਰ ਰਹੀ ਹੈ। ਬਸਪਾ ਵਿਰੋਧੀ ਲੋਕਾਂ ਦੀ ਸੋਚ ਹੈ ਕਿ ਉਹ ਭਾਜਪਾ ਨੂੰ ਫਾਇਦਾ ਪਹੁੰਚਾਉਣ ਲਈ ਅਜਿਹਾ ਕਰ ਰਹੀ ਹੈ। ਮੰਨ ਲਓ ਕਿ ਜੇ ਮਾਇਆਵਤੀ ਵਿਧਾਨ ਸਭਾ ਚੋਣਾਂ ਇਹਨਾਂ ਸੂਬਿਆਂ ’ਚ ਨਾ ਹੀ ਲੜੇ, ਫਿਰ ਵੀ ਇਹੀ ਲੋਕ ਕਹਿਣਗੇ ਕਿ ਇਹ ਭਾਜਪਾ ਨੂੰ ਫਾਇਦਾ ਦੇਣ ਦੀ ਹੀ ਕੋਸ਼ਿਸ਼ ਹੈ। ਮਾਇਆਵਤੀ ਚੋਣ ਲੜਦੀ ਹੈ ਤਾਂ ਕਾਂਗਰਸ ਨੂੰ ਲਕਵਾ ਮਾਰ ਜਾਂਦਾ ਹੈ। ਜੇ ਨਹੀਂ ਲੜਦੀ ਤਾਂ ਕਾਂਗਰਸ ਕੌਮਾਂ ’ਚ ਪਹੁੰਚ ਜਾਂਦੀ ਹੈ। ਜੇਕਰ ਸਹੀ ਅਰਥਾਂ ’ਚ ਕਾਂਗਰਸ ਨੇ ਇਸ ਮੁਲਕ ਦੇ ਮੂਲ ਨਿਵਾਸੀਆਂ ਨੂੰ ਇੱਜ਼ਤ ਦਿੱਤੀ ਹੁੰਦੀ ਤਾਂ ਸ਼ਾਇਦ ਕਾਂਗਰਸ ਨੂੰ ਅੱਜ ਐਨੇ ਬੁਰੇ ਦਿਨ ਨਾ ਵੇਖਣਾ ਪੈਂਦੇ। ਕਾਂਗਰਸ ਨੇ ਤਾਂ ਬਾਬਾ ਸਾਹਿਬ ਦਾ ਦਿਲੋਂ ਸਤਿਕਾਰ ਨਹੀਂ ਕੀਤਾ। ਉਸ ਤੋਂ ਬਾਅਦ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਨੂੰ ਵੀ ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ. ਦਾ ਏਜੰਟ ਕਹਿ ਕੇ ਗਰਦਾਨਦੀ ਰਹੀ ਤਾਂ ਹੁਣ ਉਹ ਮਾਇਆਵਤੀ ਦੀ ਇੱਜ਼ਤ ਖਾਕ ਕਰੇਗੀ। ਜੇ ਕਿਸੇ ਨੂੰ ਹਾਲੇ ਵੀ ਕੋਈ ਸ਼ੱਕ ਹੈ ਤਾਂ ਉਹ ਕਾਂਗਰਸ ਵਿਚ ਬੈਠੇ ਐਸ. ਸੀ. ਲੋਕਾਂ ਨੂੰ ਹੀ ਪੁੱਛ ਕੇ

(ਬਾਕੀ ਅਗਲੇ ਸਫੇ ‘ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖ਼ਬਾਰ ਵਿਚ ਛਪੇ ਇਸ਼ਤਿਹਾਰਾਂ ‘ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਟ੍ਰੇਨ ਹਾਦਸਾ-ਅੰਮ੍ਰਿਤਸਰ ਪੁਲਿਸ ਨੇ ਜਾਰੀ ਕੀਤਾ ਸੀ ਅਗਾਊ ਸੁਰੱਖਿਆ ਪ੍ਰੋਗਰਾਮ

**ਚੰਡੀਗੜ੍ਹ–** ਅੰਮ੍ਰਿਤਸਰ ਦੇ ਗੋਲਡਨ ਐਵੇਨਿਊ ਦਸਹਿਰਾ ਉਤਸਵ ਦੌਰਾਨ ਵਾਪਰੇ ਭਿਆਨਕ ਹਾਦਸੇ ਤੋਂ ਚੌਵੀ ਘੰਟੇ ਪਹਿਲਾਂ ਸ਼ਹਿਰ ਦੇ ਪੁਲਿਸ ਕਮਿਸ਼ਨਰੇਟ ਨੇ ਇਸ ਜਗ੍ਹਾ ਦੇ ਸਬੰਧ ਵਿਚ ਸੁਰੱਖਿਆ ਪ੍ਰੋਗਰਾਮ ਸਰਕੁਲੇਟ ਕਰਵਾਇਆ ਸੀ ਜਿਸ ਵਿਚ 15 ਤੋਂ 20 ਹਜ਼ਾਰ ਲੋਕਾਂ ਦੇ ਪਹੁੰਚਣ ਦੀ ਉਮੀਦ ਸੀ ਤੇ ਇੱਥੇ ਕਰੀਬ 75 ਪੁਲੀਸਕਰਮੀ ਤਾਇਨਾਤ ਕੀਤੇ ਜਾਣੇ ਸਨ। ਪਰ ਸੁਰੱਖਿਆ ਮਸ਼ਕ ਕਰਨ ਤੇ ਇੰਨੀ ਤਦਾਦ ਵਿਚ ਪੁਲੀਸ ਕਰਮੀਆਂ ਦੀ ਤਾਇਨਾਤੀ ਦੇ ਬਾਵਜੂਦ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਮਸਾਂ ਕੁਝ ਸੈਂਕੜਿਆਂ ਦੇ ਇਕੱਠ ਨਾਲ ਇੱਥੇ ਇੰਦਾਂ ਦੀ ਤਰਾਸਦੀ ਵਾਪਰ ਸਕਦੀ ਹੈ।

ਸਭ ਤੋਂ ਮਾੜੀ ਗੱਲ ਇਹ ਰਹੀ ਕਿ ਤਿੰਨ ਸਫਿਆਂ ਦਾ ਸੁਰੱਖਿਆ ਸਰਕੂਲਰ ਜ਼ਿਲਾ ਪ੍ਰਸ਼ਾਸਨ, ਨਗਰ ਨਿਗਮ, ਇਲਾਕੇ ਦੇ ਐਸਐਚਓ ਤੇ ਟਰੈਫਿਕ ਵਿੰਗ ਨੂੰ ਤਾਂ ਭੇਜਿਆ ਗਿਆ ਪਰ ਰੇਲਵੇ ਨੂੰ ਨਹੀਂ। ਸੁਰੱਖਿਆ ਪ੍ਰੋਗਰਾਮ ਵਿਚ ਉਸ ਜਗ੍ਹਾ ਦੀ ਸੁਰੱਖਿਆ ਯੋਜਨਾ ਦੇ ਵੇਰਵੇ ਦਿੱਤੇ ਜਾਂਦੇ ਹਨ ਜਿੱਥੇ ਕਿਸੇ ਵੀਆਈਪੀ ਨੇ ਪਹੁੰਚਣਾ ਹੁੰਦਾ ਜਾਂ ਫਿਰ ਵੱਡੀ ਤਦਾਦ ਵਿਚ ਲੋਕਾਂ ਨੇ ਇਕੱਤਰ ਹੋਣਾ ਹੁੰਦਾ ਹੈ। ਇਸ ਅਖ਼ਬਾਰ ਨੂੰ ਪ੍ਰਾਪਤ ਹੋਈ ਸਰਕੂਲਰ ਦੀ ਕਾਪੀ ਤੋਂ ਪਤਾ ਚੱਲਿਆ ਹੈ ਕਿ ਸ਼ਹਿਰ ਵਿਚ ਲਗਭਗ 20 ਵੱਖੋ ਵੱਖਰੀਆਂ ਥਾਵਾਂ 'ਤੇ ਹੋਣ ਵਾਲੇ ਦਸਹਿਰਾ ਸਮਾਗਮਾਂ ਲਈ ਵਿਆਪਕ ਸੁਰੱਖਿਆ ਬੰਦੋਬਸਤ ਕੀਤੇ ਗਏ ਸਨ। ਸਰਕੂਲਰ ਵਿਚ ਡਿਊਟੀਆਂ ਦਾ ਖਾਕਾ ਤਿਆਰ ਕੀਤਾ ਗਿਆ ਸੀ ਤੇ ਇਨ੍ਹਾਂ ਥਾਵਾਂ 'ਤੇ ਇਕੱਠੀ ਹੋਣ ਵਾਲੀ ਭੀੜ ਦਾ ਵੀ ਕਿਆਸ ਲਾਇਆ ਗਿਆ ਸੀ।

ਘਟਨਾ ਦੀ ਜਾਂਚ ਸ਼ੁਰੂ ਕਰ ਰਹੇ ਏਡੀਜੀਪੀ ਰੇਲਵੇ ਪ੍ਰੀਤ ਸਿੰਘ ਸਹੋਤਾ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਦੱਸਿਆ '' ਇਹ ਸਰਕੂਲਰ ਰੇਲਵੇ ਨੂੰ ਨਹੀਂ ਭੇਜਿਆ ਗਿਆ ਸੀ।'' ਉਨ੍ਹਾਂ ਇਸ ਸਬੰਧੀ ਅੰਮ੍ਰਿਤਸਰ ਪੁਲੀਸ ਵੱਲੋਂ ਜਾਰੀ ਕੀਤਾ ਗਿਆ ਸੁਰੱਖਿਆ ਪ੍ਰੋਗਰਾਮ ਵੀ ਰਿਕਾਰਡ 'ਤੇ ਲਿਆਂਦਾ ਹੈ।''

ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਐਸ ਐਸ ਸ੍ਰੀਵਾਸਤਵ ਨਾਲ ਸੰਪਰਕ ਕਰਨ 'ਤੇ ਦੱਸਿਆ ਕਿ ਸੁਰੱਖਿਆ ਬੰਦੋਬਸਤ ਕੀਤੇ ਗਏ ਸਨ ਪਰ ਰੇਲਵੇ ਪਟੜੀਆਂ ਜ਼ਿਲਾ ਪੁਲੀਸ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀਆਂ। ਉਨ੍ਹਾਂ ਕਿਹਾ ਕਿ ਜਾਂਚ ਚਲਦੀ ਹੋਣ ਕਰ ਕੇ ਉਹ ਇਸ ਬਾਰੇ ਹੋਰ ਕੁਝ ਨਹੀਂ ਕਹਿ ਸਕਦੇ।

ਇਸ ਘਟਨਾ ਨੇ ਕਈ ਗੰਭੀਰ ਪ੍ਰਸ਼ਨ ਖੜ੍ਹੇ ਕਰ ਦਿੱਤੇ ਹਨ ਪਰ ਸਰਕਾਰਾਂ ਇਸ ਤੋਂ ਕੋਈ ਸਬਕ ਲੈਣਗੀਆਂ ਇਸ ਦਾ ਹਾਲੇ ਤੱਕ ਕੋਈ ਸੰਕੇਤ ਨਹੀਂ ਮਿਲਿਆ। ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਇਸ ਘਟਨਾ ਲਈ ਆਪਣੇ ਕੱਟੜ ਵਿਰੋਧੀ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੀ ਹੈ ਤੇ ਦੋਸ਼ ਲਾ ਰਹੀ ਹੈ ਕਿ ਇਸ ਲਈ ਮੰਤਰੀ ਦੀ ਪਤਨੀ ਤੇ ਸਾਬਕਾ ਵਿਧਾਇਕਾ ਨਵਜੋਤ ਕੌਰ ਜ਼ਿੰਮੇਵਾਰ ਹਨ ਜੋ ਉਸ ਦਿਨ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪੁੱਜੇ ਸਨ। ਸਿੱਧੂ ਜੋੜੇ ਨੇ ਇਸ ਦਾ ਮੋੜਵਾਂ ਜਵਾਬ ਦਿੰਦਿਆਂ ਮਨੁੱਖੀ ਲਾਸ਼ਾਂ 'ਤੇ ਸਿਆਸਤ ਖੇਡਣ ਦੀ ਤਿੱਖੀ ਆਲੋਚਨਾ ਕੀਤੀ ਹੈ ਤੇ ਕਿਹਾ ਕਿ ਘਟਨਾ ਲਈ ਮੁੱਖ ਤੌਰ 'ਤੇ ਰੇਲਵੇ ਜ਼ਿੰਮੇਵਾਰ ਹੈ।

ਉਨ੍ਹਾਂ ਆਖਿਆ ਸੀ ਕਿ ਲੋਕਾਂ ਨੂੰ ਦਰੜਨ ਵਾਲੀ ਰੇਲ ਗੱਡੀ ਦੀ ਰਫ਼ਤਾਰ ਬਹੁਤ ਜ਼ਿਆਦਾ ਸੀ ਤੇ ਪਟੜੀ ਦੇ ਦੁਆਲੇ ਭਾਰੀ ਤਦਾਦ ਵਿਚ ਲੋਕ ਮੌਜੂਦ ਹੋਣ ਦੇ ਬਾਵਜੂਦ ਟਰੈਕ ਇੰਸਪੈਕਟਰ, ਗੈਂਗਮੈਨ ਜਾਂ ਗੇਟਮੈਨ ਸਮੇਤ ਕੋਈ ਵੀ ਰੇਲ ਕਰਮੀ ਮੌਕੇ 'ਤੇ ਮੌਜੂਦ ਨਹੀਂ ਸੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਜਗ੍ਹਾ 'ਤੇ ਹੋਣ ਵਾਲੇ ਸਮਾਗਮ ਲਈ ਕੋਈ ਬਾਕਾਇਦਾ ਪ੍ਰਵਾਨਗੀ ਨਹੀਂ ਲਈ ਗਈ ਸੀ ਪਰ ਸਰਕੂਲਰ ਤੋਂ ਸਾਫ਼ ਪਤਾ ਚਲਦਾ ਹੈ ਕਿ ਸ਼ਹਿਰ ਵਿਚ ਸਬੰਧਤ ਹਰੇਕ ਅਧਿਕਾਰੀ ਇਸ ਜਗ੍ਹਾ ਹੋਣ ਵਾਲੇ ਸਮਾਗਮ ਬਾਰੇ ਬਾਖ਼ਬਰ ਸੀ ਤੇ ਸੁਰੱਖਿਆ ਪ੍ਰਬੰਧ ਭਾਵੇਂ ਵਿਉਂਤੇ ਗਏ ਸਨ ਪਰ ਇਨ੍ਹਾਂ 'ਤੇ ਪੂਰੀ ਤਰ੍ਹਾਂ ਅਮਲ ਨਹੀਂ ਕੀਤਾ ਜਾਪਦਾ।

**ਨਵਜੋਤ ਕੌਰ ਸਿੱਧੂ ਖ਼ਿਲਾਫ਼ ਬਿਹਾਰ 'ਚ ਕੇਸ ਦਰਜ**



ਅੰਮ੍ਰਿਤਸਰ ਰੇਲ ਹਾਦਸੇ ਦੇ ਮਾਮਲੇ ਇੱਥੇ ਇੱਕ ਵਿਅਕਤੀ ਨੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਖ਼ਿਲਾਫ਼ ਕੇਸ ਦਰਜ ਕਰਵਾਇਆ ਹੈ। ਸ਼ਿਕਾਇਤ ਕਰਤਾ ਨੇ ਕਿਹਾ ਕਿ ਹਾਦਸੇ ਵਾਲੇ ਦਿਨ ਦਸਹਿਰਾ ਸਮਾਗਮ 'ਚ ਨਵਜੋਤ ਕੌਰ ਮੁੱਖ ਮਹਿਮਾਨ ਸਨ ਤੇ ਇਸ ਹਾਦਸੇ ਲਈ ਪ੍ਰਬੰਧਕ ਬਰਾਬਰ ਜ਼ਿੰਮੇਵਾਰ ਹਨ ਅਤੇ ਅਦਾਲਤ ਨੂੰ ਇਸ ਮਾਮਲੇ ਨੂੰ ਵਿਚਾਰਨਾ ਚਾਹੀਦਾ ਹੈ। ਸਮਾਜ ਸੇਵਿਕਾ ਤਮੰਨਾ ਹਾਸ਼ਮੀ ਨੇ ਸੀਜੀਐੱਮ ਆਰਤੀ ਕੁਮਾਰੀ ਸਿੰਘ ਦੀ ਅਦਾਲਤ 'ਚ ਕੇਸ ਦਾਇਰ ਕੀਤਾ ਅਤੇ ਅਦਾਲਤ ਨੇ ਮਾਮਲੇ ਦੀ ਸੁਣਵਾਈ 3 ਨਵੰਬਰ ਨੂੰ ਰੱਖ ਦਿੱਤੀ ਹੈ।

**ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਸਰਕਾਰ ਤੇ ਰੇਲਵੇ ਨੂੰ ਨੋਟਿਸ ਭੇਜਿਆ**

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਅੰਮ੍ਰਿਤਸਰ ਰੇਲ ਹਾਦਸੇ ਦੇ ਮਾਮਲੇ 'ਚ ਰੇਲਵੇ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

ਕਮਿਸ਼ਨ ਨੇ ਕਿਹਾ ਕਿ ਇਸ ਹਾਦਸੇ ਨੂੰ ਸਿਰਫ਼ ਲੋਕਾਂ ਦੀ ਗਲਤੀ ਨਹੀਂ ਕਿਹਾ ਜਾ ਸਕਦਾ ਬਲਕਿ ਇਸ 'ਚ ਜ਼ਿਲ੍ਹਾ ਪ੍ਰਸ਼ਾਸਨ ਦੀ ਵੀ ਵੱਡੀ ਅਣਗਹਿਲੀ ਹੈ। ਕਮਿਸ਼ਨ ਦੇ ਬੁਲਾਰੇ ਨੇ ਕਿਹਾ ਕਿ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਤੇ ਰੇਲਵੇ ਬੋਰਡ ਦੇ ਚੇਅਰਮੈਨ ਨੂੰ ਇਸ ਮਾਮਲੇ 'ਚ ਚਾਰ ਹਫ਼ਤਿਆਂ ਅੰਦਰ ਵਿਸਥਾਰਤ ਰਿਪੋਰਟ ਦੇਣ ਲਈ ਕਿਹਾ ਹੈ।

**ਅੰਮ੍ਰਿਤਸਰ ਰੇਲ ਹਾਦਸੇ ਖ਼ਿਲਾਫ਼ ਹਾਈ ਕੋਰਟ 'ਚ ਪਟੀਸ਼ਨ**

ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇੱਕ ਵਕੀਲ ਨੇ ਅੰਮ੍ਰਿਤਸਰ ਰੇਲ ਹਾਦਸੇ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਸਬੰਧੀ ਪਟੀਸ਼ਨ ਦਾਇਰ ਕੀਤੀ ਹੈ। ਐਡਵੋਕੇਟ ਦਿਨੇਸ਼ ਕੁਮਾਰ ਡਕੋਰੀਆ ਨੇ ਆਪਣੀ ਪਟੀਸ਼ਨ 'ਚ ਕਿਹਾ ਕਿ ਇਸ ਘਟਨਾ ਸਬੰਧੀ ਪੁਲੀਸ ਨੂੰ ਦਸਹਿਰੇ ਮੇਲੇ ਦੇ ਪ੍ਰਬੰਧਕਾਂ ਖ਼ਿਲਾਫ਼ ਕੇਸ ਦਰਜ ਕਰਨਾ ਚਾਹੀਦਾ ਹੈ ਅਤੇ ਨਵਜੋਤ ਕੌਰ ਸਿੱਧੂ, ਪੰਜਾਬ ਸਰਕਾਰ, ਭਾਰਤੀ ਰੇਲਵੇ ਅਤੇ ਸਥਾਨਕ ਏਰੀਆ ਕੌਂਸਲਰ ਸੌਰਭ ਮਦਾਨ ਮਿੱਠੂ ਨੂੰ ਇਸ ਹਾਦਸੇ ਲਈ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ ਹੈ। ਇਸ ਪਟੀਸ਼ਨ 'ਤੇ ਭਲਕੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਦੇ ਬੈਂਚ ਵੱਲੋਂ ਸੁਣਵਾਈ ਕੀਤੀ ਜਾ ਸਕਦੀ ਹੈ।

**ਜਾਖੜ ਨੇ ਰੇਲਵੇ ਵੱਲੋਂ ਦਿੱਤੀ ਕਲੀਨ ਚਿੱਟ 'ਤੇ ਸਵਾਲ ਕੀਤੇ**

ਅੰਮ੍ਰਿਤਸਰ– ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਆਖਿਆ ਕਿ ਰੇਲ ਹਾਦਸੇ, ਜਿਸ ਵਿਚ 59 ਲੋਕਾਂ ਦੀ ਜਾਨ ਗਈ ਹੈ, ਦੀ ਰੇਲਵੇ ਵਲੋਂ ਜਾਂਚ ਨਾ ਕਰਾਉਣ ਦਾ ਫ਼ੈਸਲਾ ਰੇਲ ਵਿਭਾਗ ਨੂੰ ਕਲੀਨ ਚਿੱਟ ਦਿੰਦਾ ਹੈ ਅਤੇ ਇਹ ਫ਼ੈਸਲਾ ਕਈ ਸ਼ੰਕੇ ਖੜ੍ਹੇ ਕਰ ਰਿਹਾ ਹੈ।

ਇੱਥੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਘਰ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਰੇਲਵੇ ਦੇ ਰਾਜ ਮੰਤਰੀ, ਰੇਲਵੇ ਚੇਅਰਮੈਨ ਤੇ ਹੋਰਨਾਂ ਨੇ ਘਟਨਾ ਸਥਾਨ ਦਾ ਦੌਰਾ ਕਰਨ ਮਗਰੋਂ ਹਾਦਸੇ ਪਿੱਛੇ ਰੇਲ ਵਿਭਾਗ ਦੀ ਜ਼ਿੰਮੇਵਾਰੀ ਹੋਣ ਤੋਂ ਪੱਲਾ ਝਾੜ ਦਿੱਤਾ ਹੈ। ਉਨ੍ਹਾਂ ਆਖਿਆ ਕਿ ਰੇਲ ਗੱਡੀ ਦੇ ਚਾਲਕ ਨੇ ਖੁਲਾਸਾ ਕੀਤਾ ਹੈ ਕਿ ਉਸ ਨੇ ਰੇਲ ਗੱਡੀ ਦੀ ਬਰੇਕ ਲਾਈ ਸੀ ਅਤੇ ਗੱਡੀ ਦੀ ਰਫ਼ਤਾਰ ਘੱਟ ਹੋਣ 'ਤੇ ਪੱਥਰ ਵੱਜਣ ਲੱਗ ਪਏ ਸਨ, ਬਾਰੇ ਆਖਿਆ ਕਿ ਇਹ ਗੱਲ ਦਰੁਸਤ ਨਹੀਂ ਹੈ ਅਤੇ ਨਾ ਹੀ ਇਸ ਸਬੰਧੀ ਕੋਈ ਵੀਡਿਓ ਕਲਿਪ ਪ੍ਰਾਪਤ ਹੋਈ ਹੈ। ਪ੍ਰਾਪਤ ਵੀਡਿਓ ਕਲਿਪ ਵਿਚ ਰੇਲ ਗੱਡੀ ਦੀ ਰਫ਼ਤਾਰ ਏਨੀ ਤੇਜ਼ ਸੀ ਕਿ ਇਹ ਹਾਦਸਾ ਦੋ-ਤਿੰਨ ਸਕਿੰਟਾਂ ਵਿਚ ਹੀ ਵਾਪਰ ਗਿਆ। ਲੋਕਾਂ ਨੂੰ ਤਾਂ ਇਸ ਹਾਦਸੇ ਬਾਰੇ ਪਤਾ ਵੀ ਨਹੀਂ ਲਗ ਸਕਿਆ। ਪਲਾਂ ਵਿਚ ਹੀ ਗੱਡੀ ਲੋਕਾਂ ਨੂੰ ਕੁਚਲਦੀ ਹੋਈ ਦੂਰ ਲੰਘ ਗਈ ਅਤੇ ਮੁੜ ਇਸ ਨੂੰ ਰੇਲਵੇ ਸਟੇਸ਼ਨ 'ਤੇ ਪਹੁੰਚਣ ਮਗਰੋਂ ਹੀ ਰੋਕਿਆ ਗਿਆ। ਉਨ੍ਹਾਂ ਆਖਿਆ ਕਿ ਰੇਲਵੇ ਫਾਟਕ ਘਟਨਾ ਸਥਾਨ ਤੋਂ ਕੁਝ ਦੂਰੀ 'ਤੇ ਹੈ ਅਤੇ ਉਥੋਂ ਕੁਝ ਮੀਟਰ ਦੂਰੀ 'ਤੇ ਹੋ ਰਹੇ ਸਮਾਗਮ ਅਤੇ ਰੇਲ ਪਟੜੀ 'ਤੇ ਖੜ੍ਹੇ ਵਿਅਕਤੀਆਂ ਨੂੰ ਸਪੱਸ਼ਟ ਦੇਖਿਆ ਜਾ ਸਕਦਾ ਹੈ।

ਦਸਹਿਰਾ ਸਮਾਗਮ ਦੀ ਤਿਆਰੀ ਘਟਨਾ ਸਥਾਨ 'ਤੇ ਇਕ ਦਿਨ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ਉਨ੍ਹਾਂ ਆਖਿਆ ਕਿ ਰੇਲਵੇ ਫਾਟਕ ਦੇ ਕਰਮਚਾਰੀ ਅਤੇ ਜੀਆਰਪੀ ਨੂੰ ਕੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਸਵਾਲ ਕੀਤਾ ਕਿ ਰਿਹਾਇਸ਼ੀ ਇਲਾਕੇ ਵਿੱਚ ਰੇਲ ਗੱਡੀ ਦੀ ਰਫ਼ਤਾਰ ਏਨੀ ਤੇਜ਼ ਕਿਉਂ ਰੱਖੀ ਗਈ ਸੀ।

ਜੇਕਰ ਪੁਲੀਸ ਕੋਲੋਂ ਇਸ ਸਬੰਧੀ ਆਗਿਆ ਲਈ ਗਈ ਸੀ ਤਾਂ ਫਿਰ ਰੇਲਵੇ ਨੂੰ ਕਿਉਂ ਨਹੀਂ ਸੂਚਿਤ ਕੀਤਾ ਗਿਆ। ਉਨ੍ਹਾਂ ਆਖਿਆ ਕਿ ਰੇਲਵੇ ਵਲੋਂ ਇਸ ਦੀ ਜਾਂਚ ਹੋਣੀ ਚਾਹੀਦੀ ਹੈ।

ਉਨ੍ਹਾਂ ਮੰਗ ਕੀਤੀ ਕਿ ਰੇਲਵੇ ਵਿਭਾਗ ਇਸ ਹਾਦਸੇ ਦੀ ਜਾਂਚ ਕਰਵਾਏ ਅਤੇ ਸੱਚਾਈ ਲੋਕਾਂ ਦੇ ਸਾਹਮਣੇ ਲਿਆਂਦੀ ਜਾਵੇ। ਇਸ ਹਾਦਸੇ ਲਈ ਜੋ ਵੀ ਦੋਸ਼ੀ ਸਾਬਤ ਹੋਵੇ, ਉਸ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ।

## ਰੇਲ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ -ਸੁੱਖ ਉਮਰਪੁਰਾ



**ਬਟਾਲਾ– (ਬਰਨਾਲ)** ਲੋਕ ਭਲਾਈ ਸੇਵਾ ਸੁਸਾਇਟੀ ਪੰਜਾਬ ਦੇ ਮਾਝਾ ਮੋਨ ਪ੍ਰਧਾਨ ਸੁਖਵਿੰਦਰ ਸਿੰਘ ਉਮਰਪੁਰਾ ਨੇ ਅੰਮ੍ਰਿਤਸਰ ਵਿਚ ਵਾਪਰੇ ਰੇਲ ਹਾਦਸੇ ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਇਸ ਸਬੰਧਵਿਚ ਕਿਹਾ ਕੇ ਪਰਿਵਾਰਕ ਜੀਅ ਜੋ ਵਿਛੜ ਗਏ ਹਨ, ਉਹਨਾ ਦਾ ਘਾਟਾ ਕਦੇ ਵੀ ਪੂਰਾ ਨਹੀ ਕੀਤਾ ਜਾ ਸਕਦਾ । ਘਰਾਂ ਦੇ ਕਮਾਈ ਕਰਨ ਵਾਲੇ ਜਾਂ ਚਿਰਾਗ ਜਿੰਨਾ ਤੇ ਪਰਿਵਾਰ ਦੀਆਂ ਆਸਾਂ ਬੱਝੀਆਂ ਹੋਈ ਆ ਸਨ। ਉਹ ਆਸਾ ਪੂਰੀਆਂ ਨਹੀ ਕੀਤੀਆ ਜਾ ਸਕਦੀਆਂ । ਇਹ ਖੂਨੀ ਦਸਹਿਰਾ ਕਦੇ ਵੀ ਨਹੀ ਭੁਲੇਗਾ। ਤਿਉਹਾਰ ਮਨਾਉਣ ਦੇ ਸਬੰਧ ਵਿਚ ਕਿਹਾ ਹ ਰ ਤਿਉਹਾਰ ਖੁਸੀਆਂ ਤੇ ਖੇੜਿਆਂ ਨੂੰ ਲੈਕੇਆਉਦਾ ਹੈ। ਇਸ ਵਾਸਤੇ ਤਿਊਹਾਰ ਮਨਾਉਦਿਆਂ ਪੂਰੀ ਇਕਾਗਰਤਾ ਰੱਖਣੀ ਚਾਹੀਦੀ ਹੈ ਤਾਂ ਜੋ ਕੋਈ ਮਾੜੀ ਘਟਨਾ ਵਾਪਰ ਸਕੇ ਤੇ ਖੁਸੀਆ ਗਮੀਆਂ ਵਿਚ ਨਾ ਬਦਲਜਾਣ। ਇਸ ਸਬੰਧ ਵਿਚ ਸਾਰਿਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਸੁਸਇਟੀ ਦੇ ਪ੍ਰਧਾਨ ਪੰਜਾਬ ਪੱਧਰੀ ਕਾਬਲ ਸਿੰਘ ਕਾਹਲੋ ਤੇ ਸਾਰੀ ਸੁਸਾਇਟੀ ਦੇ ਅਹੁਦੇ ਦਾਰ ਦੁਖ ਦੀ ਘੜੀ ਵਿਚ ਉਹਨਾ ਦੇਨਾਲ ਖੜੇ ਹਨ ਤੇ ਆਉਦੇ ਦਿਨਾ ਨੂੰ ਪਰਿਵਾਰਾਂ ਨੂੰ ਮਿਲਣਗੇ।

# ਬੇਅਦਬੀ ਮਾਮਲਾ: ਚਾਰ ਪੁਲਿਸ ਅਧਿਕਾਰੀਆਂ ਨੇ ਹਾਈ ਕੋਰਟ ਦਾ ਬੂਹਾ ਖੜਕਾਇਆ

**ਚੰਡੀਗੜ੍ਹ–** ਬੇਅਦਬੀ ਮਾਮਲੇ ਦੇ ਚਾਰ ਕੇਸਾਂ ਦੀ ਖੁਦਮੁਖ਼ਤਾਰ ਏਜੰਸੀ ਜਿਵੇਂ ਸੀਬੀਆਈ ਤੋਂ ਜਾਂਚ ਕਰਾਉਣ ਦੀ ਮੰਗ ਨੂੰ ਲੈ ਕੇ ਸਾਬਕਾ ਐਸਐਸਪੀ ਚਰਨਜੀਤ ਸਿੰਘ ਸ਼ਰਮਾ ਸਮੇਤ ਤਿੰਨ ਹੋਰ ਪੁਲੀਸ ਅਫਸਰਾਂ ਨੇ ਪੰਜਾਬ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾਇਆ ਹੈ।

ਮਾਮਲੇ ਨੂੰ ਦਾਖ਼ਲ ਕਰਦਿਆਂ ਜਸਟਿਸ ਰਾਜਨ ਗੁਪਤਾ ਨੇ ਸੂਬਾ ਸਰਕਾਰ, ਸੀਬੀਆਈ ਅਤੇ ਪੰਜਾਬ ਦੇ ਡੀਜੀਪੀ ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 26 ਅਕਤੂਬਰ ਨੂੰ ਹੋਵੇਗੀ। ਪਟੀਸ਼ਨਰਾਂ ਨੇ ਬਦਸਲੂਕੀ, ਕਾਨੂੰਨ, ਤਾਕਤ ਅਤੇ ਸੱਤਾ ਦੀ ਦੁਰਵਰਤੋਂ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਅਜਿਹੇ ਵਿੱਚ ਪੰਜਾਬ ਪੁਲੀਸ ਤੋਂ ਮਾਮਲੇ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਵਕੀਲ ਸੰਤਪਾਲ ਸਿੰਘ ਸਿੱਧੂ ਰਾਹੀਂ ਦਾਖਲ ਪਟੀਸ਼ਨ ਵਿੱਚ ਪਟੀਸ਼ਨਰਾਂ ਨੇ ਦਾਅਵਾ ਕੀਤਾ ਹੈ ਕਿ ਉਹ 2015 ਵਿੱਚ ਵਾਪਰੀ ਬੇਅਦਬੀ ਦੀ ਘਟਨਾ ਬਾਅਦ ਵਿਗੜੇ ਹਾਲਾਤ ਨੂੰ ਕਾਬੂ ਕਰਨ ਵਾਲੀ ਕਾਰਵਾਈ ਵਿੱਚ ਸ਼ਾਮਲ ਸਨ। ਸ੍ਰੀ ਸਿੱਧੂ ਨੇ ਉੱਚ ਅਦਾਲਤ ਨੂੰ ਦੱਸਿਆ ਕਿ ਇਸ ਘਟਨਾ ਬਾਅਦ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਕਮਿਸ਼ਨ ਦੀ ਸਿਫਾਰਸ਼ ਦੇ ਅਧਾਰ 'ਤੇ ਪੰਜਾਬ ਸਰਕਾਰ ਨੇ ਬਿਨਾਂ ਜਾਂਚ ਅਤੇ ਸਬੂਤਾਂ ਦੇ ਪਟੀਸ਼ਨਰਾਂ ਨੂੰ ਸਿਰਫ ਰਾਜਨੀਤਕ ਆਧਾਰ 'ਤੇ ਕਸੂਰਵਾਰ ਠਹਿਰਾਇਆ ਸੀ। ਸ੍ਰੀ ਸਿੱਧੂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਦਰਜ ਕੇਸ ਦੀ ਜਾਂਚ ਟਰਾਂਸਫਰ ਕਰਨ ਬਾਰੇ ਪਾਸ ਨੋਟੀਫਿਕੇਸ਼ਨ ਨੂੰ ਰਾਜਨੀਤਕ ਆਧਾਰ 'ਤੇ ਵਾਪਸ ਲੈ ਲਿਆ ਗਿਆ ਹੈ।

ਸ੍ਰੀ ਸਿੱਧੂ ਨੇ ਦੱਸਿਆ ਕਿ ਪਟੀਸ਼ਨਰ ਚਰਨਜੀਤ ਸਿੰਘ ਸ਼ਰਮਾ, ਬਿਕਰਮ ਜੀਤ ਸਿੰਘ, ਪ੍ਰਦੀਪ ਸਿੰਘ ਅਤੇ ਅਮ-ਰਜੀਤ ਸਿੰਘ ਨੂੰ ਬਾਬਾ ਬਕਾਲਾ ਵਿਚ 21 ਅਕਤੂਬਰ 2015 ਨੂੰ ਦਰਜ ਕੇਸ ਵਿਚ ਮੁਲਜ਼ਮ ਬਣਾਇਆ ਗਿਆ ਹੈ।

# ਬਸਪਾ-ਕਾਂਗਰਸ ਗੱਠਜੋੜ ਨਾ ਹੋਣ ਦੇ ਕਾਰਨ, ਭਾਜਪਾ ਨੂੰ ਲੂੰਗੀ ਡਾਂਸ ਕਰਨ ਦੀ ਲੋੜ ਨਹੀਂ

(ਸਫਾ 6 ਦੀ ਬਾਕੀ)

ਵੇਖ ਲਵੇ ਕਿ ਉਹ ਕਿੰਨੇ ਕੁ ਚਰਨ ਇਹਨਾਂ ਦੇ ਧੋ-ਧੋ ਪੀਂਦੇ ਹਨ।

ਰਹੀ ਗੱਲ ਭਾਜਪਾ ਦੇ ਲੂੰਗੀ ਡਾਂਸ ਕਰਨ ਦੀ। ਭਾਜਪਾ ਇਹ ਸਭ ਉਪਰੋ...? ਲੋਕ ਦਿਖਾਵਾ ਤੇ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਲਈ ਅਜਿਹਾ ਕਰ ਰਹੀ ਹੈ ਕਿਉਂਕਿ ਉਸਨੂੰ ਪਤਾ ਹੈ ਕਿ ਅਗਰ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ 'ਚ ਲੰਗੜੀ ਵਿਧਾਨ ਸਭਾ ਹੋਂਦ 'ਚ ਆਉਂਦੀ ਹੈ ਤਾਂ ਸਭ ਤੋਂ ਵੱਡੀ ਮੁਸੀਬਤ ਭਾਜਪਾ ਨੂੰ ਹੀ ਆਉਣੀ ਹੈ। ਕਿਉਂਕਿ ਬਸਪਾ ਫਿਰ ਭਾਜਪਾ ਦੇ ਨਾਲ ਕਿਸੇ ਵੀ ਹਾਲਤ 'ਚ ਨਹੀਂ ਜਾਵੇਗੀ। ਤੇ ਉਹੀ ਕਾਂਗਰਸ ਜਿਹੜੀ ਮਾਇਆਵਤੀ 'ਤੇ ਭਾਜਪਾ ਨੂੰ ਅੰਦਰਖਾਤੇ ਫਾਇਦਾ ਦੇਣ ਦਾ ਦੋਸ਼ ਲਾਉਂਦੀ ਹੈ, ਅੰਦਰਖਾਤੇ ਫਾਇਦਾ ਦੇਣ ਦਾ ਦੋਸ਼ ਲਾਉਂਦੀ ਹੈ, ਬਸਪਾ ਦੀ ਹਮਾਇਤ ਲੈਣ ਲਈ ਮਾਇਆਵਤੀ ਅੱਗੇ ਗਿੜਗਿੜਾਉਂਦੀ ਨਜ਼ਰ ਆਵੇਗੀ।

**ਕਾਂਗਰਸ ਨੇ ਖੁਦ ਹੀ ਆਪਣਾ ਖੇਲ ਵਿਗਾੜਿਆ**

ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ 'ਚ ਕਾਂਗਰਸ ਨੇ ਆਪਣਾ ਖੇਲ ਆਪ ਹੀ ਵਿਗਾੜ ਲਿਆ। ਅਗਰ ਕਾਂਗਰਸ, ਬਸਪਾ ਨਾਲ ਇਹਨਾਂ ਤਿੰਨਾਂ ਸੂਬਿਆਂ 'ਚ ਚੋਣਾਂ ਲੜਦੀ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਇਸ ਗੱਠਜੋੜ ਨੂੰ ਹਰਾ ਨਾ ਸਕਦੀ। ਤੇ ਆਉਣ ਵਾਲੀਆਂ 2019 ਦੀਆਂ ਲੋਕ ਸਭਾ ਚੋਣਾਂ ਲਈ ਮਹਾਂਗੱਠਜੋੜ ਲਈ ਇਕ ਵੱਡੀ ਜ਼ਮੀਨ ਵੀ ਤਿਆਰ ਹੋ ਜਾਂਦੀ। ਅਸਲ 'ਚ ਕਾਂਗਰਸ ਦੀਆਂ ਕਰਤੂਤਾਂ ਹੀ ਐਨੀਆਂ ਮਾੜੀਆਂ ਹਨ ਕਿ ਕੋਈ ਇਸਦੇ ਨਾਲ ਚੱਲਣ ਨੂੰ ਤਿਆਰ ਹੀ ਨਹੀਂ। ਮਮਤਾ ਬੈਨਰਜੀ ਖੁਦ ਮਾਇਆ ਨੂੰ ਫੋਨ ਕਰਕੇ ਕਹਿ ਰਹੀ ਹੈ ਕਿ, ਫਿਕਰ ਨਾ ਕਰੋ, ਮੈਂ ਤਾਂ ਬੰਗਾਲ 'ਚੋਂ ਕਾਂਗਰਸ ਨੂੰ ਲੱਭਣ ਵੀ ਨਹੀਂ ਦੇਵਾਂਗੀ। ਅਖਿਲੇਸ਼, ਲਾਲੂ ਤੇ ਓਮ ਪ੍ਰਕਾਸ਼ ਚੌਟਾਲਾ ਦੀ ਵੀ ਕਾਂਗਰਸ ਤੋਂ ਦੂਰ ਰਹਿਣ ਦੀ ਇਹੀ ਨੀਤੀ ਹੈ।

**ਮਾਇਆਵਤੀ, ਰਾਹੁਲ ਤੋਂ ਕਿਤੇ ਬਿਹਤਰ...**

ਅਗਰ ਤੱਥਾਂ 'ਤੇ ਆਧਾਰਿਤ ਵੇਖਿਆ ਜਾਵੇ ਤਾਂ ਮਾਇਆਵਤੀ, ਰਾਹੁਲ ਗਾਂਧੀ ਤੋਂ ਕਿਤੇ ਬਿਹਤਰ ਹੈ। ਮਾਇਆਵਤੀ ਭਾਰਤ ਦੇ ਸਭ ਤੋਂ ਵੱਡੇ ਰਾਜ ਦੀ ਚਾਰ ਵਾਰ ਮੁੱਖ ਮੰਤਰੀ ਰਹਿ ਚੁੱਕੀ ਹੈ। ਉਹ ਇਕ ਕੁਸ਼ਲ ਪ੍ਰਸ਼ਾਸਕ ਵੀ ਹੈ। ਸੰਘਰਸ਼ਮਈ ਜ਼ਿੰਦਗੀ 'ਚੋਂ ਨਿਕਲ ਕੇ ਆਈ ਹੈ। ਉਹ ਰਾਹੁਲ ਵਾਂਗ ਨੌਟੰਕੀ ਨਹੀਂ ਕਰਦੀ ਕਿ ਜਿਸ ਸੂਬੇ 'ਚ ਚੋਣਾਂ ਹੋ ਰਹੀਆਂ ਹੋਣ, ਉਥੇ ਹੀ ਮੰਦਰਾਂ 'ਚ ਜਾ ਕੇ ਡੰਡੋਤਾਂ ਕਰਕੇ ਕਹਿਣਾ ਕਿ ਮੈਂ ਹਿੰਦੂ ਹਾਂ ਤੇ ਕਦੇ ਸ਼ਿਵ ਜੀ ਦਾ ਭਗਤ। ਮਾਇਆਵਤੀ ਉਹਨਾਂ ਕਰੋੜਾਂ ਲੋਕਾਂ ਦੀ ਤਰ੍ਹਾਂ ਹੈ, ਜਿਹਨਾਂ ਨੂੰ ਅੱਜ ਵੀ ਮੰਦਰਾਂ 'ਚ ਜਾਣ ਤੋਂ ਰੋਕਿਆ ਜਾਂਦਾ ਹੈ। ਇੱਥੋਂ ਤੱਕ ਕਿ ਜੇ ਕੋਈ ਦਲਿਤ ਰਾਸ਼ਟਰਪਤੀ (ਕੋਵਿੰਦ) ਬਣ ਕੇ ਵੀ ਕਿਸੇ ਮੰਦਰ 'ਚ ਜਾਣ ਦੀ ਕੋਸ਼ਿਸ਼ ਕਰੇਗਾ ਤਾਂ ਹਿੰਦੂ ਲੋਕ ਉਸ ਮੰਦਰ ਨੂੰ ਗਊ ਮੂਤਰ ਨਾਲ ਫਿਰ ਤੋਂ ਸ਼ੁੱਧ ਜ਼ਰੂਰ ਕਰਨਗੇ।

**ਛੱਤੀਸਗੜ੍ਹ 'ਚ ਫਸਿਆ ਛੱਤੀਸ ਦਾ ਅੰਕੜਾ**

ਪਿਛਲੇ ਦਿਨੀਂ ਛੱਤੀਸਗੜ੍ਹ ਦੇ ਬਿਲਾਸਪੁਰ ਜ਼ਿਲ੍ਹੇ 'ਚ ਬਸਪਾ ਵੱਲੋਂ ਕੀਤੀ ਰੈਲੀ 'ਚ ਲੱਖਾਂ ਲੋਕਾਂ ਦੇ ਪਹੁੰਚਣ ਨਾਲ ਕਾਂਗਰਸ ਨੂੰ ਕਾਂਬਾ ਛਿੜ ਗਿਆ ਹੈ। ਇਹ ਉਹ ਇਲਾਕਾ ਹੈ, ਜਿੱਥੋਂ ਸਾਹਿਬ ਕਾਂਸ਼ੀ ਰਾਮ (ਜੰਜਮੀਰ) ਪਹਿਲੀ ਵਾਰ ਲੋਕ ਸਭਾ ਦੀ ਚੋਣ ਲੜੇ ਸਨ। ਇਤਿਹਾਸ ਗਵਾਹ ਹੈ ਕਿ ਛੱਤੀਸਗੜ੍ਹ ਦੀ ਕੋਈ ਸੜਕ ਤੇ ਜਾਂ ਪਗਡੰਡੀ ਐਸੀ ਨਹੀਂ ਹੈ, ਜਿੱਥੇ ਕਾਂਸ਼ੀ ਰਾਮ ਦੇ ਚਰਨ ਨਾ ਪਏ ਹੋਣ। ਮੇਰੇ ਛੱਤੀਸਗੜ੍ਹ ਦੇ ਬੇਹੱਦ ਕਰੀਬੀ ਸੂਤਰਾਂ ਮੁਤਾਬਕ ਮਾਇਆਵਤੀ ਨੇ ਇੱਥੇ ਕਾਂਗਰਸ ਲਈ ਇਕ ਮਜ਼ਬੂਤ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਮਤਲਬ 90 ਫੀਸਦੀ ਇੱਥੇ ਲੰਗੜੀ ਵਿਧਾਨ ਸਭਾ ਬਣਨ ਦੇ ਆਸਾਰ ਹਨ। ਉਧਰ ਮੱਧ ਪ੍ਰਦੇਸ਼ ਵਿਚ ਕਾਂਗਰਸ ਨੂੰ ਇਕ ਹੋਰ ਝਟਕਾ ਲੱਗਿਆ ਹੈ। ਮਤਲਬ ਕਿ ਗੰਡਵਾਨਾ ਗਣਤੰਤਰ ਪਾਰਟੀ ਵੱਖਰੇ ਤੌਰ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਚੋਣਾਂ ਤੋਂ ਬਾਅਦ ਕਾਂਗਰਸ ਨੂੰ ਅਕਲ ਆ ਜਾਵੇਗੀ, ਜਿਹੜੀ ਇਹ ਪ੍ਰਚਾਰ ਕਰਦੀ ਫਿਰਦੀ ਹੈ ਕਿ ਜੇ ਕਾਂਗਰਸ ਦਾ ਬਸਪਾ ਨਾਲ ਗੱਠਜੋੜ ਹੋ ਜਾਂਦਾ ਹ ਤਾਂ ਸਵਰਨ ਲੋਕਾਂ ਦੀਆਂ ਵੋਟਾਂ ਕਾਂਗਰਸ ਨੂੰ ਨਹੀਂ ਸੀ ਮਿਲਣੀਆਂ। ਉਧਰ ਕਾਂਗਰਸ ਦੇ ਸੀਨੀਅਰ ਨੇਤਾ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਕਾਂਗਰਸ ਆਪਣੇ ਦਮ 'ਤੇ ਸੱਤਾ 'ਚ ਨਹੀਂ ਆ ਸਕਦੀ। ਫਿਲਹਾਲ ਕਾਂਗਰਸ ਨੂੰ ਤਾਂ ਕੋਈ ਛੂਹਣ ਲਈ ਤਿਆਰ ਨਹੀਂ, ਸੁਪਨੇ ਵੇਖ ਰਹੇ ਹਨ ਦਿੱਲੀ ਦੇ ਤਖਤ 'ਤੇ ਬੈਠਣ ਦੇ।

# ਸਿੱਖ ਟੈਂਪਲ ਯੂਬਾ ਸਿਟੀ ਵਿਖੇ ਧਾਰਮਿਕ ਕਵੀ ਦਰਬਾਰ ਕਰਵਾਇਆ ਗਿਆ














**ਯੂਬਾ ਸਿਟੀ-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਦਾ ਧਾਰਮਿਕ ਕਵੀ ਦਰਬਾਰ ਸਿੱਖ ਟੈਂਪਲ ਯੂਬਾ ਸਿਟੀ ਵਿਖੇ 10-20-18 ਦਿਨ ਸ਼ਨਿਚਰਵਾਰ ਨੂੰ ਆਯੋਜਿਤ ਕੀਤਾ ਗਿਆ। ਇਹ ਧਾਰਮਿਕ ਕਵੀ ਦਰਬਾਰ ਗੁਰੂਤਾਗੱਦੀ ਦਿਵਸ ਤੇ ਹਰ ਸਾਲ ਕਰਵਾਇਆ ਜਾਂਦਾ ਹੈ। ਸਭਾ ਦੇ ਵਾਈਸ ਪ੍ਰਧਾਨ ਹਰਭਜਨ ਸਿੰਘ ਢੇਰੀ ਨੇ ਸਟੇਜ ਸੰਭਾਲਦਿਆਂ ਧਾਰਮਿਕ ਵਿਚਾਰ ਪੇਸ਼ ਕਰਨ ਅਤੇ ਸਾਹਿਤ ਸਭਾ ਕੈਲੀਫੋਰਨੀਆ ਵਾਰੇ ਜਾਣਕਾਰੀ ਦੇਣ ਪਿੱਛੋਂ ਗੁਰੂ ਘਰ ਵਿਚ ਚਲ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੂੰ ਪੇਸ਼ ਕਰਨ ਲਈ ਬੀਬੀ ਕਿਰਨਪਰੀਤ ਕੌਰ ਨੂੰ ਸੱਦਾ ਦਿੱਤਾ । ਬੀਬੀ ਕਿਰਨਪਰੀਤ ਕੌਰ ਨੇ ਸਿੱਖ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਹੋਏ ਬੜੇ ਹੀ ਸੁਚਾਰੂ ਢੰਗ ਨਾਲ ਬੱਚਿਆਂ ਨੂੰ ਪੇਸ਼ ਕੀਤਾ ਜਿਹਨਾਂ ਬੱਚਿਆਂ ਨੇ ਕਵਿਤਾਵਾਂ ਦਾ ਗਾਇਨ ਕੀਤਾ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ। ਸਹਿਬਾਜ ਸਿੰਘ, ਗਗਨੀਤ ਕੌਰ, ਗੁਰਸ਼ਰਨ ਸਿੰਘ, ਮਨਰੂਪ ਕੌਰ, ਪਰਭਵੀਰ ਸਿੰਘ, ਸਹਿ-ਹਜਪਰੀਤ ਕੌਰ, ਅਨਮੋਲ ਕੌਰ, ਸਬਰੀਨਾ ਕੌਰ,ਹਰਜਸ ਸਿੰਘ, ਸੁਖਮਨਪਰੀਤ ਕੌਰ, ਸਰਗਮ ਕੌਰ,ਜਸਨੂਰ ਸਿੰਘ, ਸਹਿਜਪਰੀਤ ਸਿੰਘ, ਹਰਜੋਤ ਕੌਰ, ਸ-ਹਜਦੀਪ ਕੌਰ, ਸ਼ਗਨਦੀਪ ਸਿੰਘ, ਖੁਸ਼ੀ ਰੱਤੂ, ਜੁਗਰਾਜ ਸਿੰਘ, ਗੁਰਲੀਨ ਕੌਰ, ਬੇਅੰਤਪਰੀਤ ਕੌਰ, ਹਰਲੀਨ ਕੌਰ, ਲਵਪ੍ਰੀਤ ਕੌਰ, ਅਵਰੀਨ ਕੌਰ, ਸੁਖਜੋਤ ਸਿੰਘ, ਜਸਪ੍ਰੀਤ ਕੌਰ, ਸਿਮਰਨ ਜੋਤ ਕੌਰ, ਪ੍ਰਨੀਤ ਕੌਰ।

ਇਸ ਤੋਂ ਇਲਾਵਾ ਜਿਹਨਾਂ ਕਵੀਆਂ ਨੇ ਆਪਣੀਆਂ ਧਾਰਮਿਕ ਕਵਿਤਾਵਾਂ ਰਾਹੀਂ ਸਾਂਝ ਪਾਈ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ । ਕੇਵਲ ਸਿੰਘ, ਹਰਸ਼ਰਨ ਸਿੰਘ, ਹਰਬੰਸ ਸਿੰਘ ਢਿੱਲੋਂ, ਸੁਖਦੇਵ ਸਿੰਘ ਢਿੱਲੋਂ, ਅਜੈਬ ਚੀਮਾ, ਮਨਜੀਤ ਕੌਰ ਸੇਖੋਂ, ਹਰਭਜਨ ਸਿੰਘ ਢੇਰੀ, ਜਸਵੰਤ ਜੱਸੀ ਸ਼ੀਮਾਰ, ਅਮਰਜੀਤ ਸਿੰਘ ਜੌਹਲ, ਜੀਵਨ ਰੱਤੂ,ਕੁਲਵਿੰਦਰ ਸਿੰਘ, ਸਵਰਨ ਸਿੰਘ।ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਵੰਤ ਜੱਸੀ ਸ਼ੀਮਾਰ ਨੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਅਤੇ ਕਮੇਟੀ ਨੇ ਸਭਾ ਲਈ ਪੰਜ ਸੋ ਡਾਲਰ ਦਾ ਚੈਕ ਭੇਂਟ ਕੀਤਾ।

ਇਸ ਦੇ ਨਾਲ ਹੀ ਕਮੇਟੀ ਨੇ ਸਭਾ ਦਾ ਮਾਣ ਸਤਿਕਾਰ ਕਰਦਿਆਂ ਸਭਾ ਦੇ ਡਾਇਰੈਕਟਰ ਹਰਬੰਸ ਸਿੰਘ ਢਿੱਲੋਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਸਟੇਜ ਦੀ ਸੇਵਾ ਹਰਭਜਨ ਢੇਰੀ,ਕਿਰਨਪਰੀਤ ਕੌਰ ਅਤੇ ਸੁਖਦੇਵ ਢਿੱਲੋਂ ਨੇ ਬਾਖੂਬੀ ਨਿਭਾਈ ।

# ਬਰਨਵੀ ਦੇ ਨਵਨਿਯੁਕਤ ਮੇਅਰ ਮਾਈਕ ਹਰਲੇ ਨੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵਿਖੇ ਟੇਕਿਆ ਮੱਥਾ




**ਵੈਨਕੂਵਰ (ਹਰਨੇਕ ਸਿੰਘ ਵਿਰਦੀ)-** ਬੀਤੇ ਦਿਨ ਬ੍ਰਿਟਿਸ਼ ਕੋਲੰਬੀਆਂ ਦੇ ਵੱਖ ਵੱਖ ਸ਼ਹਿਰਾਂ 'ਚ ਹੋਈਆਂ ਮਿਊਂਸਪਲ ਦੀਆਂ ਚੋਣਾਂ 'ਚ ਜਿੱਥੇ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਸ਼ਖਸ਼ੀਅਤਾਂ ਨੇ ਮਾਰਕਾ ਮਾਰਿਆ, ਉਥੇ ਖਾਸ ਕੇਂਦਰ ਰਹੀ ਬਰਨਵੀ ਮਿਊਂਸਪਲ ਦੀ ਚੋਣ 'ਚ ਲਗਾਤਾਰ 4 ਵਾਰ ਜਿੱਤੇ ਮੇਅਰ ਡੈਰਕ ਕੌਰੀਗਨ ਨੂੰ ਹਰਾ ਕੇ ਮਾਈਕ ਹਰਲੇ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਮਾਈਕ ਹਰਲੇ ਨੇ 12,404 ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ ਜਦੋਂਕਿ ਡੈਰਕ ਕੌਰੀਗਨ 10,265 ਵੋਟਾਂ ਹੀ ਮਿਲੀਆਂ। ਇਸਤੋਂ ਇਲਾਵਾ ਤੀਸਰੇ ਨੰਬਰ ਤੇ ਰਹੀ ਹੀਲਨ ਐਸ. ਚਾਂਗ ਨੂੰ ਸਿਰਫ਼ 1,235 ਵੋਟਾਂ ਨਾਲ ਹੀ ਸਬਰ ਕਰਨਾ ਪਿਆ। ਸ਼ਾਨਦਾਰ ਜਿੱਤ ਤੋਂ ਬਾਅਦ ਮਾਈਕ ਹਰਲੇ ਨੇ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵਿਖੇ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਮੱਥਾ ਟੇਕਿਆ। ਇਸ ਮੌਕੇ ਸਟੇਜ਼ ਤੋਂ ਬੋਲਦਿਆਂ ਮਾਈਕ ਹਰਲੇ ਨੇ ਕਿਹਾ ਕਿ ਉਹ ਭਾਈਚਾਰੇ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਲਈ ਪੁਰਜ਼ੋਰ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਬਰਨਵੀ ਨਿਵਾਸੀਆਂ ਨਾਲ ਜੋ ਉਨ੍ਹਾਂ ਵਾਅਦੇ ਕੀਤੇ ਹਨ ਉਨ੍ਹਾਂ ਨੂੰ ਇੱਕ ਇੱਕ ਕਰਕੇ ਜਲਦ ਪੂਰਾ ਕੀਤਾ ਜਾਵੇਗਾ। ਉਨ੍ਹਾਂ ਸਟੇਜ਼ ਤੋਂ ਪ੍ਰਧਾਨ ਬਿੱਲ ਬਸਰਾ, ਪਰਮਜੀਤ ਲਾਖਾ, ਹਰਮੇਸ਼ ਸਰੋਆ, ਧਰਮਪਾਲ ਕਾਜਲ, ਅਮਰਜੀਤ ਕੈਲੇ ਆਦਿ ਸ਼ਖਸ਼ੀਅਤਾਂ ਵਲੋਂ ਵਿਸ਼ੇਸ਼ ਸਹਿਯੋਗ ਦੇਣ ਲਈ ਵੀ ਧੰਨਵਾਦ ਕੀਤਾ। ਇਸ ਮੌਕੇ ਵਿਧਾਨ ਸਭਾ ਬ੍ਰਿਟਿਸ਼ ਕੋਲੰਬੀਆ ਦੇ ਡਿਪਟੀ ਸਪੀਕਰ ਰਾਜ ਚੌਹਾਨ ਨੇ ਜਿੱਥੇ ਇਸ ਜਿੱਤ ਲਈ ਸੰਗਤਾਂ ਦਾ ਧੰਨਵਾਦ ਕੀਤਾ, ਉਥੇ ਕਿਹਾ ਕਿ ਉਹ ਭਾਈਚਾਰੇ ਦੀ ਹਰ ਸੰਭਵ ਮੱਦਦ ਲਈ ਹਾਜ਼ਰ ਸਨ। ਇਸਤੋਂ ਇਲਾਵਾ ਪੰਜਾਬੀ ਭਾਈਚਾਰੇ ਦੇ ਨਵਨਿਯੁਕਤ ਕੌਂਸਲਰ ਸਾਹਿਬ ਧਾਰੀਵਾਲ ਨੇ ਵੀ ਸੰਗਤਾਂ ਦਾ ਵੱਡੀ ਜਿੱਤ ਲਈ ਧੰਨਵਾਦ ਕੀਤਾ। ਇਸ ਮੌਕੇ ਪਰਮਜੀਤ ਲਾਖਾ ਨੇ ਜਿੱਥੇ ਮੇਅਰ ਮਾਈਕ ਹਰਲੇ ਨੇ ਜਿੱਤ ਦੀ ਵਧਾਈ ਦਿੱਤੀ, ਉਥੇ ਗੁਰਦੁਆਰਾ ਸਾਹਿਬ ਪਹੁੰਚਣ ਤੇ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕਮਿਊਨਿਟੀ ਦੇ ਕੰਮ ਪਹਿਲ ਦੇ ਅਧਾਰ ਤੇ ਹੱਲ ਕਰਵਾਉਣ ਲਈ ਉਹ ਮੇਅਰ ਹਰਲੇ ਨਾਲ ਰਾਬਤਾ ਰੱਖਣਗੇ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੇ ਉਪਰੋਕਤ ਆਗੂਆਂ ਦਾ ਸਿਰੋਪਾਓ ਸਾਹਿਬ ਭੇਂਟ ਕਰਕੇ ਵਿਸ਼ੇਸ਼ ਸਨਮਾਨ ਵੀ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਪ੍ਰਧਾਨ ਬਿੱਲ ਬਸਰਾ, ਧਰਮਪਾਲ ਕਾਜਲ, ਰੂਪ ਚੰਦਰ, ਪਰਮਜੀਤ ਸਿੰਘ ਲਾਖਾ, ਅਮਰਜੀਤ ਲੀਹਲ, ਹਰਭਜਨ ਮਹੇ, ਰਾਮੇਸ਼ ਸਰੋਆ ਬਾਹੜੋਵਾਲ, ਹਰਜੀਤ ਸੋਹਪਾਲ ਸਾਬਕਾ ਪ੍ਰਧਾਨ, ਸੋਢੀ ਦਦਰਾਰ, ਜਸਵਿੰਦਰ ਮਹਿੰਗੀ, ਹਰਦੇਵ ਸਰੋਆ, ਗੁਰਮੁੱਖ ਸਰੋਆ, ਬਲਵੀਰ ਸਿੰਘ ਬੈਂਸ, ਰਛਪਾਲ ਲਾਖਾ ਆਦਿ ਸ਼ਖਸ਼ੀਅਤਾਂ ਹਾਜ਼ਰ ਸਨ।

# ਲੋਕ ਕਵੀ ਗੁਰਦਾਸ ਰਾਮ ਆਲਮ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਬਰਸੀ ਨੂੰ ਸਮਰਪਿਤ ਕਵੀ ਦਰਬਾਰ ਆਯੋਜਿਤ



**ਵੈਨਕੂਵਰ (ਹਰਨੇਕ ਸਿੰਘ ਵਿਰਦੀ)-** ਲੋਕ ਕਵੀ ਗੁਰਦਾਸ ਰਾਮ ਆਲਮ ਜੀ ਦੀ ਨਿੱਘੀ ਯਾਦ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਬਰਸੀ ਨੂੰ ਸਮਰਪਿਤ ਸਥਾਨਕ ਸਰੀ ਸਿਟੀ ਸੈਂਟਰ ਪਬਲਿਕ ਲਾਇਬ੍ਰੇਰੀ ਵਿਖੇ ਬੀਤੇ ਦਿਨ ਕਵੀ ਦਰਬਾਰ ਦਾ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਸ਼ਾਇਰਾਂ ਨੇ ਆਪੋ ਆਪਣੀ ਸ਼ਾਇਰੀ ਦਾ ਲੋਹਾ ਮਨਵਾਇਆ ਉਥੇ ਲੋਕ ਕਵੀ ਗੁਰਦਾਸ ਰਾਮ ਆਲਮ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਜੀਵਨੀ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਸਮਾਗਮ ਦੇ ਮੁੱਖ ਮਹਿਮਾਨ ਉਘੇ ਲੇਖਕ ਤੇ ਰੇਡੀਓ ਹੋਸਟ ਸ: ਗੁਰਬਿੰਦਰ ਸਿੰਘ ਧਾਲੀਵਾਲ ਸਨ ਜਦੋਂਕਿ ਸਮਾਗਮ ਦੀ ਪ੍ਰਧਾਨਗੀ ਐਸਰੋ ਕੈਨੇਡਾ ਦੇ ਪ੍ਰਧਾਨ ਰੂਪ ਲਾਲ ਗੱਡੂ ਨੇ ਕੀਤੀ। ਇਸ ਮੌਕੇ ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਬੋਲਦਿਆਂ ਕਿਹਾ ਕਿ ਕਵੀ ਗੁਰਦਾਸ ਰਾਮ ਆਲਮ ਨੇ ਆਪਣੀਆਂ ਕਵਿਤਾਵਾਂ 'ਚ ਹਮੇਸ਼ਾ ਗਰੀਬ, ਮਜ਼ਲੂਮ ਤੇ ਮਜ਼ਦੂਰਾਂ ਦੀ ਗੱਲ ਕੀਤੀ ਹੈ, ਉਨ੍ਹਾਂ ਦੀਆਂ ਸਾਰੀਆਂ ਕਵਿਤਾਵਾਂ ਦਾ ਮੁੱਖ ਮਕਸਦ ਖੇਤ ਮਜਦੂਰ ਤੇ ਮਿਹਨਤਕਸ਼ ਲੋਕਾਂ 'ਚ ਜਾਗ੍ਰਿਤੀ ਪੈਦਾ ਕਰਨ ਸੀ ਤੇ ਉਨ੍ਹਾਂ ਵਲੋਂ ਆਪਣੇ ਪਿੰਡੇ ਦੇ ਹੰਢਾਏ ਦੁੱਖਾਂ ਤੇ ਤਕਲੀਫ਼ਾਂ ਨੂੰ ਅਵਾਮ ਮੋਹਰੇ ਲਿਆਉਣਾ ਸੀ। ਇਸ ਮੌਕੇ ਐਸਰੋ ਕੈਨੇਡਾ ਦੇ ਮੀਡੀਆ ਸਪੋਕਸਪਰਸਨ ਸ੍ਰੀ ਰਛਪਾਲ ਭਾਰਦਵਾਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਕਵੀ ਗੁਰਦਾਸ ਰਾਮ ਆਲਮ ਨੇ ਜਿੱਥੇ ਸਾਹਿਤ ਨੂੰ ਵੱਡੀ ਦੇਣ ਦਿੱਤੀ ਪ੍ਰੰਤੂ ਸਮੇਂ ਦੀਆਂ ਸਰਕਾਰਾਂ ਤੇ ਕਵੀਆਂ ਨੇ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਤੇ ਜਿਸ ਕਰਕੇ ਉਨ੍ਹਾਂ ਦੀਆਂ ਲਿਖਤਾਂ ਅੱਜ ਵੀ ਅਣਦਿਖ ਹਨ ਜੋ ਯੂਨੀਵਰਸਿਟੀਆਂ ਵਿੱਚ ਪੜ੍ਹਾਈਆਂ ਜਾਣੀਆਂ ਚਾਹੀਦੀਆਂ ਸਨ। ਇਸ ਮੌਕੇ ਪਰਾਈਮ ਏਸ਼ੀਆ ਟੀ.ਵੀ. ਤੋਂ ਮਨਮੋਹਣ ਸਿੰਘ ਸਮਰਾ ਸਾਹਿਬ ਨੇ ਕਿਹਾ ਕਿ ਅੱਜ ਦਲਿਤ ਸਮਾਜ ਤੇ ਸਿੱਖ ਭਾਈਚਾਰੇ 'ਚ ਆਪਸੀ ਤਾਲਮੇਲ ਦੀ ਬਹੁਤ ਵੱਡੀ ਘਾਟ ਰਹੀ ਜਿਸ ਕਰਕੇ ਆਪਸੀ ਦੂਰੀ ਵੱਧ ਰਹੀ ਹੈ। ਜਿਸਦਾ ਰਾਜਨੀਤਿਕ ਲੋਕ ਫਾਇਦਾ ਲੈ ਕੇ ਆਪਣੀ ਸੋੜੀ ਸੋਚ ਅਧੀਨ ਰਾਜਨੀਤਿਕ ਫਾਇਦਾ ਲੈ ਰਹੇ ਹਨ। ਨੌਜਵਾਨ ਆਗੂ ਅਵਤਾਰ ਮਹੇ ਨੇ ਕਿਹਾ ਕਿ ਆਪਣੀ ਤੇ ਆਪਣੇ ਭਾਈਚਾਰੇ ਦੀ ਪਹਿਚਾਣ ਲੁਕੋਣੀ ਨਹੀਂ ਚਾਹੀਦੀ, ਕਿਉਂਕਿ ਇਸ ਨਾਲ ਅਸੀਂ ਹੀਣ ਭਾਵਨਾ ਦੇ ਸ਼ਿਕਾਰ ਹੋ ਜਾਵਾਂਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿੱਲ ਬਸਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਬਰਨਵੀ, ਮੋਹਣ ਬੰਗਾ, ਪਰਮਜੀਤ ਲਾਖਾ, ਸੁਰਿੰਦਰ ਸਿੰਘ ਸੰਧੂ, ਮਿਸਟਰ ਬੰਗਾ, ਸਵਾਮੀ ਭਾਰਤੀ ਰਿਟਾ: ਐਸ.ਡੀ.ਐਮ., ਸ਼ਿੰਗਾਰਾ ਸਿੰਘ ਸੰਧੂ, ਰੂਪ ਚੰਦੜ, ਅਮਰਜੀਤ ਲੀਹਲ, ਡਾਇਰੈਕਟਰ ਬਖਸ਼ੀਸ਼ ਸਿੰਘ, ਸੁਰਿੰਦਰ ਕੌਰ ਭਾਟੀਆ, ਰੁਮਿੰਦਰ ਭੁੱਲਰ, ਮੋਹਣ ਲਾਲ ਕਰੀਮਪੁਰੀ, ਬਲਵੀਰ ਬੈਂਸ, ਸੁਰਜੀਤ ਬੈਂਸ, ਮਾਇਆ ਰਾਣੀ ਕਲੇਰ, ਰਮਨੀ ਕਲੇਰ, ਪ੍ਰਿੰਸੀਪਲ ਗੁਰਮੇਲ ਸਿੰਘ, ਗੁਰਸ਼ਰਨ ਸਿੰਘ, ਪਰਮਜੀਤ ਬੰਗਾ, ਹਰਜੀਤ ਬੰਗਾ, ਰਵੀ ਲੰਗਾਹ, ਮਨਦੀਪ ਕਲੇਰ, ਸੀਤਾ ਰਾਮ ਹੀਰ ਆਦਿ ਸ਼ਖਸ਼ੀਅਤਾਂ ਹਾਜ਼ਰ ਸਨ। ਅੰਤ ਵਿੱਚ ਪਾਵਰਕੂਲ ਕੰਪਨੀ ਦੇ ਮਾਲਕ ਸ੍ਰੀ ਪਰਮਜੀਤ ਲਾਖਾ ਨੇ ਜਿੱਥੇ ਪੁੱਜੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ, ਉਥੇ ਸਾਹਿਬ ਕਾਂਸ਼ੀ ਰਾਮ ਜੀ ਨਾਲ ਬਿਤਾਏ ਦਿਨਾਂ ਨੂੰ ਯਾਦ ਕੀਤਾ।

# ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਦਾ ਕਾਰਜਕਾਰੀ ਜਥੇਦਾਰ ਲਗਾਇਆ

**ਅੰਮ੍ਰਿਤਸਰ–** ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਆਪਣੇ ਅਹੁਦੇ ਤੋਂ ਦਿੱਤੇ ਗਏ ਅਸਤੀਫੇ ਨੂੰ ਇਥੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਦੀ ਥਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਦਾ ਕਾਰਜਕਾਰੀ ਜਥੇਦਾਰ ਥਾਪ ਦਿੱਤਾ। ਉਨ੍ਹਾਂ ਨੂੰ ਕਾਰਜਕਾਰੀ ਜਥੇਦਾਰ ਵਜੋਂ ਤਖ਼ਤ ਦਾ ਵਾਧੂ ਭਾਰ ਸੌਂਪਿਆ ਗਿਆ ਹੈ।

ਇਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿੱਚ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਦਿੱਤੇ ਅਸਤੀਫੇ ਸਬੰਧੀ ਇਕ ਨੁਕਾਤੀ ਏਜੰਡੇ ’ਤੇ ਵਿਚਾਰ ਕੀਤਾ ਗਿਆ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਲੌਂਗੋਵਾਲ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸਿਹਤ ਦਾ ਹਵਾਲਾ ਦਿੰਦਿਆਂ ਦਿੱਤਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਆਖਿਆ ਕਿ ਮੀਟਿੰਗ ਵਿਚ ਸਰਬਸੰਮਤੀ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖਤ ਦੇ ਜਥੇਦਾਰ ਦਾ ਵਾਧੂ ਕਾਰਜ ਭਾਰ ਸੌਂਪਿਆ ਗਿਆ ਹੈ। ਉਹ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਬਣੇ ਰਹਿਣਗੇ ਅਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਵੀ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਉਹ ਜਲਦੀ ਹੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦਾ ਕਾਰਜਭਾਰ ਸਾਂਭ ਲੈਣਗੇ।



ਸ੍ਰੀ ਲੌਂਗੋਵਾਲ ਨੇ ਸਪੱਸ਼ਟ ਕਰ ਦਿੱਤਾ ਕਿ ਫਿਲਹਾਲ ਕਾਰਜਕਾਰੀ ਜਥੇਦਾਰ ਵਜੋਂ ਨਿਯੁਕਤੀ ਕਰਕੇ ਆਰਜ਼ੀ ਪ੍ਰਬੰਧ ਕੀਤੇ ਗਏ ਹਨ ਅਤੇ ਜਦੋਂ ਕਿਸੇ ਨੂੰ ਪੱਕੇ ਤੌਰ ’ਤੇ ਅਕਾਲ ਤਖ਼ਤ ਦਾ ਜਥੇਦਾਰ ਨਿਯੁਕਤ ਕੀਤਾ ਜਾਵੇਗਾ, ਉਸ ਵੇਲੇ ਸਮੂਹ ਸਿੱਖ ਜਥੇਬੰਦੀਆਂ ਨਾਲ ਇਸ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਰਜ਼ੀ ਪ੍ਰਬੰਧ ਲਈ ਅੰਤ੍ਰਿੰਗ ਕਮੇਟੀ ਮੈਂਬਰਾਂ ਨਾਲ ਵਿਚਾਰ ਚਰਚਾ ਮਗਰੋਂ ਹੀ ਫੈਸਲਾ ਲਿਆ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਦੀ ਵਕਾਲਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਉੱਚ ਵਿਦਿਆ ਪ੍ਰਾਪਤ ਹਨ ਅਤੇ ਉਨ੍ਹਾਂ ਕੋਲ ਹੈਂਡ ਗ੍ਰੰਥੀ ਤੇ ਜਥੇਦਾਰ ਵਜੋਂ ਵੀ ਲੋੜੀਂਦਾ ਤਜਰਬਾ ਹੈ। ਉਨ੍ਹਾਂ ਦੀ ਯੋਗਤਾ ਅਤੇ ਤਜਰਬੇ ਨੂੰ ਧਿਆਨ ਵਿਚ ਰੱਖਦਿਆਂ ਹੀ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਉਹ ਬਤੌਰ ਕਾਰਜਕਾਰੀ ਜਥੇਦਾਰ ਸਿੱਖ ਕੌਮ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ। ਉਨ੍ਹਾਂ ਆਖਿਆ ਕਿ ਕਾਰਜਕਾਰੀ ਜਥੇਦਾਰ ਦੀ ਸੇਵਾ ਸੰਭਾਲਣ ਲਈ ਸ਼੍ਰੋਮਣੀ ਕਮੇਟੀ ਵਲੋਂ ਜਲਦੀ ਹੀ ਸਮਾਗਮ ਆਯੋਜਿਤ ਕੀਤਾ ਜਾਵੇਗਾ। ਯਾਦ ਰਹੇ ਕਿ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਗਿਆਨੀ ਗੁਰਬਚਨ ਸਿੰਘ ਨੇ ਬੀਤੇ ਦਿਨ ਆਪਣੇ ਅਹੁਦੇ ਤੋਂ ਅਸਤੀਫੇ ਦੀ ਪੇਸ਼ਕਸ਼ ਕੀਤੀ ਸੀ। ਮਗਰੋਂ ਉਨ੍ਹਾਂ ਆਪਣਾ ਅਸਤੀਫਾ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜ ਦਿੱਤਾ ਸੀ।

ਅਸਤੀਫ਼ੇ ਮਗਰੋਂ ਪੈਦਾ ਹੋਏ ਹਾਲਾਤ ਨੂੰ ਵਿਚਾਰਨ ਲਈ ਹੀ ਸ਼੍ਰੋਮਣੀ ਕਮੇਟੀ ਨੇ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਸੀ।

ਅਕਾਲ ਤਖਤ ਦੇ ਨਵੇਂ ਥਾਪੇ ਗਏ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 46 ਵਰ੍ਹਿਆਂ ਦੇ ਹਨ। ਉਨ੍ਹਾਂ ਦਾ ਜਨਮ ਮਈ 1972 ਵਿੱਚ ਹੋਇਆ। ਉਹ ਉੱਚ ਵਿਦਿਆ ਪ੍ਰਾਪਤ ਹਨ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸੰਸਥਾ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਤਿੰਨ ਸਾਲ ਦਾ ਕੋਰਸ ਕੀਤਾ ਹੈ। ਮਗਰੋਂ ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਕ ਸਾਲਾ ਡਿਪਲੋਮਾ ਇਨ ਡਿਵਨਿਟੀ ਪਾਸ ਕੀਤਾ ਹੈ। ਧਰਮ ਅਧਿਐਨ ਵਿਚ ਪੰਜਾਬੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ। ਹੁਣ ਉਹ ਪੀਐਚ.ਡੀ. ਵੀ ਕਰ ਰਹੇ ਹਨ। ਉਨ੍ਹਾਂ ਨੇ 21 ਅਪਰੈਲ 2017 ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲੀ ਸੀ।

ਇਸ ਤੋਂ ਪਹਿਲਾਂ ਉਨ੍ਹਾਂ 17 ਸਾਲ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਈਆਂ। 1997 ਵਿੱਚ ਉਹ ਪ੍ਰਚਾਰਕ ਭਰਤੀ ਹੋਏ ਸਨ ਅਤੇ ਜੁਲਾਈ 1999 ਵਿਚ ਪਹਿਲਾਂ ਮੁਕਤਸਰ ਸਾਹਿਬ ਵਿਖੇ ਕਥਾਵਾਚਕ ਅਤੇ ਮਗਰੋਂ ਹੈਡ ਗ੍ਰੰਥੀ ਨਿਯੁਕਤ ਕੀਤੇ ਗਏ।

# 27ਵਾਂ 'ਮੇਲਾ ਗ਼ਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਜ਼ੋਰਾਂ ’ਤੇ

**ਜਲੰਧਰ–** ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਗ਼ਦਰੀ ਬਾਬਿਆਂ ਦੀ ਯਾਦ ਵਿਚ ਲਗਾਏ ਜਾਣ ਵਾਲੇ ਮੇਲੇ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ’ਤੇ ਚੱਲ ਰਹੀਆਂ ਹਨ। ਕਮੇਟੀ ਦੇ ਪਰਿਵਾਰਕ ਮੈਂਬਰ ਬਹੁਤ ਹੀ ਸੁਹਿਰਦਤਾ ਨਾਲ ਤਿਆਰੀ ਵਿਚ ਜੁੱਟੇ ਹੋਏ ਹਨ। ਕਮੇਟੀ ਦੀ ਅਗਵਾਈ ਵਿਚ ਵੱਖ-ਵੱਖ ਟੀਮਾਂ ਜਲੰਧਰ ਸ਼ਹਿਰ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਕਾਲਜਾਂ, ਸਕੂਲਾਂ ਵਿਚ ਅਤੇ ਗ਼ਦਰੀ ਬਾਬਿਆਂ ਦੇ ਪਿੰਡਾਂ ਵਿਚ ਗ਼ਦਰ ਸਾਹਿਤ ਲੈ ਕੇ ਜਾ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਸਕੂਲਾਂ ਅਤੇ ਕਾਲਜਾਂ ਦੇ ਸਟਾਫ ਵੱਲੋਂ ਮੇਲੇ ਵਿਚ ਹਿੱਸਾ ਲੈਣ ਲਈ ਭਾਰੀ ਉਤਸ਼ਾਹ ਦਿਖਾਇਆ ਜਾ ਰਿਹਾ ਹੈ।

ਜਿੱਥੇ ਸਕੂਲਾਂ/ਕਾਲਜਾਂ ਦਾ ਸਟਾਫ ਬੱਚਿਆਂ ਨੂੰ ਮੇਲੇ ਵਿਚ ਹੋ ਰਹੇ ਵੱਖ-ਵੱਖ ਮੁਕਾਬਲਿਆਂ ਵਿਚ ਭੇਜਣ ਦਾ ਵਾਅਦਾ ਕਰ ਰਹੇ ਹਨ, ਉਥੇ ਆਪਣੀ ਵਿੱਤ ਅਨੁਸਾਰ ਲੰਗਰ ਲਈ ਬਣਦਾ ਯੋਗਦਾਨ ਵੀ ਪਾ ਰਹੇ ਹਨ। ਇਸੇ ਤਰ੍ਹਾਂ ਬਹੁਤ ਬਹੁਤ ਸਾਰੇ ਪਿੰਡਾਂ ਅਤੇ ਜਨਤਕ ਜਥੇਬੰਦੀਆਂ ਵੱਲੋਂ ਵੀ ਲੰਗਰ ਲਈ ਰਸਦ ਪੁੱਜਦਾ ਕੀਤਾ ਜਾ ਰਿਹਾ ਹੈ।

ਕੰਪਲੈਕਸ ਨੂੰ ਸਜਾਉਣ ਲਈ ਬੈਨਰ, ਮਾਟੋ, ਝੰਡੀਆਂ ਆਦਿ ਪਾਰਕ ਦਾ ਸ਼ਿੰਗਾਰ ਬਣੇ ਹੋਏ ਹਨ। ਜ਼ਿਕਰਯੋਗ ਹੈ ਕਿ ਇਸ ਵਾਰ ਦਾ ਇਹ ਤਿੰਨ ਰੋਜ਼ਾ ਮੇਲਾ ਦੁਨੀਆ ਦੇ ਮਹਾਨ ਚਿੰਤਕ ਕਾਰਲ ਮਾਰਕਸ ਦੇ 200ਵੇਂ ਜਨਮ ਦਿਨ ਨੂੰ ਸਮਰਪਤ ਕੀਤਾ ਗਿਆ ਹੈ। ਕਾਰਲ ਮਾਰਕਸ ਨੇ ਮਜ਼ਦੂਰ ਜਮਾਤ ਦੀ ਬੰਦਖ਼ਲਾਸੀ ਲਈ ਮਾਰਕਸਵਾਦੀ ਸਿਧਾਂਤ ਵਿਕਸਤ ਕੀਤਾ, ਜਿਸ ਰਾਹੀਂ ਜਮਾਤ ਰਹਿਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਇਸ ਵਾਰ ਦੇ ਮੇਲੇ ਦਾ ਆਗਾਜ਼ 30 ਅਕਤੂਬਰ ਨੂੰ ਕਮੇਟੀ ਦੇ ਸੀਨਅਰ ਆਗੂ ਸ਼ਮ੍ਹਾ ਰੌਸ਼ਨ ਕਰਕੇ ਕਰਨਗੇ। ਗਾਇਨ ਮੁਕਾਬਲੇ ਅਤੇ ਭਾਸ਼ਣ ਮੁਕਾਬਲੇ ਹੋਣਗੇ। 30 ਅਕਤੂਬਰ ਸ਼ਾਮ 6.30 ਵਜੇ ਅਜੇ ਸ਼ਰਮਾ ਦਾ ਲਿਖਿਆ, ਆਜ਼ਾਦ ਥੀਏਟਰ ਗਰੁੱਪ ਵਲੋਂ ਰਜਿੰਦਰ ਭਗਤ ਤੇ ਮਨਜੀਤ ਕੇਸਰ ਦੀ ਨਿਰਦੇਸ਼ਨਾ ਹੇਠ ਨਾਟਕ 'ਮੁਕਤੀ' ਪੇਸ਼ ਕੀਤਾ ਜਾਵੇਗਾ। ਇਸੇ ਤਰ੍ਹਾਂ 31 ਅਕਤੂਬਰ ਸਵੇਰੇ 10 ਵਜੇ ਪੇਂਟਿੰਗ ਮੁਕਾਬਲਿਆਂ ਤੋਂ ਇਲਾਵਾ ਹਰਵਿੰਦਰ ਭੰਡਾਲ ਵਲੋਂ ਲਿਖੀ ਪੁਸਤਕ 'ਕਾਰਲ ਮਾਰਕਸ, ਵਿਅਕਤੀ, ਯੁੱਗ ਤੇ ਸਿਧਾਂਤ' ’ਤੇ ਆਧਾਰਤ ਕੁਇਜ਼ ਮੁਕਾਬਲੇ ਹੋਣਗੇ। ਸ਼ਾਮ 4 ਵਜੇ ਕਵੀ ਦਰਬਾਰ ਹੋਵੇਗਾ। ਸ਼ਾਮ 6.30 ਵਜੇ ਪੀਪਲਜ਼ ਵਾਇਸ ਵੱਲੋਂ ਫਿਲਮ ਸ਼ੋਅ ਹੋਵੇਗਾ। ਪਹਿਲੀ ਨਵੰਬਰ ਸਵੇਰੇ ਦਸ ਵਜੇ ਕਮੇਟੀ ਦੇ ਸੀਨਅਰ ਟਰੱਸਟੀ ਕਾਮਰੇਡ ਨੌਨਿਹਾਲ ਝੰਡੇ ਦੀ ਰਸਮ ਅਦਾ ਕਰਨਗੇ। ਉਪਰੰਤ ਅਮੋਲਕ ਸਿੰਘ ਦੀ ਰਚਨਾ 'ਸੂਰਜ ਕਦੇ ਮਰਿਆ ਨਹੀਂ' ਝੰਡੇ ਦਾ ਗੀਤ ਪੇਸ਼ ਕੀਤਾ ਜਾਵੇਗਾ। ਦਿਨ ਵੇਲੇ ਵੱਖ-ਵੱਖ ਗੀਤ ਸੰਗੀਤ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ। ਉਪਰੰਤ ਦੁਪਹਿਰ 1 ਵਜੇ ਗੋਆ ਯੂਨੀ-ਵਰਸਿਟੀ ਤੋਂ ਉਚੇਚੇ ਤੌਰ ’ਤੇ ਪੁੱਜੇ ਗੰਭੀਰ ਚਿੰਤਕ ਪ੍ਰੋਫੈਸਰ ਤੈਲਤੁੰਬੜੇ ਦਰਸ਼ਕਾਂ ਦੇ ਸਨਮੁੱਖ ਆਪਣੇ ਵਿਚਾਰ ਪੇਸ਼ ਕਰਨਗੇ। ਸ਼ਾਮ 4 ਵਜੇ ਤੋਂ 5:45 ਵਜੇ ਤੱਕ ਵਿਚਾਰ ਚਰਚਾ ਹੋਏਗੀ। ਇਸ ਵਿਚਾਰ ਚਰਚਾ ਦਾ ਮੁੱਖ ਵਿਸ਼ਾ 'ਅਜੋਕੇ ਸਮੇਂ ਵਿਚ ਮਾਰਕਸਵਾਦ ਦੀ ਪ੍ਰਸੰਗਿਤਾ' ਹੋਵੇਗਾ, ਜਿਸ ਵਿਚ ਕਮੇਟੀ ਦੇ ਟਰੱਸਟੀ ਕਾਮਰੇਡ ਜਗਰੂਪ, ਕਾਮਰੇਡ ਅਜਮੇਰ, ਕਾਮਰੇਡ ਮੰਗਤ ਰਾਮ ਪਾਸਲਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁੱਧੀ-ਜੀਵੀ ਹਿੱਸਾ ਲੈਣਗੇ। ਸ਼ਾਮ 6 ਵਜੇ ਫੁਲਵਾੜੀ ਕਲਾ ਕੇਂਦਰ ਲੋਹੀਆਂ (ਰਚਨਾ ਤੇ ਨਿਰਦੇਸ਼ਨ ਜਾਗੀਰ ਜੋਸਣ) ਦੇਸ਼ ਭਗਤ ਹਾਲ ਦੇ ਮੁੱਖ ਦੁਆਰ ਤੋਂ ਸ਼ੁਰੂ ਕਰਕੇ ਨਾਟਕਾਂ ਵਾਲੀ ਮੰਚ ਤੱਕ 'ਜਾਗੋ' ਕੱਢੀ ਜਾਏਗੀ। ਪਹਿਲੀ ਨਵੰਬਰ ਦੀ ਸ਼ਾਮ 6:30 ਵਜੇ ਤੋਂ 2 ਨਵੰਬਰ ਸਵੇਰ ਤੱਕ ਨਾਟਕ ਅਤੇ ਗੀਤ ਸੰਗੀਤ ਚੱਲਦੇ ਰਹਿਣਗੇ। ਇਸ ਵਾਰ ਰੁਜ਼ਗਾਰ ਪ੍ਰਾਪਤੀ ਰੰਗ ਮੰਚ ਇਪਟਾ ਮੋਗਾ (ਨਿਰਦੇਸ਼ਕ ਵਿੱਕੀ ਮਹੇਸ਼ਰੀ) ਵੱਲੋਂ 'ਪਿਸ਼ਾਵਰ ਐਕਸਪ੍ਰੈਸ' ਸੁਚੇਤਕ ਰੰਗ ਮੰਚ ਮੋਹਾਲੀ (ਲੇਖਕ ਸ਼ਬਦੀਸ਼, ਨਿਰਦੇਸ਼ਕ ਅਨੀਤਾ ਸ਼ਬਦੀਸ਼) ਵੱਲੋਂ 'ਮਨ ਮਿੱਟੀ ਦਾ ਬੋਲਿਆ', ਡਾ. ਸਵਰਾਜਵੀਰ ਦਾ ਲਿਖਿਆ, ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ’ਚ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ 'ਧਰਮ ਗੁਰੂ', ਪ੍ਰੋ. ਅਜਮੇਰ ਸਿੰਘ ਔਲਖ ਦੀ ਰਚਨਾ ਅਤੇ ਮਨਜੀਤ ਔਲਖ ਨਿਰਦੇਸ਼ਨਾ ’ਚ ਲੋਕ ਕਲਾ ਮੰਚ ਮਾਨਸਾ ਵੱਲੋਂ 'ਐਸੇ ਜਨ ਵਿਰਲੇ ਸੰਸਾਰਿ', ਗੁਰਮੀਤ ਕੜਿਆਲਵੀ ਦੀ ਰਚਨਾ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ ’ਚ ਨਾਟਿਯਮ ਅਭਿਨੇਤਾ ਦਾ ਰੰਗ ਮੰਚ ਬਠਿੰਡਾ ਵੱਲੋਂ 'ਸਿਲਤਰਾਂ' ਨਾਟਕ ਪੇਸ਼ ਕੀਤੇ ਜਾਣਗੇ।




# ਸ਼ਿੰਦਾ ਅੱਚਰਵਾਲ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੈਨੇਡਾ ਫੈਡਰੇਸ਼ਨ ਦੇ ਸਰਬਸੰਮਤੀ ਨਾਲ ਨਵੇਂ ਪ੍ਰਧਾਨ ਬਣੇ

**ਲੁਧਿਆਣਾ–** ਜਿਉਂ ਹੀ ਕੈਨੇਡਾ ਦਾ ਇਸ ਵਰ੍ਹੇ ਦਾ ਕਬੱਡੀ ਸੀਜ਼ਨ ਖਤਮ ਹੋਇਆ ਤਾਂ ਅਗਲੇ ਵਰ੍ਹੇ ਦੀਆਂ ਵਿਉਂਤਬੰਦੀਆਂ ਵੀ ਸ਼ੁਰੂ ਹੋ ਗਈਆਂ, ਜਿਸਦੇ ਤਹਿਤ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਕੈਨੇਡਾ ਫੈਡਰੇਸ਼ਨ ਦੀ ਨਵੀਂ ਚੋਣ ਹੋਈ ਜਿਸ 'ਚ ਕਬੱਡੀ



ਦੇ ਸਾਬਕਾ ਖਿਡਾਰੀ, ਮੀਤ ਪ੍ਰਧਾਨ ਅਤੇ ਲੰਬਾ ਸਮਾਂ ਡਾਇਰੈਕਟਰ ਦੇ ਅਹੁਦੇ ਤੇ ਕੰਮ ਕਰਨ ਵਾਲੇ ਸੁਰਿੰਦਰ ਸਿੰਘ ਗਿੱਲ ਉਰਫ ਸ਼ਿੰਦਾ ਅੱਚਰਵਾਲ ਨੂੰ ਨਵਾਂ ਪ੍ਰਧਾਨ ਸਰਬਸੰਮਤੀ ਨਾਲ ਚੁਣਿਆ ਗਿਆ।

ਨਵੇਂ ਚੁਣੇ ਗਏ ਪ੍ਰਧਾਨ ਸ਼ਿੰਦਾ ਅੱਚਰਵਾਲ ਨੇ ਦੱਸਿਆ ਕਿ ਉਹ ਕਬੱਡੀ ਨੂੰ ਕੈਨੇਡਾ ਅਤੇ ਹੋਰ ਮੁਲਕਾਂ 'ਚ ਪ੍ਰਫੁੱਲਤ ਕਰਨ ਲਈ ਆਪਣੀ ਤਨਦੇਹੀ ਅਤੇ ਇਮਾਨਦਾਰੀ ਨਾਲ ਜ਼ਿੰਮੇਵਾਰੀ ਨਿਭਾਉਣੇ। ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਇੱਕੋ ਟੀਚਾ ਹੈ ਕਿ ਕਬੱਡੀ ਨਿਯਮ ਸਿਧਾਂਤਾਂ ਤਹਿਤ ਦੁਨੀਆ ਦੀ ਇੱਕ ਮਾਨਤਾ ਪ੍ਰਾਪਤ ਖੇਡ ਬਣੇ ਅਤੇ ਭਵਿੱਖ ਵਿਚ ਓਲੰਪਿਕ ਖੇਡਾਂ ਦਾ ਹਿੱਸਾ ਹੋਵੇ। ਉਹਨਾਂ ਆਖਿਆ ਕਿ ਅਗਲੇ ਵਰ੍ਹੇ ਦਾ ਕੈਨੇਡਾ ਕਬੱਡੀ ਸੀਜ਼ਨ ਕਬੱਡੀ ਖੇਡ ਨੂੰ ਇੱਕ ਨਵੀਂ ਸੇਧ ਦੇਵੇਗਾ। ਇਸ ਮੌਕੇ ਉਨ੍ਹਾਂ ਨੇ ਸ. ਮੇਜਰ ਸਿੰਘ ਭਲੂਰ ਅਤੇ ਸਾਰੇ ਕਬੱਡ ਕਲੱਬਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿੰਨ੍ਹਾਂ ਦੇ ਸਹਿਯੋਗ ਸਦਕਾ ਉਹਨਾਂ ਨੂੰ ਨਵੀਂ ਜ਼ਿੰਮੇਵਾਰੀ ਮਿਲੀ ਹੈ। ਇਸ ਮੌਕੇ ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ ਦੇ ਮੁੱਖ ਪ੍ਰਬੰਧਕ ਮਨਮੋਹਣ ਯੋਧਾਂ, ਖਹਿਰਾ ਬਾਈ, ਬਰੈਟੀ ਗਿੱਲ, ਸੰਦੀਪ ਗੁਰਨਾ, ਬਿੱਟੂ ਅੱਚਰਵਾਲ, ਬਲਜੀਤ ਸਿੰਘ ਸੰਧੂ, ਰਾਜੀ ਪੱਡਾ, ਜਿੰਦ ਅਟਵਾਲ, ਮਨਜੀਤ ਕਣਕਵਾਲ, ਨੀਟੂ ਕੰਗ, ਬਿੱਲੂ ਖੜੂਰੀਆ ਯੂਕੇ, ਦਲਜੀਤ ਸਿੰਘ ਸੌਂਸਪੁਰ, ਕਰਨ ਸੰਧੂ,ਫ਼ਨਬਸਪ; ਕੁਲਵੰਤ ਸਿੰਘ ਮਿਨਹਾਸ, ਜਰਖੜ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਸ਼ਿੰਦਾ ਅੱਚਰਵਾਲ ਨੂੰ ਪ੍ਰਧਾਨ ਬਣਨ 'ਤੇ ਵਧਾਈ ਦਿੰਦਿਆਂ ਭਵਿੱਖ ਵਿਚ ਕਾਮਯਾਬੀ ਦੀ ਸ਼ੁਭਕਾਮਨਾਵਾਂ ਭੇਜੀਆਂ।

# ਬਹੁਜਨ ਸਮਾਜ ਵੱਲੋਂ ਰਾਵਣ ਦੀ ਕੀਤੀ ਪੂਜਾ

**ਹੁਸ਼ਿਆਰਪੁਰ–** ਅਮਰਜੀਤ ਭੱਟੀ ਬੀ ਵੀਂ ਐਫ ਸਿਟੀ ਕਨਵੀਨਰ ਬਸਪਾ ਹੁਸ਼ਿਆਰਪੁਰ ਦੀ ਅਗਵਾਈ ਹੇਠ ਰਹੀਮਪੁਰ ਚ ਮਹਾਤਮਾ ਰਾਵਣ ਅਮਰ ਰਹੇ, ਜੈ ਭੀਮ ਜੈ ਭਾਰਤ ਦੇ ਜੈਕਾਰਿਆਂ ਨਾਲ ਗੂੰਜੀਆਂ ਹੁਸ਼ਿਆਰਪੁਰ ਸਿਟੀ। ਇਸ ਮੌਕੇ 'ਤੇ ਡਾ ਰਤਨ ਚੰਦ ਹਲਕਾ ਪ੍ਰਧਾਨ ਹੁਸ਼ਿਆਰਪੁਰ ਬਸਪਾ, ਚੰਦਨ ਲੱਕੀ ਪ੍ਰਧਾਨ ਗੁਰੂ ਰਵਿਦਾਸ ਨੌਜਵਾਨ ਸਭਾ ਰਹੀਮਪੁਰ, ਹਰਦਿਆਲ ਸੰਧੂ ਐਡਵੋਕੇਟ ਬਸਪਾ ਹੁਸ਼ਿਆਰਪੁਰ, ਬੀਬੀ ਮਹਿੰਦਰ ਕੋਰ ਹਲਕਾ ਪ੍ਰਧਾਨ ਬਸਪਾ ਹੁਸ਼ਿਆਰਪੁਰ, ਸੋਹਣ ਲਾਲ ਸੀਨੀਅਰ ਆਗੂ ਬਸਪਾ ਹੁਸ਼ਿਆਰਪੁਰ , ਕਮਲਜੀਤ ਦਰਦੀ , ਰੋਹਿਤ ਕੁਮਾਰ, ਕਮਲਜੀਤ ਸੈਕਟਰੀ , ਜਗਮੋਹਨ ਮੰਤਰੀ, ਜਿੰਮੀ, ਡਾ ਪ੍ਰਿੰਸ, ਅਕਸਿਤ, ਸੰਜੀਵ, ਸੰਦੀਪ ਕੁਮਾਰ, ਪੱਪੀ, ਡਾ ਪ੍ਰੀਤ ਸਿੰਘ, ਨਾਣਾ, ਪੰਮਾ ਆਦਿ ਆਗੂਆਂ ਵੱਲੋ ਰਾਵਣ ਦੀ ਪੂਜਾ ਕੀਤੀ ਗਈ ਤੇ ਬਲੀਦਾਨ ਦਿਵਸ ਤੇ ਮਹਾਤਮਾ ਰਾਵਣ ਨੂੰ ਪ੍ਰਣਾਮ ਕੀਤਾ ਗਿਆ ਇਸ ਗੁਰੂ ਕਾ ਲੰਗਰ ਵੀ ਲਗਾਇਆ ਗਿਆ ਤੇ ਦਲਿਤ ਆਗੂਆਂ ਨੇ ਕਿਹਾ ਕਿ ਭਾਰਤ ਦੇ ਬਹੁਜਨ ਸਮਾਜ ਨੂੰ ਇੱਕਮੁੱਠ ਹੋ ਕੇ ਵਿਭੀਸ਼ਣ ਵਰਗੇ ਰਾਸ਼ਟਰੀ ਗੱਦਾਰਾਂ ਵਿਰੁੱਧ ਖੜ੍ਹਾ ਹੋਣਾ ਸਮੇਂ ਦੀ ਲੋੜ ਹੈ ਤੇ ਅੱਜ ਵੀਂ ਬਹੁਜਨ ਸਮਾਜ ਚ ਗੱਦਾਰ ਬੈਠੇ ਹਨ, ਇਨ੍ਹਾਂ ਨੂੰ ਬਾਈਕਾਟ ਕਰਨਾ ਹੋਵੇਗਾ ਇਸ ਮੌਕੇ ਬਸਪਾ ਆਗੂਆਂ ਨੇ ਕਿਹਾ ਕਿ ਸੰਵਿਧਾਨ ਖ਼ਤਰੇ ਚ ਹੈ ਮਨੂੰਵਾਦ ਸੰਵਿਧਾਨ ਨੂੰ ਖਤਮ ਕਰਨਾ ਚਾਹੀਦਾ ਹੈ ਤੇ ਬਹੁਜਨ ਸਮਾਜ ਪਾਰਟੀ ਸੰਵਿਧਾਨ ਨੂੰ ਖਤਮ ਹੋਣ ਨਹੀਂ ਦੇਵਾਂਗੀ।



# ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਵੱਲੋਂ ਕਾਂਗਰਸਮੈਨ ਐਡਮ ਸਮਿੱਥ ਅਤੇ ਹੋਰ ਸਨਮਾਨਿਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿੱਥੇ ਧਾਰਮਿਕ ਦੀਵਾਨ ਸਜਾਏ ਗਏ ਅਤੇ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜ਼ਰੀ ਲਗਵਾਈ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਡੈਮੋਕ੍ਰੇਟਿਥ ਪਾਰਟੀ ਦੇ ਸੀਨੀਅਰ ਆਗੂ ਤੇ ਸਟੇਟ ਕਾਂਗਰਸਮੈਨ ਐਡਮ ਸਮਿੱਥ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਅਤੇ ਨਿਊਯਾਰਕ ਤੋਂ ਪਹੁੰਚੇ ਸਿੱਖ ਕੌਕਸ ਦੇ ਪ੍ਰਧਾਨ ਹਰਪ੍ਰੀਤ ਸਿੰਘ ਸੰਧੂ ਨੂੰ ਗੁਰੂ ਘਰ ਵੱਲੋਂ ਹੈਡ ਗ੍ਰੰਥੀ ਗਿਆਨੀ ਸ਼ੇਰ ਸਿੰਘ ਨੇ ਸਿਰੋਪਾਓ ਦੇ ਕੇ ਨਿਵਾਜਿਆ। ਐਡਮ ਸਮਿੱਥ ਨੇ ਸੰਗਤਾਂ ਨੂੰ ਸੰਬੋਧਿਤ ਕਰਦਿਆਂ ਵੋਟਾਂ ਪਾਉਣ ਤੇ ਸਹਿਯੋਗ ਦੀ ਮੰਗ ਕੀਤੀ। ਗੁਰਦੁਆਰਾ ਦੇ ਮੁੱਖ ਸੇਵਾਦਾਰ ਜਗਮੋਹਨ ਸਿੰਘ ਵਿਰਕ ਤੇ ਸਕੱਤਰ ਅਵਤਾਰ ਆਦਮਪੁਰੀ ਨੇ ਨਿੱਘਾ ਸਵਾਗਤ ਕੀਤਾ।



# ਨਵੇਂ ਚਿਹਰਿਆਂ ਨੂੰ ਮੌਕਾ ਦੇਣ ਲਈ ਅਹੁਦੇ ਛੱਡੇ: ਸੁਖਬੀਰ



ਅੰਮ੍ਰਿਤਸਰ– ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਰਣਜੀਤ ਸਿੰਘ ਬ੍ਰਹਮਪੁਰਾ ਨੇ ਪਾਰਟੀ ਨਹੀਂ ਛੱਡੀ, ਸਗੋਂ ਨਵੇਂ ਚਿਹਰਿਆਂ ਅਤੇ ਨੌਜਵਾਨਾਂ ਨੂੰ ਅੱਗੇ ਆਉਣ ਦਾ ਮੌਕਾ ਦੇਣ ਲਈ ਉਨ੍ਹਾਂ ਪਾਰਟੀ ਦੇ ਸਾਰੇ ਅਹੁਦੇ ਛੱਡੇ ਹਨ। ਅਕਾਲੀ ਦਲ ਦੇ ਬੁਲਾਰੇ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਸ੍ਰੀ ਬਦਾਲ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਦੱਸਿਆ ਕਿ ਰਣਜੀਤ ਸਿੰਘ ਬ੍ਰਹਮਪੁਰਾ ਨੇ ਸਿਰਫ਼ ਪਾਰਟੀ ਅਹੁਦਿਆਂ ਤੋਂ ਹੀ ਅਸਤੀਫਾ ਦਿੱਤਾ ਹੈ ਤੇ ਉਹ ਪਾਰਟੀ ਦੇ ਮੈਂਬਰ ਵਜੋਂ ਪਹਿਲਾਂ ਵਾਂਗ ਹੀ ਕੰਮ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਕੋਈ ਫ਼ੁੱਟ ਨਹੀਂ ਤੇ ਨਾ ਹੀ ਕੋਈ ਪਾਰਟੀ ਛੱਡ ਕੇ ਜਾ ਰਿਹਾ ਹੈ।

# ਭਗਵਾਨ ਵਾਲਮੀਕ ਜੀ ਦੀ ਇਤਿਹਾਸਕ ਸ਼ੋਭਾ ਯਾਤਰਾ ਹੁਸ਼ਿਆਰਪੁਰ ਵਿਖੇ ਬਸਪਾ ਆਗੂ ਸ਼ਾਮਲ



**ਹੁਸ਼ਿਆਰਪੁਰ–** ਭਗਵਾਨ ਵਾਲਮੀਕ ਜੀ ਦੀ ਸ਼ੋਭਾ ਯਾਤਰਾ ਹੁਸ਼ਿਆਰਪੁਰ ਵਿਚ ਗਲੀ-ਗਲੀ ਸੇ ਆਈ ਆਵਾਜ਼ ਜੈ ਵਾਲਮੀਕ ਜੈ ਰਵਿਦਾਸ, ਦੇ ਜੈਕਾਰਿਆਂ ਨਾਲ ਏਕਤਾ ਦਾ ਸੰਦੇਸ਼ ਦਿੱਤਾ। ਹੁਸ਼ਿਆਰਪੁਰ 'ਚ ਇਸ ਮੌਕੇ ਤੇ ਬਸਪਾ ਆਗੂ, ਅਮਰਜੀਤ ਕੁਮਾਰ ਭੱਟੀ ਸਿਟੀ ਕਨਵੀਨਰ ਬਸਪਾ ਹੁਸ਼ਿਆਰਪੁਰ, ਵਿਕਾਸ ਹੰਸ ਸੀਨੀਅਰ ਆਗੂ ਬਸਪਾ ਹੁਸ਼ਿਆਰਪੁਰ, ਮਦਨ ਸਿੰਘ ਬੈਂਸ, ਇੰਚਾਰਜ ਹੁਸ਼ਿਆਰਪੁਰ, ਸੁਖਦੇਵ ਬਿੱਟਾ ਇੰਚਾਰਜ ਬਸਪਾ ਹੁਸ਼ਿਆਰਪੁਰ, ਡਾ. ਰਤਨ ਚੰਦ ਪ੍ਰਧਾਨ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ, ਬੀਬੀ ਮਹਿੰਦਰ ਕੌਰ ਹਲਕਾ ਪ੍ਰਧਾਨ ਵਿਧਾਨ ਸਭਾ ਬਸਪਾ ਹੁਸ਼ਿਆਰਪੁਰ, ਹਰਦਿਆਲ ਸੰਧੂ ਐਡਵੋਕੇਟ ਬਸਪਾ ਹੁਸ਼ਿਆਰਪੁਰ, ਪਵਨ ਕੁਮਾਰ ਪ੍ਰਧਾਨ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ, ਬਲਵੀਰ ਸਿੰਘ ਕੈਂਪ ਪੁਰ, ਡਾ. ਸੰਤੋਖ ਇੰਚਾਰਜ ਹੁਸ਼ਿਆਰਪੁਰ, ਸੋਹਣ ਲਾਲ ਯੂਥ ਆਗੂ ਬਸਪਾ ਪੁਰਹੀਰਾਂ, ਜਸਕਰਨ ਜੱਸਾ ਵਾਈਸ ਪ੍ਰਧਾਨ ਅੰਬੇਡਕਰ ਯੂਥ ਛਾਉਣੀ ਕਲਾਂ ਬੰਗਾਲ, ਕਿਰਨ ਬਾਲਾ ਪ੍ਰਧਾਨ ਬਹਾਦਰਪੁਰ ਬਸਪਾ, ਪਵਨਦੀਪ ਕੁਮਾਰ ਕੈਸ਼ੀਅਰ ਅੰਬੇਡਕਰ ਯੂਥ ਕਲੱਬ ਛਾਉਣੀ, ਦਰਸ਼ਨ ਲੱਧੜ ਜਨਰਲ ਸਕੱਤਰ ਬਸਪਾ ਹੁਸ਼ਿਆਰਪੁਰ, ਉਂਕਾਰ ਸਿੰਘ ਸੀਨੀਅਰ ਆਗੂ ਬਸਪਾ ਹੁਸ਼ਿਆਰਪੁਰ, ਜਗਮੋਹਣ ਸੱਜਣਾ ਪ੍ਰਧਾਨ ਬੀ. ਵੀ. ਐਫ. ਹੁਸ਼ਿਆਰਪੁਰ ਆਦਿ ਹਾਜ਼ਰ ਸਨ।

-------

## ਸੰਪਾਦਕ ਦੀ ਡਾਕ

**ਸਤਿਕਾਰਯੋਗ ਸੰਪਾਦਕ ਜੀ**




ਤੁਹਾਡੇ ਪਰਚੇ ਅਕਤੂਬਰ 17, 2018 ਦੇ ਅੰਕ ਵਿਚ ਅਮਨਪ੍ਰੀਤ ਸਿੰਘ ਵੱਲੋਂ ਲਿਖੇ ਵਿਚਾਰ 'ਤਿੰਨ ਤਰ੍ਹਾਂ ਦੇ ਇਨਸਾਨ- ਕਿਸ ਨਾਲ ਰਿਹਾ ਜਾਵੇ ਅਤੇ ਕਿਸ ਨਾਲ ਨਹੀਂ' ਪੜ੍ਹਿਆ, ਵਿਚਾਰ ਵਧੀਆ ਲੱਗੇ।

ਅਮਨਪ੍ਰੀਤ ਸਿੰਘ ਹੁਰਾਂ ਨੂੰ ਬੇਨਤੀ ਹੈ ਕਿ ਤੁਹਾਡੇ ਵਿਚਾਰਾਂ ਤੋਂ ਇਵੇਂ ਪ੍ਰਤੀਤ ਹੁੰਦਾ ਹੈ ਕਿ ਤੁਸੀਂ ਸਿੱਖੀ ਕਿਰਦਾਰ ਦੇ ਧਾਰਨੀ ਹੋ, ਪਰ ਜੇ ਸਿੱਖੀ ਸਰੂਪ ਵੀ ਧਾਰਨ ਕਰ ਲਵੋ। ਭਾਵ ਕੇਸ-ਦਾੜ੍ਹੀ ਵੀ ਰੱਖ ਲਵੋ ਤਾਂ ਸੋਨੇ ਤੇ ਸੁਹਾਗਾ ਹੋ ਜਾਵੇਗਾ।

**– ਮਾਸਟਰ ਨਿਰਮਲ ਸਿੰਘ ਲਾਲੀ**
530-777-0955

# ਸਮਾਜਿਕ ਕੁਰੀਤੀਆਂ ਨੂੰ ਪਰਦੇ 'ਤੇ ਪਰਿਭਾਸ਼ਿਤ ਕਰੇਗੀ ਦੇਵ ਖਰੌੜ ਦੀ ਫ਼ਿਲਮ 'ਜਿੰਦੜੀ'



ਹਲਕੀ-ਫੁਲਕੀ 'ਤੇ ਬਹੁ-ਅਰਥੀ ਕਾਮੇਡੀ ਅਤੇ ਬਿਨਾਂ ਸਿਰ-ਪੈਰ ਦੀਆਂ ਕਹਾਣੀ ਵਾਲੀਆਂ ਪੰਜਾਬੀ ਫ਼ਿਲਮਾਂ ਦੇ ਅਜੋਕੇ ਦੌਰ ਵਿਚ ਹੁਣ ਵਧੇਰੇ ਜਰੂਰਤ ਹੈ ਪੰਜਾਬ ਦੇ ਸੰਜੀਦਾ ਵਿਸ਼ਿਆਂ 'ਤੇ ਗੱਲ ਕਰਨੀ ਕਰਨ ਦੀ। ਅਜੋਕੇ ਸਮੇਂ ਦੌਰਾਨ ਪੰਜਾਬ ਦੀ ਭ੍ਰਿਸ਼ਟ ਸਿਸਟਮ ਪ੍ਰਣਾਲੀ, ਅਖੌਤੀ ਪਾਖੰਡੀ ਬਾਬਿਆਂ ਅਤੇ ਵਧ ਰਹੀ ਗੁੰਡਾਗਰਦੀ ਆਦਿ ਸਮਾਜਿਕ ਕੁਰੀਤੀਆਂ ਨੂੰ ਹੁਣ ਪਰਦੇ 'ਤੇ ਪਰਿਭਾਸ਼ਿਤ ਕਰੇਗੀ ਨਿਰਮਾਤਾ ਜੀ. ਡੀ. ਪ੍ਰੋਡਕਸ਼ਨਸ ਅਤੇ ਨਿਰਦੇਸ਼ਕ ਆਸ਼ੀਸ਼ ਭਾਟੀਆ ਦੀ ਫ਼ਿਲਮ 'ਜਿੰਦੜੀ। ਸੁਪਰ ਹਿੱਟ ਫ਼ਿਲਮਾਂ 'ਰੁਪਿੰਦਰ ਗਾਂਧੀ ਤੇ ਡਾਕੂਆਂ ਦਾ ਮੁੰਡਾ' ਰਾਹੀਂ ਪਾਲੀਵੁੱਡ 'ਚ ਐਕਸ਼ਨ ਤੇ ਜਾਂਬਾਜ਼ ਅਦਾਕਾਰ ਵਜੋਂ ਉਭਰੇ ਦੇਵ ਖਰੌੜ ਇਸ ਫ਼ਿਲਮ 'ਚ ਹੀਰੋ ਦੇ ਕਿਰਦਾਰ 'ਚ ਨਜ਼ਰ ਆਉਣਗੇ। ਐਕਸ਼ਨ ਤੇ ਸਮਾਜਿਕ ਮੁੱਦਿਆਂ ਤੇ ਅਧਾਰਤ ਇਸ ਫ਼ਿਲਮ ਦੀ ਕਹਾਣੀ ਖੁਦ ਦੇਵ ਖਰੌੜ ਨੇ ਲਿਖੀ ਹੈ ਤੇ ਸਕਰੀਨ ਪਲੇਅ ਤੇ ਡਾਇਲਾਗ ਇੰਦਰਪਾਲ ਨੇ ਲਿਖੇ ਹਨ। 2 ਨਵੰਬਰ ਨੂੰ ਸਿਨੇਮਾਘਰਾਂ 'ਚ ਦਸਤਕ ਦੇਣ ਜਾ ਰਹੀ ਇਸ ਫ਼ਿਲਮ ਵਿੱਚ ਦੇਵ ਖਰੌੜ ਤੋਂ ਇਲਾਵਾ ਬਾਲੀਵੁੱਡ ਅਦਾਕਾਰ ਪ੍ਰੇਮ ਚੋਪੜਾ, ਗੁੱਗੂ ਗਿੱਲ, ਦ੍ਰਿਸ਼ਟੀ ਗਰੇਵਾਲ, ਕਰਨ ਧਾਲੀਵਾਲ, ਵਿਕਟਰ ਜੋਨ, ਗੁਰਪ੍ਰੀਤ ਕੌਰ, ਹੌਬੀ ਧਾਲੀਵਾਲ ਆਦਿ ਨਾਮੀ ਕਲਾਕਾਰ ਆਪਣੀ ਅਦਾਕਾਰੀ ਦਾ ਰੰਗ ਦਿਖਾਉਂਦੇ ਨਜ਼ਰ ਆਉਣਗੇ।ਫ਼ਿਲਮ ਦੇ ਨਿਰਮਾਤਾ ਜੀ ਡੀ ਪ੍ਰੋਡਕਸ਼ਨ ਹਨ ਤੇ ਸਹਿ ਨਿਰਮਾਤਾ ਸੁਖਮਿੰਦਰ ਧਾਲੀਵਾਲ ਵੱਲੋਂ ਪ੍ਰੋਡਿਊਸ ਇਸ ਫ਼ਿਲਮ ਦਾ ਸੰਗੀਤ ਗੁਰਮੀਤ ਸਿੰਘ , ਨਿੱਕ ਡੀ ਗਿੱਲ, ਅਤੇ ਸੰਤੋਸ਼ ਕਟਾਰੀਆ ਨੇ ਦਿੱਤਾ ਹੈ। **– ਹਰਜਿੰਦਰ ਸਿੰਘ**

# ਜੁਵੇਨਾਇਲ ਜਸਟਿਸ ਐਕਟ ਸਬੰਧੀ ਪੁਲਿਸ ਅਫ਼ਸਰਾਂ ਦਾ ਜਾਗਰੂਕਤਾ ਸੈਮੀਨਾਰ ਕਰਾਇਆ ਗਿਆ

**ਬਟਾਲਾ (ਬਰਨਾਲ)–** ਪੁਲਿਸ ਲਾਈਨ, ਬਟਾਲਾ ਵਿਖੇ ਡੀ.ਐਸ.ਪੀ ਹੈਡ ਕੁਆਟਰ ਕਮ ਨੋਡਲ ਅਫਸਰ ਸਪੈਸ਼ਲ ਜੁਵੇਨਾਇਲ ਪੁਲਿਸ ਯੂਨਿਟ, ਬਟਾਲਾ ਸ਼੍ਰੀ ਐਚ.ਐਸ.ਸ਼ਰਮਾ ਦੀ ਪ੍ਰਧਾਨਗੀ ਹੇਠ ਅਤੇ ਜਿਲਾ ਪ੍ਰੋਗਰਾਮ ਅਫਸਰ, ਗੁਰਦਾਸਪੁਰ ਮਿਸ ਸੁਮਨਦੀਪ ਕੌਰ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜਿਲਾ ਬਾਲ ਸੁਰੱਖਿਆ ਯੂਨਿਟ, ਗੁਰਦਾਸਪੁਰ ਵਲੋਂ ਜੁਵੇਨਾਇਲ ਜਸਟਿਸ ਐਕਟ 2015 ਤਹਿਤ ਹਰ ਪੁਲਿਸ ਜਿਲੇ ਵਿਚ ਬਣਾਏ ਗਏ ਸਪੈਸ਼ਲ ਜੁਵੇਨਾਇਲ ਪੁਲਿਸ ਯੂਨਿਟ, ਬਟਾਲਾ ਵਿਚ ਨਾਮਜ਼ਦ ਚਾਈਲਡ ਵੈਲਫੇਅਰ ਪੁਲਿਸ ਅਫਸਰਾਂ ਲਈ ਇਕ ਰੋਜਾ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।



ਇਸ ਮੌਕੇ ਜਿਲਾ ਬਾਲ ਸੁਰੱਖਿਆ ਬਾਲ ਸੁਰੱਖਿਆ ਅਫਸਰ (ਨਾਨ-ਇੰਸਟੀਚਿਊਸ਼ਨਲ ਕੇਅਰ) ਸ੍ਰੀਮਤੀ ਹਰਪ੍ਰੀਤ ਕੌਰ ਵਲੋਂ ਸੰਗਠਿਤ ਬਾਲ ਸੁਰੱਖਿਆ ਸਕੀਮ, ਅਡਾਪਸ਼ਨ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਗੈਰ ਕਾਨੂੰਨੀ ਅਡਾਪਸ਼ਨ ਕਰਨਾ ਜਾਂ ਕਰਵਾਉਣਾ ਇਕ ਅਪਰਾਧ ਹੈ। ਇਸ ਦੇ ਨਾਲ ਹੀ ਲੀਗਲ ਕਮ ਪ੍ਰੋਬੇਸ਼ਨ ਅਫਸਰ ਮਿਸ ਨੇਹਾ ਨਈਅਰ ਵਲੋਂ ਜੁਵੇਨਾਇਲ ਜਸਟਿਸ ਐਕਟ ਤਹਿਤ ਦਰਸਾਏ ਗਏ ਪੁਲਿਸ ਅਧਿਕਾਰੀਆਂ ਦੇ ਕੰਮਾਂ ਬਾਰੇ ਉਨਾਂ ਨੂੰ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਐਕਟ ਨੂੰ ਪੂਰਨ ਤੌਰ ਤੇ ਲਾਗੂ ਕਰਨ ਲਈ ਚਾਈਲਡ ਵੈਲਫੇਅਰ ਪੁਲਿਸ ਅਫਸਰਾਂ ਨੂੰ ਐਕਟ ਵਿਚ ਦਰਸਾਏ ਗਏ ਕੰਮਾਂ ਅਨੁਸਾਰ ਕੰਮ ਕਰਨ ਲਈ ਕਿਹਾ ਗਿਆ।

ਇਸ ਦੇ ਨਾਲ ਹੀ ਉਨਾਂ ਦੁਆਰਾ ਪੁਲਿਸ ਅਧਿਕਾਰੀਆਂ ਨੂੰ ਪੋਕਟੋ ਐਕਟ 2012 ਬਾਰੇ ਜਾਗ੍ਰਿਤ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਹਰ ਇਕ ਪੋਕਸੋ ਕੇਸ ਵਿਚ ਵਿਕਟਿਮ ਨਾਲ ਇਕ ਵੂਮੈਨ ਪੁਲਿਸ ਅਫਸਰ ਹੀ ਡੀਲ ਕਰੇਗੀ।

# ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ








ਭਾਰਤ ਤੇ ਆਏ ਨਵੇਂ ਪਰਿਵਾਰ ਦਾ ਸਨਮਾਨ ਕਰਦੇ ਹੋਏ ਮਹਾਰਿਸ਼ੀ ਵਾਲਮੀਕ ਸਭਾ ਯੂ ਐਸ ਏ ( ਯੂਬਾ ਸਿਟੀ)

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਦੀ ਪ੍ਰਧਾਗੀ ਹੇਠ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹੋਈ, ਜਿਸ ਵਿਚ ਅੱਜ ਤੱਕ ਕੀਤੀਆਂ ਗਈਆਂ ਤਿਆਰੀਆਂ ਸਬੰਧੀ ਵਿਚਾਰ–ਵਟਾਂਦਰਾ ਕੀਤਾ ਗਿਆ। ਵੱਖ–ਵੱਖ ਪ੍ਰਬੰਧਕਾਂ ਵੱਲੋਂ ਲਈਆਂ ਗਈਆਂ ਜ਼ਿੰਮੇਵਾਰੀਆਂ ਸਬੰਧੀ ਰਿਪੋਰਟ ਪੇਸ਼ ਕੀਤੀ ਗਈ। ਜਿਸ ਤੋਂ ਪਤਾ ਲੱਗਾ ਕਿ ਬਹੁਤ ਸਾਰੀਆਂ ਤਿਆਰੀਆਂ ਲੱਗਭੱਗ ਮੁਕੰਮਲ ਹੋ ਚੁੱਕੀਆਂ ਹਨ, ਜੋ ਥੋੜ੍ਹੀ ਬਹੁਤ ਬਾਕੀ ਹਨ, ਨੂੰ ਜਲਦੀ ਤੋ ਜਲਦੀ ਸਾਰਿਆਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹ ਲਿਆ ਜਾਵੇਗਾ। ਸਾਰੇ ਸੱਜਣਾਂ ਵੱਲੋ ਆਪਣੀਆਂ–ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਲਈ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਸਾਰਿਆਂ ਦਾ ਘੰਨਵਾਦ ਕਰਦਿਆਂ ਹੋਇਆਂ ਸਮੂਹ ਸੰਗਤਾਂ ਨੂੰ ਪਰਿਵਾਰ ਸਮੇਤ 26 ਅਕਤੂਬਰ ਤੋਂ 28 ਅਕਤੂਬਰ 2018 ਤੱਕ ਮਹਾਰਿਸ਼ੀ ਵਾਲਮੀਕ ਟੈਂਪਲ 84-86 ਪਰਸੀ ਐਵੇਨਿਊ ਵਿਖੇ ਭਗਵਾਨ ਵਾਲਮੀਕ ਜੀ ਦੇ ਚਰਨਾਂ ’ਚ ਹਾਜ਼ਰੀਆਂ ਭਰਨ ਤੇ ਸਤਿਗੁਰੂ ਵਾਲਮੀਕ ਜੀ ਦੇ ਪ੍ਰਗਅ ਦਿਵਸ ਦੀਆਂ ਖੁਸ਼ੀਆਂ ਮਨਾਉਣ ਅਤੇ ਪ੍ਰਗਟ ਦਿਵਸ ਦੀਆਂ ਰੌਣਕਾਂ ਵਧਾਉਣ ਦੀ ਸਭਾ ਵੱਲੋਂ ਪੁਰਜ਼ੋਰ ਬੇਨਤੀ ਕੀਤੀ ਗਈ।

ਭਾਰਤ ਤੋਂ ਆਏ ਨਵੇਂ ਪਰਿਵਾਰ ਸ੍ਰੀ ਪਰਦੀਪ ਗਿੱਲ ਤੇ ਸ੍ਰੀ ਮਤੀ ਗਿੱਲ ਜੀ ਦਾ ਮੰਦਰ ਵਿਚ ਆਉਣ ’ਤੇ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਸਟੇਜ ਦੀ ਕਾਰਵਾਏ. ਸੰਤੋਖ ਸਿੰਘ ਗਿੱਲ ਵੱਲੋਂ ਨਿਭਾਈ ਗਈ। ਪ੍ਰੈਸ ਨੂੰ ਜਾਣਕਾਰੀ ਸਭਾ ਦੇ ਵਾਈਸ ਚੇਅਰਮੈਨ ਸ੍ਰੀ ਪਲਵਿੰਦਰ ਸਿੰਘ ਸਹੋਤਾ ਵੱਲੋਂ ਦਿੱਤੀ ਗਈ।


## ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ.ਵੱਲੋਂ ਭਗਵਾਨ ਵਾਲਮੀਕ ਜੀ ਮਹਾਰਾਜ ਦੇ 26, 27 28 ਅਕਤੂਬਰ 2018 ਨੂੰ ਮਨਾਏ ਜਾ ਰਹੇ ਪ੍ਰਗਟ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਸੌਂਧੀ, ਗਿੱਲ ਅਤੇ ਸਹੋਤਾ ਪਰਿਵਾਰਾਂ ਵੱਲੋਂ ਲੱਖ-ਲੱਖ ਵਧਾਈਆਂ





Palwinder S Sahota



Late Sh Sohan Lal Sahota ( Rtrd B D P O )

**ਸੰਤੋਖ ਸਿੰਘ ਗਿੱਲ ਅਤੇ ਸਮੂਹ ਗਿੱਲ ਪਰਿਵਾਰ**

ਮੀਤ ਪ੍ਰਧਾਨ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ, ਯੂਬਾ ਸਿਟੀ

**ਪਲਵਿੰਦਰ ਸਿੰਘ ਸਹੋਤਾ**

Secretary Maharishi Valmik Sabha USA , Yuba City (California)




Kundan Sondhi - Prem Sondhi - Sham Sondhi - Parshotam Sondhi - Hans Raj Sondhi

# SHRI GURU RAVIDASS TEMPLE

## 1480 HAYNE AVENUE, YUBA CITY, CA 95993 (530-674-2564)







**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਮਹਾਂਰਿਸ਼ੀ ਵਾਲਮੀਕ ਸਭਾ (ਯੂ. ਐਸ. ਏ.) ਵੱਲੋਂ ਭਗਵਾਨ ਵਾਲਮੀਕ ਜੀ ਮਹਾਰਾਜ ਦੇ 26, 27 28 ਅਕਤੂਬਰ 2018 ਨੂੰ ਮਨਾਏ ਜਾ ਰਹੇ ਪ੍ਰਗਟ ਦਿਵਸ ਦੀਆਂ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ**

ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਊ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਕਥਾਵਾਂ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਭਜਨ ਕਰ ਸੰਗਤਾਂ ਨੂੰ ਨਿਹਾਲ ਕਰਨਗੇ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪ੍ਰਗਟ ਦਿਵਸ ਨਾਲ ਸਬੰਧਤ ਹੇਠ ਲਿਖੇ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰ ਸਮੇਤ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ, ਗੁਰੂ ਸਾਹਿਬਾਨ ਦੇ ਚਰਨਾਂ 'ਚੋਂ ਅਸ਼ੀਰਵਾਦ ਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ

ਪ੍ਰਸ਼ੋਤਮ ਸੂਦ (ਚੇਅਰਮੈਨ), ਰਾਜੇਸ਼ ਲਾਲੀ (ਵਾਈਸ ਚੇਅਰਮੈਨ), ਦਲਵਿੰਦਰ ਰੱਲ੍ਹ (ਪ੍ਰਧਾਨ), ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ), ਮੋਹਿੰਦਰ ਸਿੰਘ ਰੱਤੂ (ਵਾਈਸ ਪ੍ਰਧਾਨ), ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸਕੱਤਰ), ਸਤਨਾਮ ਸਿੰਘ (ਵਾਈਸ ਜਨਰਲ ਸਕੱਤਰ), ਰਾਮ ਸੇਵਕ ਭਾਟੀਆ (ਖਜਾਨਚੀ), ਜਸਪਾਲ ਜੱਸਲ (ਵਾਈਸ ਖਜਾਨਚੀ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਜਸਵਿੰਦਰ ਸਿੰਘ (ਵਾਈਸ ਸਟੇਜ ਸਕੱਤਰ), ਕੁਲਦੀਪ ਸਿੰਘ (ਨਿਊਜ਼ ਪਰਸਨ), ਵਿਜੈ ਸਰੋਇਆ (ਟਰੱਸਟੀ), ਭੁਪਿੰਦਰ ਸਿੰਘ ਭੰਡਾਲ (ਟਰੱਸਟੀ), ਲਖਵੀਰ ਸੂਦ (ਟਰੱਸਟੀ), ਦਿਆਲ ਰਾਮ ਨਰ (ਟਰੱਸਟੀ), ਪ੍ਰੀਤਮ ਦਾਸ ਲੀਲ (ਟਰੱਸਟੀ)





ਫਾਈਲ ਚਿੱਤਰ-
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 39ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

**4 ਨਵੰਬਰ 2018 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ।**

## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 13 ਸਤੰਬਰ ਤੋਂ ਸ਼ੁਰੂ ਹੈ, ਜਿਸ ਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 2 ਨਵੰਬਰ 2018 ਦਿਨ ਸ਼ੁੱਕਰਵਾਰ ਤੋਂ ਆਰੰਭ ਹੋ ਕੇ 5 ਨਵੰਬਰ, 2018 ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਨਵੇਂ ਟਾਈਮ ਮੁਤਾਬਕ ਭੋਗ ਪੈਣਗੇ।

**ਪਹੁੰਚ ਰਹੇ ਰਾਗੀ ਜਥੇ, ਪ੍ਰਚਾਰਕ, ਢਾਡੀ ਜਥੇ ਅਤੇ ਪਤਵੰਤੇ ਸੱਜਣ** : ਭਾਈ ਇੰਦਰਜੀਤ ਸਿੰਘ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਕਰਨੈਲ ਸਿੰਘ ਰਣੀਕੇ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਚਰਨ ਸਿੰਘ ਖਾਲਸਾ ਹਜ਼ੂਰੀ ਰਾਗੀ ਜਥਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਬੀਬੀ ਬਲਜੀਤ ਕੌਰ ਕੈਨੇਡਾ ਵਾਲੇ, ਭਾਈ ਨਿਰੰਜਣ ਸਿੰਘ ਜਵੱਦੀ ਕਲਾਂ ਵਾਲੇ, ਭਾਈ ਮਨੋਹਰ ਸਿੰਘ ਦਿੱਲੀ ਵਾਲੇ, ਭਾਈ ਹਰਮਨਦੀਪ ਸਿੰਘ ਖਾਲਸਾ, ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ, ਭਾਈ ਇਕਬਾਲ ਸਿੰਘ ਜੀ ਕਥਾਵਾਚਕ, ਢਾਈ ਜਥਾ ਭਾਈ ਅਮਰਜੀਤ ਸਿੰਘ ਜੌਹਲ ਬਿਧੀਪੁਰ ਵਾਲੇ, ਭਾਈ ਲਖਵਿੰਦਰ ਸਿੰਘ ਸੋਹਲ, ਡਾ. ਸੁਖਪ੍ਰੀਤ ਸਿੰਘ ਉਦੋਕੇ ਅਤੇ ਹੋਰ ਵੀ ਪੰਥ ਦੇ ਮਹਾਨ ਰਾਗੀ, ਢਾਡੀ, ਪ੍ਰਚਾਰਕ ਇਸ ਸਮਾਗਮ ਵਿਚ ਹਾਜ਼ਰੀਆਂ ਭਰਨਗੇ।

**ਕਵੀ ਦਰਬਾਰ** : 20 ਅਕਤੂਬਰ ਸ਼ਨੀਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਕਵੀ ਦਰਬਾਰ ਹੋਵੇਗਾ। ਕਵੀ ਦਰਬਾਰ ਸਬੰਧੀ ਹੋਰ ਜਾਣਕਾਰੀ ਲਈ ਹਰਭਜਨ ਸਿੰਘ ਢੇਰੀ 530-755-6011 'ਤੇ ਸੰਪਰਕ ਕਰੋ।

**ਢਾਡੀ ਦਰਬਾਰ** : 21 ਅਕਤੂਬਰ ਐਤਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਰਹਿਹਾਸ ਸਾਹਿਬ ਜੀ ਦੇ ਪਾਠ ਉਪਰੰਤ ਢਾਡੀ ਦਰਬਾਰ ਸਜੇਗਾ।

**ਬੱਚਿਆਂ ਵੱਲੋਂ ਕੀਰਤਨ** : 27 ਅਕਤੂਬਰ ਸ਼ਨੀਵਾਰ ਬੱਚਿਆਂ ਵੱਲੋਂ ਸ਼ਾਮ ਦੇ ਦੀਵਾਨ ਵਿਚ ਰਹਿਹਾਸ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦੀਵਾਨ ਸਜੇਗਾ। ਸਮੂਹ ਪਰਿਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਕਿ ਆਪਣਿਆਂ ਬੱਚਿਆਂ ਨੂੰ ਲੈ ਕੇ ਆਵੋ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। 28 ਅਕਤੂਬਰ ਐਤਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਸਾਹਬਿ ਜੀ ਦੇ ਪਾਠ ਉਪਰੰਤ ਸੂਬਾ ਸਿਟੀ ਦੇ ਬੱਚਿਆਂ ਵੱਲੋਂ ਕੀਰਤਨ ਦੀਵਾਨ ਹੋਵੇਗਾ।

**ਅੰਮ੍ਰਿਤ ਸੰਚਾਰ** : 3 ਨਵੰਬਰ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਦਸ਼ਮੇਸ਼ ਹਾਲ ਵਿਚ 5:30 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਛਕਣ ਵਾਲੇ ਅਭਿਲਾਖੀ ਗੁਰੂਘਰ ਕੇਸੀ ਇਸ਼ਨਾਨ ਕਰਕੇ ਸਮੇਂ ਸਿਰ ਪਹੁੰਚ ਦੀ ਕ੍ਰਿਪਾਲਤਾ ਕਰਨ ਜੀ, ਕਕਾਰ ਗੁਰੂਘਰ ਵੱਲੋਂ ਦਿੱਤੇ ਜਾਣਗੇ। ਹੋਰ ਜਾਣਕਾਰੀ ਲਈ ਹੈਡ ਗ੍ਰੰਥੀ ਸਾਹਿਬ ਸਿੰਘ ਜੀ ਨੂੰ 530-673-9918 'ਤੇ ਫੋਨ ਕਰ ਸਕਦੇ ਹੋ।

**ਨਿਸ਼ਾਨ ਸਾਹਿਬ, ਚੋਲਾ ਸਾਹਿਬ** : 3 ਨਵੰਬਰ ਸ਼ਨੀਵਾਰ ਨੂੰ ਸਵੇਰੇ 8.00 ਵਜੇ ਨਿਸ਼ਾਨ ਸਾਹਿਬ ਜੀ ਦੇ ਚੋਲੇ ਸਾਹਿਬ ਜੀ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

ਸੈਮੀਨਾਰ : ਬੇ ਆਫ਼ ਸਿੱਖ ਉਪਰ ਸੈਮੀਨਾਰ 3 ਨਵੰਬਰ ਦਿਨ ਸ਼ਨੀਵਾਰ ਨੂੰ ਕਰਵਾਇਆ ਜਾਵੇਗਾ। ਸੈਮੀਨਾਰ ਸਬੰਧੀ ਹੋਰ ਜਾਣਕਾਰੀ ਲੈਣ ਲਈ ਸ. ਪਰਮਿੰਦਰ ਸਿੰਘ ਗਰੇਵਾਲ ਨਾਲ 530-682-5860 'ਤੇ ਸੰਪਰਕ ਕਰ ਸਕਦੇ ਹੋ।

**2 ਨਵੰਬਰ ਦਿਨ ਸ਼ੁੱਕਰਵਾਰ ਸ਼ਾਮ ਨੂੰ ਗੁਰੂਘਰ ਵਿਖੇ ਆਤਿਸ਼ਬਾਜ਼ੀ ਹੋਵੇਗੀ**

ਨੋਟ : ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇਗੀ। ਅੰਗਹੀਣ ਵਿਅਕਤੀਆਂ ਲਈ ਵਿਸ਼ੇਸ਼ ਪਾਰਕਿੰਗ ਦਾ ਪ੍ਰਬੰਧ ਹੋਵੇਗਾ।

ਰਿਵਰ ਵੈਲੀ ਹਾਈ ਸਕੂਲ 801,El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6:30 ਵਜ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ ਇਨ੍ਹਾਂ ਨੰਬਰਾਂ 'ਤੇ ਸੰਪਰਕ ਕਰੋ :

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ 530-673-9918, ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-682-6444,
ਪ੍ਰਧਾਨ ਸ. ਬਲਬੀਰ ਸਿੰਘ ਸੋਹਲ 530-682-9300, ਸੈਕਟਰੀ ਸ. ਹਰਮਨਦੀਪ ਸਿੰਘ ਸੰਧੂ 530-632-2899,
ਖਜ਼ਾਨਚੀ ਸ. ਸੁਖਵਿੰਦਰ ਸਿੰਘ 530-713-2805, ਸ. ਹਰਭਜਨ ਸਿੰਘ ਢੇਰੀ 530-755-6011, ਸ. ਪਰਮਿੰਦਰ ਸਿੰਘ ਗਰੇਵਾਲ 530-682-5860


TANDOOR
Indian Restaurant
27167 Mission Blvd. Hayward, CA 95544
Lunch & Buffet
OPEN 7 DAYS A WEEK (510) 885-1212
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532


AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh


ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ
ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਡ-ਮੰਡਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ
We will make your trucking business paperless and Free of DOT hassels.
Steer your business, from hiring to management all from a computer
ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ
ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ
ASK FOR LOAD MANAGEMENT: Easy dispatch by Phone App, Quick POD, Auto Billing, Payroll etc.
DRIVER HIRING
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ
INSPECTION RECORD
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ
DRIVING REVIEW
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ
ACCIDENT REPORTS
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ
TRUCK MAINTENANCE
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ
eLog Book Integration COMING SOON
ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ
WE HANDLE DOT AUDITS
Tel: 800.936.4011 • 209.636.0880
GLOBAL SOLUTION FOR TRANSPORTATION
(A PAPERLESS SOLUTION FOR TRUCKING)
RAJINDER SINGH
LAKHVIR SINGH
email: info@etruckingsolution.com • www.etruckingsolution.com


L.A. MERCHANDISE
Whole Sale +Retail
ਯੁਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
New folding bed verities
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 41.99+Tax
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Red Label Tea 900 Gm $ 3.99
Bio Bidet Elite 2 $ 39.99+ Tax
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ ਦੀ ਥਾਂ ਹੁਣ ਰੇਟ 1.73 ਡਾਲਰ ਪ੍ਰਤੀ ਗਜ ਖਰੀਦੋ
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਗੋਲਡਨ ਆਟਾ ਨਾਲ 400 ਗ੍ਰਾਮ ਸੂਜ਼ੀ ਪੈਕਟ ਮੁਫਤ
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਮਿਲਦਾ ਹੈ।
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿਚ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਦੀ ਥਾਂ ਹੁਣ 1.79 ਡਾਲਰ ਪ੍ਰਤੀ ਗਜ ਖਰੀਦੋ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250
Buy 5 get 1 free

# ਸਮਿਆਂ ਨੂੰ ਸਮੇਂ ਦੇ ਹਾਣ ਦੀ ਲੋੜ

ਅੰਗ-ਸੰਗ



ਸ਼ਾਮ ਸਿੰਘ
98141-13338

**ਲੋਕਤੰਤਰ ਵਿੱਚ ਜਿਹੜਾ ਚੁਣਿਆ ਗਿਆ, ਉਹ ਹੀ ਹੁਕਮਰਾਨ ਬਣ ਗਿਆ। ਉਹ ਦਸ ਜਮਾਤਾਂ ਤੱਕ ਪੜ੍ਹਿਆ ਹੋਵੇ ਜਾਂ ਬਾਰਾਂ ਜਮਾਤਾਂ ਤੱਕ, ਉਹ ਰਾਜ-ਭਾਗ ਵਿੱਚ ਭਾਈਵਾਲ ਬਣ ਕੇ ਸਿੱਖਿਆ ਮੰਤਰੀ ਵੀ ਬਣ ਸਕਦਾ ਹੈ ਅਤੇ ਮੁੱਖ ਮੰਤਰੀ ਵੀ। ਉਸ 'ਤੇ ਕਿਸੇ ਕਿਸਮ ਦੀ ਪਾਬੰਦੀ ਨਹੀਂ ਹੁੰਦੀ। ਜੇ ਇਸ ਗੱਲ ਨੂੰ ਸਮੇਂ ਦੀ ਸਾਣ ਉੱਤੇ ਪਰਖੀਏ ਤਾਂ ਇਹ ਦਰੁੱਸਤ ਨਹੀਂ ਮੰਨੀ ਜਾ ਸਕਦੀ। ਬਾਰਾਂ-ਬਾਰਾਂ ਪੜ੍ਹੇ ਮੰਤਰੀਆਂ ਹੇਠ ਕਾਲਜ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕੰਮ ਕਰਨਾ ਪੈਂਦਾ ਹੈ, ਜੋ ਕੁਦਰਤੀ ਨਿਆਂ ਵੀ ਨਹੀਂ, ਕਿਸੇ ਤਰ੍ਹਾਂ ਸਹੀ ਵੀ ਨਹੀਂ। ਨੀਤ ਉਹਦੇ ਕੋਲ ਹੋਵੇ ਨਾ ਹੋਵੇ ਪਰ ਨੀਤੀ ਬਨ-ਾਉਣ ਜਾਂ ਉਸ ਨੂੰ ਲਾਗੂ ਕਰਵਾਉਣ ਜੋਗਾ ਉਹ ਬਿਲਕੁੱਲ ਨਹੀਂ ਹੁੰਦਾ। ਕਿਉਂਕਿ ਉਹਦੇ ਕੋਲ ਉਹ ਸੂਝ ਨਹੀਂ ਹੁੰਦੀ।**

ਸਮਿਆਂ ਨੂੰ ਸਮਝਣਾ ਜ਼ਰੂਰੀ ਹੈ, ਕਿਉਂਕਿ ਨਾ ਸਮਝਣ ਵਿੱਚ ਸਿਆਣਪ ਨਹੀਂ। ਸਮੇਂ ਨੂੰ ਸਮਝੇ ਬਗ਼ੈਰ ਤੁਰੀ ਜਾਣਾ ਇੰਜ ਹੀ ਹੁੰਦਾ ਹੈ, ਜਿਵੇਂ ਸਿਫ਼ਰ ਦੀ ਪਰਿਕਰਮਾ ਕੀਤੀ ਜਾ ਰਹੀ ਹੋਵੇ। ਜਿਹੜਾ ਆਪਣੇ ਆਪ ਤੋਂ ਉੱਪਰ ਉੱਠ ਕੇ ਸਮੇਂ ਨੂੰ ਜਾਣੇ, ਪੜ੍ਹੇ ਅਤੇ ਸਮਝੇ, ਉਹ ਹਰ ਸੂਰਤ ਜਤਨ ਕਰੇਗਾ ਕਿ ਸਮੇਂ ਦੇ ਨਾਲ ਬਰ ਮੇਚ ਕੇ ਤੁਰ ਸਕੇ। ਇਹ ਗੱਲ ਹਰੇਕ ਮਨੁੱਖ 'ਤੇ ਵੀ ਲਾਗੂ ਹੁੰਦੀ ਹੈ, ਵੱਖ-ਵੱਖ ਵਰਗਾਂ 'ਤੇ ਵੀ, ਨੇਤਾਵਾਂ, ਹਾਕਮਾਂ 'ਤੇ ਵੀ ਅਤੇ ਸਮੁੱਚੇ ਦੇਸ਼ 'ਤੇ ਵੀ। ਅਜਿਹਾ ਹੋਣ ਨਾਲ ਹੀ ਅੱਗੇ ਵੀ ਵਧਿਆ ਜਾ ਸਕਦਾ ਹੈ ਅਤੇ ਸਿਖ਼ਰਾਂ ਨੂੰ ਵੀ ਛੋਹਿਆ ਜਾ ਸਕਦਾ ਹੈ।

ਜਿਹੜੇ ਸਮੇਂ ਦੇ ਹਾਣ ਦੇ ਹੋਣ ਦਾ ਜਤਨ ਨਹੀਂ ਕਰਦੇ, ਉਹ ਦੂਜਿਆਂ ਦੇ ਬਰਾਬਰ ਨਹੀਂ ਹੋ ਸਕਦੇ। ਪਿੱਛੇ ਰਹਿ ਜਾਣ ਦਾ ਹੇਰਵਾ ਦੁਖੀ ਕਰਦਾ ਹੈ ਅਤੇ ਚਿੰਤਾ-ਮੁਕਤ ਵੀ ਨਹੀਂ ਹੋਣ ਦਿੰਦਾ। ਇਹ ਅਜਿਹਾ ਰੋਗ ਹੈ, ਜੋ ਉਮਰ ਭਰ ਪਿੱਛਾ ਨਹੀਂ ਛੱਡਦਾ। ਝੋਰਿਆਂ ਵਿੱਚ ਜ਼ਿੰਦਗੀ ਲੰਘੀ ਜਾਣ ਨਾਲ ਕੰਮ ਸਿਰੇ ਨਹੀਂ ਚੜ੍ਹਦੇ ਅਤੇ ਪ੍ਰਾਪਤੀਆਂ ਵੀ ਨਹੀਂ ਹੁੰਦੀਆਂ। ਦੂਜਿਆਂ ਦੀਆਂ ਪ੍ਰਾਪਤੀਆਂ ਵੀ ਚੰਗੀਆਂ ਨਹੀਂ ਲੱਗਦੀਆਂ। ਉਹ ਪ੍ਰੇਰਨਾ ਬਣਨ ਦੀ ਬਜਾਏ ਈਰਖਾ ਦਾ ਕਾਰਨ ਵੀ ਬਣਦੀਆਂ ਹਨ ਅਤੇ ਮਾਨਸਿਕ ਤੌਰ 'ਤੇ ਸੜਨ ਦਾ ਵੀ। ਇਹ ਪਿੱਛਲ ਪੈਰ ਦਾ ਸਫ਼ਰ ਹੈ, ਅੱਗੇ ਵਧਣ ਦਾ ਨਹੀਂ।

ਲੋਕਤੰਤਰ ਵਿੱਚ ਜਿਹੜਾ ਚੁਣਿਆ ਗਿਆ, ਉਹ ਹੀ ਹੁਕਮਰਾਨ ਬਣ ਗਿਆ। ਉਹ ਦਸ ਜਮਾਤਾਂ ਤੱਕ ਪੜ੍ਹਿਆ ਹੋਵੇ ਜਾਂ ਬਾਰਾਂ ਜਮਾਤਾਂ ਤੱਕ, ਉਹ ਰਾਜ-ਭਾਗ ਵਿੱਚ ਭਾਈਵਾਲ ਬਣ ਕੇ ਸਿੱਖਿਆ ਮੰਤਰੀ ਵੀ ਬਣ ਸਕਦਾ ਹੈ ਅਤੇ ਮੁੱਖ ਮੰਤਰੀ ਵੀ। ਉਸ 'ਤੇ ਕਿਸੇ ਕਿਸਮ ਦੀ ਪਾਬੰਦੀ ਨਹੀਂ ਹੁੰਦੀ। ਜੇ ਇਸ ਗੱਲ ਨੂੰ ਸਮੇਂ ਦੀ ਸਾਣ ਉੱਤੇ ਪਰਖੀਏ ਤਾਂ ਇਹ ਦਰੁੱਸਤ ਨਹੀਂ ਮੰਨੀ ਜਾ ਸਕਦੀ। ਬਾਰਾਂ-ਬਾਰਾਂ ਪੜ੍ਹੇ ਮੰਤਰੀਆਂ ਹੇਠ ਕਾਲਜ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕੰਮ ਕਰਨਾ ਪੈਂਦਾ ਹੈ, ਜੋ ਕੁਦਰਤੀ ਨਿਆਂ ਵੀ ਨਹੀਂ, ਕਿਸੇ ਤਰ੍ਹਾਂ ਸਹੀ ਵੀ ਨਹੀਂ। ਨੀਤ ਉਹਦੇ ਕੋਲ ਹੋਵੇ ਨਾ ਹੋਵੇ ਪਰ ਨੀਤੀ ਬਨਾਉਣ ਜਾਂ ਉਸ ਨੂੰ ਲਾਗੂ ਕਰਵਾਉਣ ਜੋਗਾ ਉਹ ਬਿਲਕੁੱਲ ਨਹੀਂ ਹੁੰਦਾ। ਕਿਉਂਕਿ ਉਹਦੇ ਕੋਲ ਉਹ ਸੂਝ ਨਹੀਂ ਹੁੰਦੀ।

ਜੇ ਹੁਕਮਰਾਨਾਂ ਕੋਲ ਸਮੇਂ ਮੁਤਾਬਕ ਬੁੱਧੀ ਨਾ ਹੋਵੇ, ਜਾਣਕਾਰੀ ਨਾ ਹੋਵੇ ਅਤੇ ਚੇਤਨਾ ਨਾ ਹੋਵੇ ਤਾਂ ਉਹ ਫਜ਼ੂਲ ਪਾਬੰਦੀਆਂ ਲਾਉਣ ਦਾ ਵਤੀਰਾ ਵੀ ਧਾਰਨ ਕਰਨਗੇ ਅਤੇ ਤਾਨਾਸ਼ਾਹੀ ਵਾਲਾ ਰਵੱਈਆ ਵੀ। ਉਹ ਲੋਕਾਂ ਦੇ ਖਾਣ-ਪੀਣ 'ਤੇ ਵੀ ਪਾਬੰਦੀਆਂ ਦਾ ਹੋਕਾ ਦੇਣ ਵਿੱਚ ਕੋਈ ਹਰਜ ਨਹੀਂ ਸਮਝਦੇ। ਅਜਿਹਾ ਹੋਕਾ ਸਮੇਂ ਦੇ ਹਾਣ ਦਾ ਨਹੀਂ ਹੁੰਦਾ। ਇਸ ਕਿਸਮ ਦਾ ਹੋਕਾ ਬੇਸਮਝੀ ਦਾ ਰਾਗ ਹੈ, ਜਿਸ ਦਾ ਅਲਾਪ ਕਰਨ ਤੋਂ ਉਹ ਗੁਰੇਜ਼ ਨਹੀਂ ਕਰਦੇ।

ਚੋਣ ਵੇਲੇ ਵੋਟਾਂ ਹਾਸਲ ਕਰਨ ਲਈ ਵਾਅਦੇ ਕਰਨੇ ਅਤੇ ਜਿੱਤਣ ਬਾਅਦ ਪੂਰੇ ਨਾ ਕਰਨੇ ਗ਼ਲਤ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਹ ਗੱਲ ਲੋਕਾਂ ਦੀਆਂ ਇੱਛਾਵਾਂ ਦੇ ਹਾਣ ਦੀ ਨਾ ਹੋਣ ਕਰ ਕੇ ਸਮੇਂ ਦੇ ਹਾਣ ਦੀ ਨਹੀਂ। ਸ਼ਾਇਦ ਅਜਿਹਾ ਕਰ ਕੇ ਹੁਕਮਰਾਨ ਆਪਣੇ ਆਪ ਨੂੰ ਸਿਆਣੇ ਅਤੇ ਚਲਾਕ ਸਮਝਦੇ ਹੋਣ, ਪਰ ਲੋਕਾਂ ਤੋਂ ਕੁਝ ਵੀ ਛੁਪਿਆ ਨਹੀਂ ਹੁੰਦਾ। ਇਸ ਕਾਰਨ ਉਨ੍ਹਾਂ ਦੀ ਚਤੁਰਾਈ ਚੱਲਦੀ ਨਹੀਂ ਅਤੇ ਲੋਕਾਂ ਦੇ ਦਿਲਾਂ ਵਿੱਚ ਟਿਕੇ ਨਹੀਂ ਰਹਿੰਦੇ। ਇਹ ਬਹੁਤ ਘਾਟੇ ਵਾਲੀ ਗੱਲ ਹੈ, ਕੋਈ ਹਾਸਲ ਨਹੀਂ। ਕੀ ਹੁਕਮਰਾਨ ਇਹ ਗੱਲ ਸਮਝਣਗੇ?

ਯੂਨੀਵਰਸਿਟੀਆਂ, ਕਾਲਜਾਂ ਵਿੱਚ ਵਿਦਿਆਰਥੀ ਜਥੇਬੰਦੀਆਂ ਦੀਆਂ ਚੋਣਾਂ ਨਾ ਕਰਵਾਉਣਾ ਤਾਨਾਸ਼ਾਹੀ ਤੋਂ ਘੱਟ ਕੁਝ ਨਹੀਂ। ਲਿੰਗ ਦੇ ਆਧਾਰ 'ਤੇ ਹੋਸਟਲਾਂ ਤੋਂ ਅੰਦਰ-ਬਾਹਰ ਜਾਣ ਦੇ ਘੱਟ-ਵੱਧ ਸਮੇਂ ਨਿਸਚਿਤ ਕਰਨੇ ਵੀ ਵਿਦਿਆਰਥੀ ਮਨਾਂ ਨੂੰ ਨਾ ਸਮਝਣਾ ਹੀ ਕਿਹਾ ਜਾ ਸਕਦਾ ਹੈ। ਅਜਿਹਾ ਫ਼ਰਕ ਅੱਜ ਕੱਲ੍ਹ ਦੇ ਸਮੇਂ ਦੇ ਹਾਣ ਦਾ ਨਹੀਂ, ਪਰ ਪੜ੍ਹੇ-ਲਿਖੇ ਉੱਪ-ਕੁੱਲਪਤੀ ਅਤੇ ਅਧਿਆਪਕ ਵਰਗ ਇਸ ਕੁਝ ਨੂੰ ਕਿਉਂ ਨਹੀਂ ਸਮਝਦੇ? ਬਾਹਰ ਜੇ ਮਾਹੌਲ ਜ਼ਾਲਮਾਨਾ ਹੋਵੇ ਤਾਂ ਟੱਬਰ ਨੂੰ ਅੰਦਰ ਤਾੜ ਦੇਣਾ ਕੋਈ ਅਕਲਮੰਦੀ ਨਹੀਂ ਉਸ ਮਾੜੇ ਮਾਹੌਲ ਦੇ ਖਿਲਾਫ ਸਾਂਝਾ ਸੰਘਰਸ਼ ਲੜ ਕੇ ਮਾਹੌਲ ਠੀਕ ਕੀਤਾ ਜਾਣਾ ਚਾਹੀਦਾ ਹੈ।

ਯੂਨੀਵਰਸਿਟੀਆਂ ਵਿੱਚ ਬੈਠੇ ਇਸ ਰੋਸ਼ਨ ਵਰਗ ਦੀ ਮਾਨਸਿਕਤਾ ਅਜੇ ਵੀ ਕਿਤੇ ਹਨੇਰੇ ਦਾ ਪਿੱਛਾ ਛੱਡਦੀ ਨਹੀਂ ਲੱਗਦੀ। ਜੇ ਰੋਸ਼ਨ ਵਰਗ ਦੀ ਚੇਤਨਾ ਹੀ ਹਨੇਰੇ ਵਿੱਚ ਲਿਪਟੀ ਹੋਈ ਹੈ ਤਾਂ ਆਮ ਜਨਤਾ ਦਾ ਹਾਲ ਭਲਾ ਕੀ ਹੋਵੇਗਾ? ਰੋਸ਼ਨ ਦਿਮਾਗ਼ ਵਾਲਿਆਂ ਨੂੰ ਸਮੇਂ ਦੇ ਹਾਣ ਦਾ ਹੋਣਾ ਚਾਹੀਦਾ ਹੈ, ਤਾਂ ਹੀ ਉਹ ਖ਼ੁਦ ਵੀ ਅੱਗੇ ਵਧ ਸਕਦੇ ਹਨ ਅਤੇ ਸਮਾਜ ਨੂੰ ਵੀ ਅੱਗੇ ਲਿਜਾ ਸਕਣਗੇ। ਜੇ ਉਨ੍ਹਾਂ ਵਿੱਚ ਜਾਗਰਤ ਸੰਭਾਵਨਾ ਪੈਦਾ ਨਹੀਂ ਹੁੰਦੀ ਤਾਂ ਇਹੀ ਗੱਲ ਹੋਵੇਗੀ ਕਿ ਉਹ ਸਮੇਂ ਦੇ ਹਾਣ ਦੇ ਨਹੀਂ। ਜੇ ਬੰਦਾ ਅੱਪਡੇਟ ਨਹੀਂ ਹੁੰਦਾ ਤਾ ਸਮਾਜ ਵੀ ਅੱਪਡੇਟ ਨਹੀਂ ਹੋਵੇਗਾ। ਅੱਪਡੇਟ ਨਾ ਹੋਣ ਦਾ ਅਰਥ ਹੈ ਦੁਨੀਆ ਤੋਂ ਪਿੱਛੇ ਹੀ ਰਹਿ ਜਾਣਾ। ਇਹ ਪਿੱਛੇ ਰਹਿ ਜਾਣ ਦੀ ਮਾਨਸਿਕਤਾ ਨਿੱਤ ਬਦਲਦੇ ਸਮਿਆਂ ਨੂੰ ਕਿਸੇ ਤਰ੍ਹਾਂ ਵੀ ਪ੍ਰਵਾਨ ਨਹੀਂ ਹੋ ਸਕਦੀ। ਸਮਿਆਂ ਨੂੰ ਲੋੜ ਹੈ ਕਿ ਸਮੇਂ ਦੇ ਹਾਣ ਦਾ ਹੋਇਆ ਜਾਵੇ, ਤਾਂ ਜੁ ਬਰ ਮੇਚ ਕੇ ਚੱਲਣ ਵਿੱਚ ਕੋਈ ਹਿਚਕਚਾਹਟ ਨਾ ਹੋਵੇ, ਨਿਰਾਸਤਾ ਅਤੇ ਮਾਯੂਸੀ ਨਾ ਹੋਵੇ।

ਸਮੇਂ ਦੇ ਨਾਲ ਚੱਲਦੇ ਲੋਕ ਨਵੀਂਆਂ ਸੋਚਾਂ ਅਤੇ ਨਵੀਂਆਂ ਕਲਪਨਾਵਾਂ ਨਾਲ ਅਜਿਹੀਆਂ ਕਾਢਾਂ ਕੱਢ ਲੈਂਦੇ ਹਨ, ਜਿਨ੍ਹਾਂ ਨਾਲ ਵਕਤ ਵੀ ਹੈਰਾਨ ਹੋਏ ਬਗ਼ੈਰ ਨਹੀਂ ਰਹਿੰਦਾ। ਜਿਹੜੇ ਅਜਿਹੀਆਂ ਕਾਢਾਂ ਦੀ ਵਰਤੋਂ ਕਰਦੇ ਹਨ, ਉਹ ਵਕਤ ਦੇ ਨਾਲ ਤੁਰਦੇ ਹੋਏ ਵਿਕਸਤ ਹੋਈਆਂ ਚੀਜ਼ਾਂ ਤੋਂ ਪਿੱਛੇ ਨਹੀਂ ਰਹਿੰਦੇ। ਪਿਛਲੇ ਥੋੜ੍ਹੇ ਸਮੇਂ ਵਿੱਚ ਏਨੀਆਂ ਕਾਢਾਂ ਸਾਹਮਣੇ ਆਈਆਂ, ਜਿਨ੍ਹਾਂ ਨੇ ਮਨੁੱਖ ਨੂੰ ਸੁਖਾਲਿਆਂ ਕਰ ਕੇ ਰੱਖ ਦਿੱਤਾ। ਰਫ਼ਤਾਰ ਵਧ ਗਈ, ਆਵਾਜਾਈ ਦੇ ਸਾਧਨਾਂ ਨੇ ਕਮਾਲ ਕਰ ਕੇ ਵਿਖਾ ਦਿੱਤੀ। ਬਹੁਤ ਕੁਝ ਨੇ ਇਹ ਸਾਬਤ ਕਰ ਦਿੱਤਾ ਕਿ ਨਵੀਂਆਂ ਕਾਢਾਂ ਨੇ ਸਮੇਂ ਦੀ ਸਹੀ ਵਰਤੋਂ ਵੀ ਸਿਖਾਈ ਅਤੇ ਬੱਚਤ ਵੀ। ਜ਼ਰੂਰੀ ਹੈ ਕਿ ਹਰ ਮੁਲਕ ਦੇ ਹੁਕਮਰਾਨ ਸਮੇਂ ਦੇ ਹਾਣ ਦੇ ਹੋਣ, ਤਾਂ ਜੁ ਲੋਕਾਂ ਨੂੰ ਅੱਗੇ ਲਿਜਾ ਸਕਣ। ਗੱਡੇ ਦੀ ਆਪਣੀ ਭੂਮਿਕਾ ਸੀ, ਪਰ ਹੁਣ ਹੋਰ ਏਨੇ ਤੇਜ਼ ਵਾਹਨ ਮੈਦਾਨ ਵਿੱਚ ਆ ਗਏ ਕਿ ਗੱਡੇ ਦੀ ਅਹਿਮ ਭੂਮਿਕਾ ਨੂੰ ਕਿਤੇ ਪਿੱਛੇ ਛੱਡ ਗਏ। ਹੁਕਮਰਾਨ ਅਤੇ ਵਿਦਵਾਨ ਸਮੇਂ ਦੇ ਹਾਣ ਦੇ ਨਹੀਂ ਹੋਣਗੇ ਤਾਂ ਸਮਾਜ ਸਿਖ਼ਰਾਂ ਵੱਲ ਨਹੀਂ ਵਧ ਸਕਦਾ। ਸਾਰੇ ਸਮੇਂ ਦੇ ਹਾਣ ਦੇ ਹੋਣ, ਤਾਂ ਹੀ ਬਿਹਤਰ ਹੋਵੇਗਾ।

### ਝੂਠੀ ਕਥਾ, ਫਿੱਕੇ ਬੋਲ

ਕਈ ਵਾਰ ਜਦੋਂ ਪੈਰਾਂ ਹੇਠੋਂ ਮਿੱਟੀ ਖਿਸਕ ਜਾਵੇ ਅਤੇ ਸਮਾਜ ਵਿੱਚ ਪੁੱਛ-ਪ੍ਰਤੀਤ ਨਾ ਰਹੇ ਤਾਂ ਜਨਤਾ ਦੀ ਹਮਦਰਦੀ ਹਾਸਲ ਕਰਨ ਲਈ ਝੂਠੀ ਕਥਾ ਅਤੇ ਫਿੱਕੇ ਬੋਲਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਾ ਮਨੋਰਥ ਪ੍ਰਭਾਵ ਸਿਰਜਣਾ ਹੁੰਦਾ ਹੈ, ਪਰ ਇਹ ਸਿਰਜ ਨਹੀਂ ਹੁੰਦਾ। ਲੋਕ ਹੁਣ ਪਹਿਲਾਂ ਵਰਗੇ ਕਮ-ਅਕਲ ਨਹੀਂ ਰਹੇ ਕਿ ਨੇਤਾਵਾਂ ਵੱਲੋਂ ਖ਼ੁਦ ਹੀ ਖ਼ੁਦ ਬਾਰੇ ਝੂਠੀਆਂ ਕਹਾਣੀਆਂ, ਫਿੱਕੇ ਬੋਲਾਂ ਦਾ ਅਸਰ ਕਬੂਲ ਲੈਣ।

ਅਕਸਰ ਇਹ ਹੁੰਦਾ ਹੈ ਕਿ ਜਦੋਂ ਬਾਕੀ ਸਾਰੇ ਦਾਅ-ਪੇਚ ਅਸਫ਼ਲ ਹੋ ਜਾਣ ਤਾਂ ਇਹ ਕਹਿ ਦਿੱਤਾ ਜਾਂਦਾ ਹੈ ਕਿ ਫਲਾਣੇ ਨੇਤਾ ਨੂੰ ਫਲਾਣਿਆਂ ਨੇ ਪਾਰ ਬੁਲਾਉਣ ਦੀ ਸਕੀਮ ਬਣਾ ਲਈ। ਅਜਿਹੀਆਂ ਕਥਾਵਾਂ ਸੱਚ ਨਹੀਂ ਹੁੰਦੀਆਂ, ਸਗੋਂ ਬੜੀ ਚਤੁਰਾਈ ਨਾਲ ਘੜੀਆਂ ਜਾਂਦੀਆਂ ਹਨ ਅਤੇ ਮੀਡੀਆ ਵਿੱਚ ਛੱਡ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਕੁਝ ਅਸਰ ਹੋਣ ਦੀ ਉਮੀਦ ਵੀ ਹੁੰਦੀ ਹੈ, ਪਰ ਹੁੰਦਾ ਨਹੀਂ। ਅਜਿਹਾ ਕੁਝ ਹੀ ਅੱਜ ਵੀ ਹੋ ਰਿਹਾ ਹੈ, ਜੋ ਲੋਕਾਂ ਦੇ ਗਲੇ ਨਹੀਂ ਉੱਤਰਦਾ। ਅਜਿਹੇ ਕੁਝ ਨੂੰ ਲੋਕ ਝੂਠੀ ਕਥਾ ਵੀ ਮੰਨਦੇ ਹਨ ਅਤੇ ਫਿੱਕੇ ਬੋਲ ਵੀ।

### ਲਤੀਫ਼ੇ ਦਾ ਚਿਹਰਾ-ਮੋਹਰਾ

ਲੜਕੀ : ਹੋਸਟਲ ਦੇ ਗੇਟ 'ਤੇ ਮੈਨੂੰ ਮੇਰਾ ਮਿੱਤਰ ਮਿਲਣ ਆਇਆ ਹੈ, ਕੀ 15 ਮਿੰਟ ਲਈ ਮਿਲ ਆਵਾਂ?

ਵਾਰਡਨ ਮੈਡਮ : ਵੀ ਸੀ ਦੇ ਹੁਕਮ ਆਗਿਆ ਨਹੀਂ ਦਿੰਦੇ, ਮੇਰਾ ਵੀ ਮਿੱਤਰ ਆਇਆ ਸੀ, ਮੈਂ ਤਾਂ ਗਈ ਨਹੀਂ।

ਲੜਕੀ : ਮੈਨੂੰ ਦੱਸੋ ਕਿ ਮੈਂ ਜਾਵਾਂ ਕਿ ਨਾ ਜਾਵਾਂ?

ਵਾਰਡਨ ਮੈਡਮ : 15 ਮਿੰਟ ਹੀ ਲਾਈਂ, ਮੇਰੇ ਵਾਲੇ ਨੂੰ ਮੋੜ ਦੇਵੀਂ।

ਲੜਕੀ : ਮੈਡਮ ਧੰਨਵਾਦ, ਮੈਂ ਦੋਹਾਂ ਨੂੰ ਮਿਲ ਆਵਾਂਗੀ।

ਖਰੀਆਂ - ਖੋਟੀਆਂ

# ਔਰਤਾਂ ਬੋਲਦੀਆਂ ਕਿਉਂ ਨਹੀਂ?



ਸੁਕੀਰਤ

ਵੀਹ, ਘਟ ਜਾਂ ਵਧ ਜਾਣੀਆਂ ਜਾਂਦੀਆਂ, ਪਤਰਕਾਰ ਔਰਤਾਂ ਦੇ ਖੁਲ੍ਹ ਕੇ ਬੋਲਣ ਦੇ ਬਾਅਦ (ਅਤੇ ਸੋਸ਼ਲ ਹੀ ਨਹੀਂ ਰਵਾਇਤੀ ਮੀਡੀਏ ਵਿਚ ਕਈ ਦਿਨ ਝਖੜ ਝੁਲਦੇ ਰਹਿਣ ਮਗਰੋਂ) ਜਦੋਂ ਇਕ ਕੇਂਦਰੀ ਮੰਤਰੀ ਨੂੰ ਇਸਤੀਫ਼ਾ ਦੇਣਾ ਪਿਆ ਤਾਂ ਮੇਰੇ ਸੰਵੇਦਨਸ਼ੀਲ, ਸੁਹਿਰਦ, ਅਗਾਂਹ-ਵਧੂ ਵਗੈਰਾ ਵਗੈਰਾ ਮਿਤਰ ਦਾ ਟਿਪਣੀਨੁਮਾ ਸਵਾਲ ਸੀ, "20 ਸਾਲ ਤਕ ਚੁਪ ਬੈਠੀਆਂ ਰਹੀਆਂ। ਇਹ ਪਹਿਲਾਂ ਨਹੀਂ ਕਿਉਂ ਨਾ ਬੋਲੀਆਂ? ਇਹੋ ਜਿਹੇ ਇਲਜ਼ਾਮ ਲਾਉਣ ਦਾ ਤਾਂ ਫੈਸ਼ਨ ਹੋ ਗਿਆ ਹੈ"।

ਇਹੋ ਜਿਹੇ ਮੌਕਿਆਂ ਤੇ ਮੈਂ ਅਵਾਕ ਨਹੀਂ ਰਹਿੰਦਾ, ਭਖਣ ਲਗ ਪੈਂਦਾ ਹਾਂ. ਸੰਵੇਦਨਸ਼ੀਲ, ਸੁਹਿਰਦ, ਅਗਾਂਹ-ਵਧੂ ਵਗੈਰਾ ਵਗੈਰਾ ਵਿਸ਼ੇਸ਼ਣਾਂ ਦੀ ਪਰਿਭਾਸ਼ਾ ਉੱਤੇ ਮੈਨੂੰ ਸ਼ਕ ਹੋਣ ਲਗ ਪੈਂਦਾ ਹੈ। ਤੇ ਮਨ ਵਿਚੋਂ ਲੰਘਦਾ ਹੈ ਕਿ ਜਿਹੜੇ 'ਦੋ ਧੜਿਆਂ ਵਿਚ ਖਲਕਤ ਵੰਡੀ' ਹੋਈ ਹੈ, ਉਸ ਦੀ ਸਭ ਤੋਂ ਤਿਖੀ ਲਕੀਰ ਸ਼ਾਇਦ ਮਰਦਾਂ ਅਤੇ ਔਰਤਾਂ ਵਿਚਕਾਰ ਹੈ। ਬੌਧਿਕ ਸ਼ਬਦਾਂ ਵਿਚ ਕਹਾਂ ਤਾਂ ਇਹ ਪਿਤਰੀ ਸੱਤਾ ਵਾਲੀ ਉਸ ਮਾਨਸਕਤਾ ਦਾ ਗਲਬਾ ਹੈ ਜਿਸ ਦੀ ਜਕੜ ਵਿਚ ਫਸੇ 'ਸੰਵੇਦਨਸ਼ੀਲ' ਮਰਦਾਂ ਨੂੰ ਪਤਾ ਵੀ ਨਹੀਂ ਕਿ ਉਹ ਕਿਹੋ ਜਿਹੀ ਪਿਛਾਂਹ-ਖਿਚੂ ਸੋਚ ਦੇ ਸ਼ਿਕਾਰ ਹਨ।

ਪਹਿਲੋਂ ਇਸ ਮਾਮਲੇ ਬਾਰੇ ਕੁਝ ਸਿਧੇ-ਪੱਧਰੇ ਤੱਥ। ਕੋਈ ਸਾਲ ਕੁ ਪਹਿਲਾਂ, 'ਵੋਗ' ਨਾਂਅ ਦੇ ਰਿਸਾਲੇ ਵਿਚ ਛਪੀ ਮੁਲਾਕਾਤ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਪਤਰਕਾਰ ਪ੍ਰੀਆ ਰਮਾਨੀ ਨੇ ਦਸਿਆ ਕਿ ਕੰਮ ਕਰਨ ਵਾਲੀਆਂ ਔਰਤਾਂ ਨੂੰ ਹਰ ਥਾਂ ਹੀ ਮਾੜੀਆਂ ਟਿਪਣੀਆਂ, ਅਣਚਾਹੀ ਛੇੜਛਾੜ ਅਤੇ ਕਾਮੀ ਸੱਦਿਆਂ ਨਾਲ ਸਿਝਣਾ ਪੈਂਦਾ ਹੈ, ਅਤੇ ਪਤਰਕਾਰੀ ਦਾ ਖੇਤਰ ਵੀ ਇਸ ਲਾਗ ਤੋਂ ਮੁਕਤ ਨਹੀਂ। ਬਿਨਾ ਕਿਸੇ ਦਾ ਨਾਂਅ ਲਏ, ਉਸਨੇ ਇਹ ਵੀ ਕਿਹਾ 20 ਸਾਲ ਪਹਿਲਾਂ ਉਸਨੂੰ ਵੀ ਉਸਦੇ ਸੰਪਾਦਕ ਨੇ ਚੋਖਾ ਤੰਗ ਕੀਤਾ ਸੀ, ਜੋ ਭਾਰਤੀ ਪੱਤਰਕਾਰੀ ਵਿਚ ਵੱਡੇ ਅਹੁਦਿਆਂ ਉਤੇ ਰਹਿ ਚੁਕਾ ਹੈ। ਨਾ ਇਹ ਵਰਤਾਰਾ ਕਿਸੇ ਕੋਲੋਂ ਲੁਕਿਆ ਛੁਪਿਆ ਹੈ, ਤੇ ਨਾ ਹੀ ਪ੍ਰੀਆ ਰਮਾਨੀ ਨੇ ਕਿਸੇ ਦਾ ਨਾਂਅ ਲਿਆ, ਸੋ ਗਲ ਆਈ-ਗਈ ਹੋ ਗਈ।

ਹੁਣ ਕੁਝ ਚਿਰ ਪਹਿਲਾਂ ਰਹਿ ਚੁਕੀ ਅਭਿਨੇਤਰੀ ਤਨੁਸ਼੍ਰੀ ਦੱਤਾ ਨੇ ਨਾਨਾ ਪਾਟੇਕਰ ਉਤੇ ਇਲਜ਼ਾਮ ਲਾਇਆ ਕਿ ਦਸ ਸਾਲ ਪਹਿਲਾਂ ਫ਼ਿਲਮ ਦੀ ਸ਼ੂਟਿੰਗ ਦੇ ਦੌਰਾਨ ਉਸ ਨਾਲ ਵਾਰ-ਵਾਰ ਕਾਮੁਕ ਛੇੜਛਾੜ ਕੀਤੀ ਗਈ। ਉਸਨੇ ਸ਼ਿਕਾਇਤ ਵੀ ਕੀਤੀ ਸੀ, ਪਰ ਕੋਈ ਸੁਣਵਾਈ ਨਾ ਹੋਈ ਕਿਉਂਕਿ ਨਾਨਾ ਪਾਟੇਕਰ ਵੱਡਾ ਨਾਂਅ ਸੀ। ਸਗੋਂ ਤਨੁਸ਼੍ਰੀ ਨੂੰ ਹੀ ਕੰਮ ਮਿਲਣਾ ਬੰਦ ਹੋ ਗਿਆ ਅਤੇ ਉਹ ਅਮਰੀਕਾ ਚਲੀ ਗਈ। ਆਪਣੇ ਨਾਲ ਹੋਏ ਧੱਕੇ, ਆਪਣੇ ਕਰੀਅਰ ਦੀ ਮੁਢ ਵਿਚ ਹੀ ਹੋਈ ਤਬਾਹੀ ਦਾ ਰੋਹ ਉਸਦੇ ਅੰਦਰ ਕ੍ਰਿਝਦਾ ਰਿਹਾ ਅਤੇ ਅਮਰੀਕਾ ਵਿਚ #ਮੀ ਟੂ ਦੀ ਪਿਛਲੇ ਸਾਲ ਤੋਂ ਤੁਰੀ ਮੁਹਿੰਮ ਦੇ ਨਤੀਜਿਆਂ ਨੇ ਉਸਨੂੰ ਪ੍ਰੇਰਿਤ ਕੀਤਾ ਕਿ ਨਾਨਾ ਪਾਟੇਕਰ ਦੀ ਜ਼ਿਆਦਤੀ ਬਾਰੇ ਮੁੜ ਗਲ ਛੇੜੇ। (ਸੋਸ਼ਲ ਮੀਡੀਆ ਉਤੇ ਅਕਤੂਬਰ 2017 ਤੋਂ ਵਾਇਰਲ ਹੋਈ #ਮੀ ਟੂ -ਯਾਨੀ ਇੰਜ ਮੇਰੇ ਨਾਲ ਵੀ ਹੋਇਆ ਸੀ- ਮੁਹਿੰਮ ਔਰਤਾਂ ਵਲੋਂ ਇਹ ਦਸਣ ਦਾ ਉਪਰਾਲਾ ਸੀ ਕਿ ਕੰਮ ਕਰਨ ਵਾਲੀਆਂ ਥਾਂਵਾਂ ਉਤੇ ਕਾਮੁਕ ਹਮਲੇ ਅਤੇ ਉਨ੍ਹਾਂ ਨੂੰ ਦਿਕ ਕਰਨ ਦੇ ਉਪਰਾਲੇ ਕਿੰਨੇ ਆਮ ਹਨ। ਅਮਰੀਕੀ ਅਭਿਨੇਤਰੀ ਅਲੀਸਾ ਮਿਲਾਨੋ ਨੇ ਅਜਿਹੇ ਹਮਲਿਆਂ ਦੀਆਂ ਸ਼ਿਕਾਰ ਔਰਤਾਂ ਨੂੰ ਪ੍ਰੇਰਤ ਕੀਤਾ ਕਿ ਉਹ ਇਹੋ ਜਿਹੇ ਹਾਦਸਿਆਂ ਬਾਰੇ ਖੁਲ੍ਹ ਕੇ ਬੋਲਣ ਤਾਂ ਜੋ ਲੋਕਾਂ ਨੂੰ ਪਤਾ ਲੱਗੇ ਕਿ ਇਹ ਸਮੱਸਿਆ ਕਿੰਨੀ ਵੱਡੀ ਹੈ।)



ਤਨੁਸ਼੍ਰੀ ਦੇ ਹੌਸਲੇ ਤੋਂ ਪ੍ਰੇਰਤ ਹੋ ਕੇ ਟੈਲੀ-ਸੀਰੀਅਲਾਂ ਦੀ ਲੇਖਕ ਵਿੰਟਾ ਨੰਦਾ ਨੇ ਵੀ ਖੁਲ੍ਹ ਕੇ ਕਿਹਾ ਕਿ 90-ਵਿਆਂ ਵਿਚ 'ਤਾਰਾ' ਸੀਰੀਅਲ ਦੀ ਸ਼ੂਟਿੰਗ ਦੇ ਦੌਰਾਨ ਅਭਿਨੇਤਾ ਆਲੋਕ ਨਾਥ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਉਸ ਸਮੇਂ ਉਹ ਚੁਪ ਰਹੀ, ਪਰ 2005 ਤੀਕ ਜਦੋਂ ਉਹ ਪਕੇਰੇ ਪੈਰੀਂ ਖੜ੍ਹੀ ਹੋ ਚੁਕੀ ਸੀ, ਉਸਨੇ ਇਸ ਬਲਾਤਕਾਰ ਬਾਰੇ ਇੰਕਸ਼ਾਫ਼ ਵੀ ਕੀਤਾ ਸੀ। ਪਰ ਇਸਤੋਂ ਬਾਅਦ ਉਸਨੂੰ ਕੰਮ ਹੀ ਮਿਲਣਾ ਬੰਦ ਹੋ ਗਿਆ। ਹੁਣ #ਮੀ ਟੂ ਨੇ ਉਸਨੂੰ ਹੌਸਲਾ ਦਿਤਾ ਕਿ ਉਹ ਆਪਣੀ ਗਲ ਮੁੜ ਸਭ ਦੇ ਸਾਹਮਣੇ ਲਿਆਵੇ।

ਤੇ ਇਹੋ ਕਾਰਨ ਹੈ ਕਿ ਪ੍ਰੀਆ ਰਮਾਨੀ ਨੇ ਵੀ ਐਮ ਜੇ ਅਕਬਰ ਦਾ ਨਾਂਅ ਖੁਲ੍ਹ ਕੇ ਦਸ ਦਿਤਾ।

ਪਰ ਨਾ ਨਾਨਾ ਪਾਟੇਕਰ, ਨਾ ਹੀ ਆਲੋਕ ਨਾਥ ਅਤੇ ਨਾ ਹੀ ਐਮ ਜੇ ਅਕਬਰ ਇਹ ਮੰਨਣ ਨੂੰ ਤਿਆਰ ਹਨ ਕਿ ਉਨ੍ਹਾਂ ਵੱਲੋਂ ਕੋਈ ਵਧੀਕੀ ਹੋਈ ਹੈ। ਸਗੋਂ ਉਨ੍ਹਾਂ ਨੇ ਇਨ੍ਹਾਂ ਔਰਤਾਂ ਉਤੇ ਮਾਨਹਾਨੀ ਦੇ ਮੁਕਦਮੇ ਠੋਕ ਦਿਤੇ ਹਨ। ਇਸ ਅੜੀਅਲ ਮਰਦਾਨਾ ਹਿਕਾਰਤ ਨੂੰ ਦੇਖ ਕੇ ਹੋਰ ਵੀ ਔਰਤਾਂ ਬੋਲਣ ਲਗ ਪਈਆਂ। ਐਮ ਜੇ ਅਕਬਰ ਦੇ ਕਾਰਿਆਂ/ਕਾਮੁਕ ਵਧੀਕੀਆਂ ਨਾਲ ਆਪਣੇ ਤਜਰਬੇ ਬਾਰੇ ਤਾਂ 20 ਪਤਰਕਾਰ ਔਰਤਾਂ ਨੇ ਮੂੰਹ ਖੋਲਿਆ ਹੈ, ਜਿਨ੍ਹਾਂ ਵਿਚੋਂ ਕਈਆਂ ਦੇ ਨਾਂਅ ਚੋਖੇ ਜਾਣੇ ਜਾਂਦੇ ਹਨ।

ਤੇ ਮੇਰਾ 'ਸੰਵੇਦਨਸ਼ੀਲ' ਮਿਤਰ ਹੀ ਨਹੀਂ, ਭਾਜਪਾਈ ਮੰਤਰੀਆਂ ਤੋਂ ਲੈ ਕੇ ਸੱਥ ਵਿਚ ਬੈਠੇ ਸਾਥੀ ਕਹਿ ਰਹੇ ਹਨ ਕਿ 20 ਸਾਲ ਮਗਰੋਂ ਇਲਜ਼ਾਮ ਲਾਉਣ ਦੀ ਕੀ ਤੁਕ ਹੈ? ਇਹੋ ਜਿਹੇ ਇਲਜ਼ਾਮ ਲਾਉਣ ਦਾ ਤਾਂ ਫੈਸ਼ਨ ਹੋ ਗਿਆ ਹੈ। ਜੇ ਇਹ ਸਚ ਸੀ ਤਾਂ ਇਹ ਪਹਿਲਾਂ ਕਿਉਂ ਨਾ ਬੋਲੀਆਂ? ਇਹ ਸਸਤੀ ਸ਼ੁਹਰਤ ਖਟਣ ਦਾ ਉਪਰਾਲਾ ਹੈ।

ਐਮ ਜੇ ਅਕਬਰ ਨੇ ਇਸਤੀਫ਼ਾ ਤਾਂ ਦੇ ਦਿਤਾ ਹੈ ਪਰ ਪ੍ਰੀਆ ਰਮਾਨੀ ਉਤੇ 97 ਵਕੀਲਾਂ ਦੀ ਟੀਮ ਬਣਾ ਕੇ ਹਤਕ ਇਜ਼ਤ ਦਾ ਮੁਕੱਦਮਾ ਠੋਕ ਦਿਤਾ ਹੈ। ਇਸ ਮੁਲਕ ਦੀ ਨਿਆਂ-ਪ੍ਰਣਾਲੀ ਅਜਿਹੀ ਹੈ ਕਿ ਲੰਮਾ ਸਮਾਂ ਨਾ ਸਿਰਫ਼ ਕਚਹਿਰੀਆਂ ਵਿਚ ਖੁਆਰ ਹੋਣਾ ਪੈਂਦਾ ਹੈ, ਤੁਸੀਂ ਦੀਵਾਲੀਏ ਵੀ ਹੋ ਸਕਦੇ ਹੋ। ਏਸੇ ਡਰ ਤੋਂ ਤਾਂ ਪਿਛਲੇ ਸਾਲ 'ਇਕਨੌਮਿਕ ਐਂਡ ਪੋਲਿਟਿਕਲ ਵੀਕਲੀ' ਵਰਗੇ ਸਤਿਕਾਰੇ ਖੱਬੇ-ਪੱਖੀ ਰਿਸਾਲੇ ਨੇ ਵੀ ਅਡਾਨੀ ਦੀ ਮੁਕੱਦਮਾ ਧਮਕੀ ਅਗੇ ਹਥਿਆਰ ਸੁਟ ਦਿਤੇ। ਕੇਂਦਰੀ ਵਿਤ ਮੰਤਰੀ ਵੱਲੋਂ ਮੁਕੱਦਮੇਬਾਜ਼ੀ ਦੇ ਏਸੇ ਡਰਾਵੇ ਕਾਰਨ ਤਾਂ ਦਿਲੀ ਦਾ ਮੁਖ ਮੰਤਰੀ ਉਸ ਉਤੇ ਆਪਣੇ ਵੱਲੋਂ ਲਾਏ ਇਲਜ਼ਾਮ ਬਿਨਾ ਸ਼ਰਤ ਵਾਪਸ ਲੈਣ ਲਈ ਮਜਬੂਰ ਹੋ ਗਿਆ। ਸੋ, ਜੇ ਪ੍ਰੀਆ ਰਮਾਨੀ ਅਕਬਰ ਦੀ 97 ਵਕੀਲਾਂ ਦੀ ਫੌਜ ਰਾਹੀਂ ਲੜੀ ਜਾਣ ਵਾਲੀ ਲੜਾਈ ਵਿਚ ਹਥਿਆਰ ਨਹੀਂ ਸੁਟ ਰਹੀ ਤਾਂ ਉਸਦੀ ਮਦਦ ਲਈ ਹਰ ਉਹ ਔਰਤ ਮੈਦਾਨ ਵਿਚ ਨਿਤਰੇਗੀ ਜਿਸ ਨੇ ਐਮ ਜੇ ਅਕਬਰ ਦੀਆਂ ਵਧੀਕੀਆਂ ਸਹੀਆਂ ਜਾਂ ਦੇਖੀਆਂ ਹੋਈਆਂ ਹਨ। ਅਤੇ ਇਹੋ ਗਲ ਫਿਲਮ ਅਤੇ ਟੈਲੀ ਜਗਤ ਨਾਲ ਜੁੜੀਆਂ ਉਨ੍ਹਾਂ ਔਰਤਾਂ ਉਤੇ ਢੁਕਦੀ ਹੈ ਜੋ ਤਨੁਸ਼੍ਰੀ ਦਤਾ ਅਤੇ ਵਿੰਟਾ ਨੰਦਾ ਨਾਲ ਹੋਈਆਂ ਵਧੀਕੀਆਂ ਦੀਆਂ ਗਵਾਹ ਹੋਣ ਕਾਰਨ ਉਨ੍ਹਾਂ ਦੇ ਸਮਰਥਨ ਵਿਚ ਉਤਰੀਆਂ ਹਨ।

ਇਹ ਗਲ ਨਹੀਂ ਕਿ ਔਰਤਾਂ ਬੋਲਦੀਆਂ ਨਹੀਂ। ਦਰਅਸਲ ਉਨ੍ਹਾਂ ਨੂੰ ਚੁਪ ਰਹਿਣਾ ਪੈਂਦਾ ਹੈ ਕਿਉਂਕਿ ਕਿਤੇ ਕਿਸੇ ਸੁਣਵਾਈ ਦੀ ਆਸ ਨਹੀਂ ਹੁੰਦੀ। 14 ਸਾਲਾਂ ਦੀ ਕੁੜੀ ਨੇ ਹਰਿਆਣਾ ਦੇ ਆਈ.ਜੀ. ਪੁਲੀਸ ਰਾਠੌੜ ਦੀ ਕਾਮੁਕ ਛੇੜਛਾੜ ਖਿਲਾਫ਼ ਬੋਲਣ ਦੀ ਹਿੰਮਤ ਕੀਤੀ ਸੀ, ਪਰ ਆਤਮਹੱਤਿਆ ਕਰਨ ਤੇ ਮਜਬੂਰ ਹੋਈ। ਏਅਰ ਹੋਸਟੈਸ ਗੀਤਿਕਾ ਸ਼ਰਮਾ ਨੇ ਹਰਿਆਣੇ ਦੇ ਹੀ ਮਿਨਿਸਟਰ ਗੋਪਾਲ ਕੰਡਾ ਦੇ ਖਿਲਾਫ਼ ਸ਼ਿਕਾਇਤ ਕੀਤੀ ਸੀ, ਪਰ ਤਾਕਤਵਰ ਮਰਦ ਸਾਹਮਣੇ ਇਕ ਸਧਾਰਨ ਔਰਤ ਦੀ ਔਕਾਤ ਹੀ ਕੀ ਹੈ! ਉਸਨੂੰ ਏਨਾ ਤੰਗ ਕੀਤਾ ਗਿਆ ਕਿ ਸਿਰਫ਼ ਉਹ ਆਪ ਹੀ ਨਹੀਂ, ਉਸਦੀ ਮਾਂ ਵੀ ਖੁਦਕੁਸ਼ੀ ਕਰਨ ਵਲ ਧੱਕੀਆਂ ਗਈਆਂ। ਹਰ ਔਰਤ ਰੂਪਨ ਦਿਓਲ ਬਜਾਜ ਵਾਲਾ ਰੁਤਬਾ ਜਾਂ ਜੇਰਾ ਨਹੀਂ ਰਖਦੀ ਕਿ ਉਹ ਸਾਲਾਂ ਦਰ ਸਾਲ ਕੇ.ਪੀ.ਐਸ ਗਿਲ ਵਰਗਿਆਂ ਨਾਲ ਸਿੱਝਦੀ ਰਹੇ।

ਵੀਹ ਸਾਲ ਪਹਿਲਾਂ ਦਫ਼ਤਰੀ ਮਾਹੌਲ ਵਿਚ ਕਾਮੁਕ ਫਤਵਿਆਂ ਜਾਂ ਦਿਕ ਕਰਨ ਦੇ ਮਾਮਲਿਆਂ ਬਾਰੇ ਵਿਸ਼ਾਖਾ ਕਮੇਟੀ ਦੇ ਦਿਸ਼ਾ ਨਿਰਦੇਸ਼ ਨਹੀਂ ਸਨ ਹੁੰਦੇ। ਇਸ ਲਈ ਮਰਦਾਂ ਦੀ ਤਾਂ ਗਲ ਛੱਡੋ, ਔਰਤਾਂ ਨੂੰ ਵੀ ਪਤਾ ਨਹੀਂ ਸੀ ਕਿਹੜੀ ਸੀਮਾ ਉਲੰਘੇ ਜਾਣ ਉਤੇ ਉਹ ਹੱਕੀ ਤੌਰ ਉਤੇ ਆਪਣੇ ਨਾਲ ਹੋਈ ਵਧੀਕੀ ਬਾਰੇ ਸ਼ਿਕਾਇਤ ਦਰਜ ਕਰਾ ਸਕਦੀਆਂ ਹਨ। ਕੰਮ ਦੀ ਥਾਂ ਉਤੇ ਔਰਤਾਂ ਨਾਲ ਵਿਹਾਰ ਬਾਰੇ ਐਕਟ ਤਾਂ ਅਜੇ ਪੰਜ ਸਾਲ ਪਹਿਲਾਂ ਹੀ 2013 ਵਿਚ ਮਨਜ਼ੂਰ ਹੋਇਆ ਹੈ, ਜਿਸ ਮੁਤਾਬਕ ਹਰ ਮਾਲਕ ਲਈ ਇਕ 10-ਮੈਂਬਰੀ ਕਮੇਟੀ ਬਣਾਉਣਾ ਜ਼ਰੂਰੀ ਹੈ ਜੋ ਗਲਤ ਵਿਹਾਰ ਦੀ ਸ਼ਿਕਾਇਤ ਬਾਰੇ ਪੜਤਾਲ ਕਰ ਸਕੇ। ਇਹ ਕਮੇਟੀਆਂ ਬਹੁਤੇ ਥਾਂਈਂ ਅਜੇ ਕਾਗਜ਼ੀ ਹੀ ਹਨ, ਪਰ ਘਟੋ-ਘਟ ਇਨ੍ਹਾਂ ਦਾ ਸਪਸ਼ਟ ਖਾਕਾ ਤਾਂ ਮੌਜੂਦ ਹੈ।

ਵੀਹ ਸਾਲ ਪਹਿਲਾਂ ਔਰਤਾਂ ਬੋਲਦੀਆਂ ਨਹੀਂ ਸਨ, ਕਿਉਂਕਿ ਉਹ ਨਿਹਾਇਤ ਕਮਜ਼ੋਰ ਧਿਰ ਸਨ। ਹੁਣ ਇਨ੍ਹਾਂ ਕਾਨੂੰਨੀ ਤਬਦੀਲੀਆਂ ਨੇ ਹੀ ਨਹੀਂ, ਉਨ੍ਹਾਂ ਦੀ ਸਮੂਹਕ ਤੌਰ ਉਤੇ ਉਠੀ ਆਵਾਜ਼ ਨੇ ਵੀ ਉਨ੍ਹਾਂ ਨੂੰ ਇਹ ਤਾਕਤ ਦਿਤੀ ਹੈ ਕਿ ਉਹ ਨਾ ਸਿਰਫ਼ ਅਜਿਹੀਆਂ ਵਧੀਕੀਆਂ ਨੂੰ ਨਸ਼ਰ ਕਰਨ, ਉਨ੍ਹਾਂ ਨੂੰ ਥਾਏਂ ਨੱਪਣ ਦੀ ਹਿੰਮਤ ਵੀ ਕਰ ਸਕਣ। ਅਜ ਵੱਡੇ ਸ਼ਹਿਰਾਂ ਦੇ ਦਫ਼ਤਰੀ ਮਾਹੌਲ ਵਿਚ ਵਿਚਰ ਰਹੀਆਂ ਔਰਤਾਂ ਵਿਚ

(ਬਾਕੀ ਸਫਾ 17 'ਤੇ)

# ਗੁਰੂ ਹਰਿਰਾਇ ਸਾਹਿਬ ਜੀ



ਗੁਰੂ ਹਰਿਰਾਇ ਜੀ ਦੇ ਇਕ ਆਦਰਸ਼ਕ ਗੁਰ-ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਸ ਪੋਤਰੇ ਨੂੰ ਸੱਤਵੀਂ ਪਾਤਸ਼ਾਹੀ ਦੀ ਗੁਰਗੱਦੀ ਸੌਂਪੀ। ਉਸ ਵੇਲੇ ਆਪ ਜੀ ਦੀ ਉਮਰ 14 ਸਾਲ ਸੀ। ਗੁਰੂ ਹਰਿਰਾਇ ਜੀ ਦੇ ਮਨ 'ਤੇ ਗੁਰੂ ਹਰਿਗੋਬਿੰਦ ਜੀ ਦਾ ਬੜਾ ਪ੍ਰਭਾਵ ਸੀ। ਉਹਨਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਗੁਰਬਾਣੀ ਵਿਚਾਰ, ਬੀਰ ਰੱਸ ਦੇ ਪ੍ਰਭਾਵ ਦੇ ਨਾਲ-ਨਾਲ ਸ਼ਸਤਰ ਵਿੱਦਿਆ ਦੇ ਗਿਆਨ ਵਿਚ ਪ੍ਰਪੱਕ ਹੋਣ ਦਾ ਪ੍ਰਬੰਧ ਕੀਤਾ ਗਿਆ ਸੀ। ਛੋਟੀ ਉਮਰ ਵਿਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ ਅਤੇ ਵੀਰਤਾ ਦੇ ਪੁੰਜ ਸਨ। ਉਹਨਾਂ ਨੇ ਨਿਰਭਊ, ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਹਨਾਂ ਨੂੰ ਇਹ ਸਿੱਖਿਆ ਮਿਲੀ ਸੀ ਕਿ ਸੰਸਾਰ ਵਿਚ ਵਿਚਰਦੇ ਸਮੇਂ ਸੰਜਮ ਵਿਚ ਰਹਿਣਾ ਹੈ। ਤਾਕਤ ਦੀ ਵਰਤੋਂ ਸੋਚ-ਸਮਝ ਕੇ ਕਰਨੀ ਹੈ। ਇਸੇ ਭਾਵ ਵਿਚ ਆਪ ਨੇ ਤਾਣ ਹੁੰਦਿਆਂ ਹੋਇਆਂ ਵੀ ਨਿਤਾਣੇ ਹੋ ਵਿਖਾਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਆਪ ਜੀ ਦਾ ਪ੍ਰਕਾਸ਼ 16 ਜਨਵਰੀ 1630 ਈ: ਨੂੰ ਸ਼ੀਸ਼ ਮਹੱਲ ਕੀਰਤਪੁਰ, ਹੁਣ ਜ਼ਿਲ੍ਹਾ ਰੋਪੜ (ਪੰਜਾਬ) ਵਿਖੇ ਬਾਬਾ ਗੁਰਦਿੱਤਾ ਜੀ, ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ 1640 ਈ: ਵਿਚ ਮਾਤਾ ਕਿਸ਼ਨ ਕੌਰ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਏ ਅਤੇ ਗੁਰੂ ਹਰਿਕ੍ਰਿਸ਼ਨ ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਈ: ਹੈ। ਗੁਰੂ ਕਾਲ ਦੀ ਹਮੇਸ਼ਾ ਇਹ ਵਿਸ਼ੇਸ਼ਤਾ ਰਹੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਗੁਰੂਆਂ ਨੇ ਅੱਗੇ ਤੋਰਿਆ ਹੈ। ਉਸੇ ਆਸ਼ੇ ਅਧੀਨ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ। ਆਪ ਨੇ ਸੰਗਤਾਂ ਵਿਚ ਚੜ੍ਹਦੀਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿਚ ਵਿਸ਼ਵਾਸ ਨੂੰ ਨਹੀਂ ਤਿਆਗਣਾ ਸਗੋਂ ਇਸ ਦੀ ਰੱਖਿਆ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ, ਨਾ ਕਿਸੇ ਨੂੰ ਡਰਾਉਂਦਾ ਹੈ। ਨਿਰਭਊ, ਨਿਰਵੈਰ ਹੈ। ਗੁਰੂ ਜੀ ਨੇ ਸੰਜਮ ਵਿਚ ਰਹਿਣ ਦਾ ਉਪਦੇਸ਼ ਦਿੱਤਾ ਕਿ- ਥੋੜ੍ਹਾ ਖਾਣ, ਥੋੜ੍ਹਾ ਸੌਣਾ, ਸਰੀਰ ਤੰਦਰੁਸਤ ਰੱਖਣਾ ਤੇ ਸਹਿਜ ਵਿਚ ਰਹਿਣਾ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ। ਗੁਰੂ ਕੇ ਲੰਗਰਾਂ ਦੀ ਸੇਵਾ ਨੂੰ ਸਿੱਖਾਂ ਦੇ ਘਰਾਂ ਤੱਕ ਚਲਾਉਣ ਦੀ ਮਰਿਆਦਾ ਬਣਾ ਦਿੱਤਾ। ਸਿੱਖ ਦੇ ਘਰੋਂ ਕੋਈ ਭੁੱਖਾ ਨਿਰਾਸ਼ ਨਾ ਜਾਵੇ। ਘਰ-ਘਰ ਅੰਦਰ ਧਰਮਸਾਲ ਦੇ ਨਾਲ ਨਾਲ ਘਰ-ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਉਹੀ ਲੰਗਰ ਸਫਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਲੰਗਰਾਂ ਨੂੰ ਸਿੱਖਾਂ ਦੀ ਰਹਿਣੀ-ਬਹਿਣੀ ਦਾ ਇਕ ਪੱਕਾ ਅੰਗ ਦੱਸਿਆ। ਇਸੇ ਉਪਦੇਸ਼ ਅਧੀਨ ਜਦ 1646 ਈ: ਵਿਚ ਲਾਹੌਰ ਵਿਚ ਭਿਆਨਕ ਬਿਮਾਰੀ ਫੈਲ ਗਈ ਅਤੇ ਕਾਲ ਪੈ ਗਿਆ ਤਾਂ ਸੰਗਤਾਂ ਨੇ ਗਰੀਬਾਂ-ਬੇਸਹਾਰਿਆਂ ਦੀ ਸੇਵਾ ਕੀਤੀ। ਆਪ ਜੀ ਨੂੰ ਗੁਰਿਆਈ ਬਖ਼ਸ਼ਣ ਵੇਲੇ ਗੁਰੂ ਹਰਿਗੋਬਿੰਦ ਜੀ ਨੇ ਆਪ ਨੂੰ ਹਦਾਇਤ ਕੀਤੀ ਕਿ ਸਵੈ-ਰੱਖਿਆ ਲਈ ਫੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਜੁਝਾਰੂ ਫੌਜ ਆਪ ਜੀ ਦੇ ਕੋਲ ਸੀ, ਜੋ ਖ਼ਾਲਸੇ ਦੇ ਜੁਝਾਰੂ ਜਲੌਅ ਦਾ ਪ੍ਰਤੀਕ ਸੀ। ਇਸ ਤਰ੍ਹਾਂ ਮੀਰੀ ਪੀਰੀ ਦੀ ਮਰਿਆਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ 'ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿਚ ਲੈ ਕੇ ਔਰੰਗਜੇਬ ਦੀ ਫੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਿਕੋਹ ਬਚ ਨਿਕਲਣ ਵਿਚ ਸਫਲ ਹੋ ਸਕੇ। ਜਿੱਥੇ ਆਪ ਸੰਗਤ ਨੂੰ ਨਾਮ ਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ, ਉਥੇ ਰੋਗੀਆਂ ਦੇ ਰੋਗ ਵੀ ਦੂਰ ਕਰਦੇ ਸਨ। ਇਸ ਲਈ ਸੰਗਤਾਂ ਨੂੰ ਕਿਹਾ ਕਿ ਲੰਗਰ ਵਿਚ ਜੋ ਵੀ ਰਸਦ ਆਵੇ, ਬੜੀ ਸੰਭਾਲ ਕੇ ਰੱਖਣੀ ਹੈ। ਜੋ ਲੋੜ ਪੈਣ ਤੇ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਬੜੀਆਂ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਹਨਾਂ ਦੁਰਲੱਭ ਵਸਤਾਂ ਨੇ ਇਕ ਚੰਗੇ ਦਵਾਖਾਨੇ ਦਾ ਰੂਪ ਧਾਰ ਲਿਆ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿਚ ਵੰਡੀਆਂ ਜਾਂਦੀਆਂ। ਤਾਂ ਜੋ ਉਹ ਨਿਰੋਗ ਰਹਿ ਸਕਣ। ਜਦੋਂ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਜੀ ਦੇ ਦਵਾਖਾਨਾ ਦੀਆਂ ਔਸ਼ਧੀਆਂ ਵਸਤੂਆਂ ਨਾਲ ਤੰਦਰੁਸਤ ਹੋ ਗਿਆ। ਉਸਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦਾ ਉਪਦੇਸ਼ ਅਤੇ ਪ੍ਰਬੰਧ ਨੂੰ ਵੇਖ ਕੇ ਬੜਾ ਪ੍ਰਭਾਵਿਤ ਹੋਇਆ। ਗੁਰੂ ਜੀ ਨਾਲ ਦਾਰਾ ਸ਼ਿਕੋਹ ਦਾ ਮੇਲ ਮਿਲਾਪ ਵਧਦਾ ਦੇਖ ਕੇ ਔਰੰਗਜੇਬ ਨੇ ਬਹਾਨੇ ਨਾਲ ਗੁਰੂ ਜੀ ਨੂੰ ਤਲਬ ਕੀਤਾ ਤੇ ਬੁਲਾਇਆ। ਗੁਰੂ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ ਰਾਮ ਰਾਇ ਜੀ ਨੂੰ ਭੇਜ ਦਿੱਤੀ। ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਸੀ। ਉਹ ਜਬਰੀ ਧਰਮ ਪਰਿਵਰਤਨ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮ ਰਾਇ ਦਾ ਦਿਲ ਜਿੱਤ ਕੇ ਉਸਨੂੰ ਇਸਲਾਮ ਵਿਚ ਲਿਆਂਦਾ ਜਾਵੇ ਤਾਂ ਉਸਨੇ ਬਾਣੀ ਦਾ ਹਵਾਲਾ ਦੇ ਕੇ ਪੁੱਛਿਆ ਕਿ ਗ੍ਰੰਥ ਵਿਚ ਦਰਜ ਹੈ-

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।।
ਘੜਿ ਭਾਂਡੇ ਇਟਾਂ ਕੀਆ ਜਲਦੀ ਕਰੇ ਪੁਕਾਰ।। ਅੰਗ 466

ਇਹ ਇਸਲਾਮ ਧਰਮ ਦਾ ਸਿੱਧਾ ਨਿਰਾਦਰ ਨਹੀਂ ਹੈ। ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਵੇਖ ਕੇ ਕਹਿ ਦਿੱਤਾ ਕਿ ਮਿਟੀ ਮੁਸਲਮਾਨ ਕੀ ਨਹੀਂ ਮਿਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸਦੀ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿਚ ਦੇ ਦਿੱਤਾ। ਜਦੋਂ ਗੁਰੂ ਹਰਿਰਾਏ ਜੀ ਨੂੰ ਉਸਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲੱਗਾ ਤਾਂ ਉਹਨਾਂ ਦਾ ਮਨ ਬੜਾ ਉਚਾਟ ਹੋ ਗਿਆ। ਗੁਰੂ ਜੀ ਅਸੂਲਾਂ ਦੇ ਬੜੇ ਪੱਕੇ ਸਨ। ਉਹਨਾਂ ਫੈਸਲਾ ਕਰ ਲਿਆ ਕਿ ਰਾਮ ਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਗੁਰੂ ਜੀ ਨੇ ਜਿੱਥੇ-ਜਿੱਥੇ ਵੀ ਗੁਰੂ ਨਾਨਕ ਦਾ ਉਪਦੇਸ਼ ਮੰਨਣ ਵਾਲੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਹਨਾਂ ਨੇ ਸੰਗਤਾਂ ਨੂੰ ਗੁਰ-ਉਪਦੇਸ਼ ਦ੍ਰਿੜ੍ਹ ਕਰਵਾਇਆ। ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲ੍ਹੇ ਅਤੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ ਕਿ ਸੁਥਰੇ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਜਿਹਨਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ ਤੇ ਭਾਈ ਭਗਤੂ ਨਿਯੁਕਤ ਕੀਤੇ। 20 ਅਕਤੂਬਰ 1666 ਨੂੰ ਆਪ ਜੀ ਨੇ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ 'ਤੇ ਬਿਠਾਇਆ ਅਤੇ ਆਪ ਜੋਤੀ ਜੋਤ ਸਮਾ ਗਏ।

# ਪਿੰਡ ਛੱਡ ਕੇ ਸ਼ਹਿਰ ਵੱਸਣ ਵਾਲਿਓ, ਕਦੇ ਆਪਣੀ ਜੰਮਣ ਭੂਮੀ ਦੀ ਵੀ ਸਾਰ ਲੈ ਲਿਆ ਕਰੋ

ਕੋਈ ਸਾਲ ਕੁ ਪਹਿਲਾਂ ਦੀ ਗੱਲ ਹੈ। ਮੈਨੂੰ ਇਕ ਫੋਨ ਆਇਆ। ਕਿਸੇ ਲੇਡੀ ਦੀ ਆਵਾਜ਼ ਸੀ, ''ਸਤ ਸ੍ਰੀ ਅਕਾਲ ਜੀ। ਮੈਂ ਤੁਹਾਡੇ ਪਿੰਡ ਜੋਲੀ ਦੇ ਸਕੂਲ ਦੀ ਪ੍ਰਿੰਸੀਪਲ ਬੋਲ ਰਹੀ ਹਾਂ। ਮੇਰੇ ਨਾਂ ਹਿਮਾਂਸੂ ਲਟਾਵਾ ਹੈ। ਮੈਂ ਹੁਣੇ ਪ੍ਰਮੋਟ ਹੋ ਕੇ ਪਹਿਲੀ ਵਾਰ ਇਸ ਸਕੂਲ ਵਿਚ ਲੱਗੀ ਹਾਂ। ਸਕੂਲ ਦੀ ਹਾਲਤ ਠੀਕ ਨਹੀਂ ਹੈ। ਮੈਂ ਕੋਸ਼ਿਸ਼ ਕਰ ਰਹੀ ਹਾਂ ਕਿ ਕਮੀਆਂ-ਪੇਸ਼ੀਆਂ ਠੀਕ ਕਰ ਲਈਆਂ ਜਾਣ। ਮੈਂ ਜਿੰਨਾ ਕੁਝ ਕਰ ਸਕਦੀ ਸੀ, ਕੀਤਾ ਪਰ ਇਹ ਇਕੱਲਿਆਂ ਦੇ ਕਰਨ ਵਾਲੇ ਕੰਮ ਨਹੀਂ। ਪਿੰਡ ਵੱਲੋਂ ਤੇ ਤੁਹਾਡੇ ਵਰਗਿਆਂ ਦੀ ਮਦਦ ਦੀ ਲੋੜ ਹੈ। ਤੁਸੀਂ ਇਕ ਵਾਰ ਸਕੂਲ ਆ ਕੇ ਜ਼ਰੂਰ ਵੇਖੋ।''

ਮੈਂ ਫੋਨ ਸੁਣਦਿਆਂ ਨਾਲ ਹੀ ਨਾਲ ਸੋਚੀਂ ਜਾ ਰਿਹਾ ਸੀ ਕਿ ਇਹਨਾਂ ਨੇ ਮੈਨੂੰ ਕਿਉਂ ਫੋਨ ਕੀਤਾ ਹੈ? ਮੇਰਾ ਤਾਂ ਇਹਨਾਂ ਗੱਲਾਂ ਨਾਲ ਕੋਈ ਵਾਸਤਾ ਨਹੀਂ ਹੈ। ਮੈਨੂੰ ਤਾਂ ਪਿੰਡ ਛੱਡਿਆਂ ਵੀ ਬਹੁਤ ਸਮਾਂ ਹੋ ਗਿਆ ਹੈ। ਮੇਰਾ ਫੋਨ ਨੰਬਰ ਕਿੱਥੋਂ ਲਿਆ ਹੋਵੇਗਾ? ਮੈਂ ਸ਼ਸ਼ੋਪੰਜ ਵਿਚ ਪੁੱਛ ਵੀ ਲਿਆ ਕਿ ਤੁਸੀਂ ਇਹ ਸਭ ਕੁਝ ਮੈਨੂੰ ਕਿਉਂ ਦੱਸ ਰਹੇ ਹੋ? ਮੇਰਾ ਨੰਬਰ ਕਿੱਥੋਂ ਮਿਲਿਆ? ''ਮੈਨੂੰ ਪਤਾ ਲੱਗਿਆ ਸੀ ਕਿ ਤੁਸੀਂ ਕੋਈ ਸੰਸਥਾ ਬਣਾਈ ਹੈ ਜੋ ਸਮਾਜਿਕ ਕੰਮਾਂ ਵਿਚ ਦਿਲਚਸਪੀ ਲੈਂਦੀ ਹੈ। ਸਰਪੰਚ ਤੋਂ ਤੁਹਾਡਾ ਨੰਬਰ ਮਿਲਿਆ ਹੈ।''

ਮੈਂ ਇੱਕਦਮ ਤਾਂ ਕੋਈ ਫੈਸਲਾ ਨਾ ਲੈ ਸਕਿਆ ਬੱਸ ਇੰਨਾ ਹੀ ਕਿਹਾ ਕਿ ਕੋਈ ਗੱਲ ਨਹੀਂ, ਅਸੀਂ ਇਕ ਦਿਨ ਆ ਕੇ ਵੇਖਦੇ ਹਾਂ।

"ਸਰ ਜ਼ਰੂਰ ਆਓ ਜੀ। ਮੈਂ ਤਾਂ ਜਿੰਨਾ ਕੁ ਕਰ ਸਕਦੀ ਹਾਂ ਕਰ ਰਹੀ ਹਾਂ। ਮੈਂ ਤਾਂ ਗਰਮੀ ਦੀਆਂ ਸਾਰੀਆਂ ਛੁੱਟੀਆਂ ਵਿਚ ਆਪਣੇ ਡੈਡੀ ਨੂੰ ਨਾਲ ਲੈ ਕੇ ਆਉਂਦੀ ਰਹੀ ਹਾਂ। ਇੱਟਾਂ ਦੀ ਲੋੜ ਸੀ, ਪਿੰਡ ਦੇ ਭੱਠੇ ਤੇ ਗਈ ਤਾਂ ਮਾਲਕ ਨੇ ਇਕ ਹਜ਼ਾਰ ਇੱਟ ਦਾਨ ਕਰ ਦਿੱਤੀ। ਇਕ ਮੰਦਰ ਤੋਂ ਮੈਂ ਪੀਣ ਵਾਲੇ ਪਾਣੀ ਲਈ ਵਾਟਰ ਕੂਲਰ ਵੀ ਲੈ ਆਈ ਹਾਂ। ਬੱਚਿਆਂ ਕੋਲ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੀ ਨਹੀਂ ਸੀ। ਕੁਝ ਹੋਰ ਦਾਨੀ ਸੱਜਣਾਂ ਦੀ ਮਦਦ ਨਾਲ ਕੁਝ ਮੁਰੰਮਤ ਦਾ ਕੰਮ ਕਰਵਾ ਕੇ ਮੈਂ ਬਰਸਾਤ ਦੇ ਪਾਣੀ ਦਾ ਪ੍ਰਬੰਧ ਤਾਂ ਕਰ ਲਿਆ ਹੈ ਪਰ ਹਾਲੇ ਹੋਰ ਬੜਾ ਕੁਝ ਹੋਣ ਵਾਲਾ ਹੈ। ਤੁਸੀਂ ਵੇਖਣਾ ਕੀ ਕਰ ਸਕਦੇ ਹੋ?''

ਅਸਲ ਵਿਚ ਹੋਇਆ ਇੰਝ ਸੀ ਕਿ ਚੰਡੀਗੜ੍ਹ ਰਿਹਾਇਸ਼ ਰੱਖਣ ਕਰਕੇ ਆਪਣੇ ਪਿੰਡ ਵਿਚ ਕਦੇ ਕਦਾਈ ਹੀ ਚੱਕਰ ਲੱਗਦਾ ਸੀ। ਪਰ ਅਸੀਂ ਚਾਰ ਪੰਜ ਜਣੇ, ਬਾਬੂ ਸਿੰਘ, ਅਵਤਾਰ ਸਿੰਘ, ਜੀਵਨ ਸਿੰਘ ਆਦਿ ਜੋ ਕਿ ਸਾਰੇ ਪਿੰਡ ਛੱਡ ਆਏ ਸਨ, ਜਦੋਂ ਕਦੇ ਇਕੱਠੇ ਹੁੰਦੇ ਤਾਂ ਅਕਸਰ ਇਸੇ ਵਿਸ਼ੇ 'ਤੇ ਚਰਚਾ ਕਰਦੇ ਸੀ ਕਿ ਅਸੀਂ ਭਾਵੇਂ ਆਪਣਾ ਪਿੰਡ ਛੱਡ ਆਏ ਹਾਂ ਪਰ ਸਾਨੂੰ ਪਿੰਡ ਭੁੱਲਣਾ ਨਹੀਂ ਚਾਹੀਦਾ। ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਸਾਡੀ ਗੱਲਬਾਤ ਦਾ ਅਕਸਰ ਕੇਂਦਰ ਇਹੀ ਹੁੰਦਾ ਕਿ ਜਿਸ ਪਿੰਡ ਵਿਚ ਅਸੀਂ ਜੰਮੇ, ਪਲੇ, ਜਿਸ ਦੀਆਂ ਗਲੀਆਂ ਵਿਚ ਖੇਡ-ਖੇਡ ਜਵਾਨ ਹੋਏ, ਪੜ੍ਹਾਈ ਕਰਕੇ ਨੌਕਰੀ ਕਰਨ ਜੋਗੇ ਹੋਏ, ਉਸ ਪਿੰਡ ਦੇ ਖੂਹ ਦਾ ਠੰਢਾ ਮਿੱਠਾ ਪਾਣੀ ਪੀ ਜੀਵਨ ਮਾਣਿਆ, ਦੁੜੰਗੇ ਲਾਏ, ਅੰਬਾਂ ਦੇ ਬਾਗ ਵਿਚ ਗਰਮੀਆਂ ਦੇ ਸਿਖਰ ਦੁਪਹਿਰ ਪੀਲ੍ਹ ਪਲਾਂਘੜਾਂ ਖੇਡੀਆਂ, ਤਾਸ਼ਾਂ ਕੁੱਟੀਆਂ, ਚਾਨਣੀਆਂ ਰਾਤਾਂ ਵਿਚ ਤਾਜ਼ੇ ਵਾਹਣ ਵਿਚ ਕਬੱਡੀਆਂ ਖੇਡੀਆਂ, ਲੰਮੀਆਂ ਤੇ ਉਚੀਆਂ ਛਾਲਾਂ ਮਾਰੀਆਂ, ਛੱਪੜ ਵਿਚ ਤਾਰੀਆਂ ਲਾਈਆਂ, ਉਸ ਪਿੰਡ ਲਈ ਅਸੀਂ ਕੁਝ ਨਹੀਂ ਕੀਤਾ। ਉਸ ਪਿੰਡ ਨੂੰ ਛੱਡ ਅਸੀਂ ਚੰਡੀਗੜ੍ਹ ਆ ਡੇਰੇ ਲਾਏ ਤੇ ਮੁੜ ਪਿੰਡ ਵੀ ਬਾਤ ਨਹੀਂ ਪੁੱਛੀ।

ਤੇ ਇਕ ਦਿਨ ਸਾਨੂੰ ਇਕ ਛੋਟਾ ਜਿਹਾ ਮੌਕਾ ਮਿਲ ਗਿਆ। ਅਸੀਂ ਸਾਰੇ ਪਿੰਡ ਵਿਚ ਇਕ ਥਾਂ ਇਕੱਠੇ ਖਲੋਤੇ ਸਰਪੰਚ ਨਾਲ ਗੱਲਾਂ ਕਰ ਰਹੇ ਸੀ। ਪਿੰਡ ਦੀਆਂ ਗਲੀਆਂ ਪੱਕੀਆਂ ਹੋ ਕੇ ਹਟੀਆਂ ਸਨ ਪਰ ਇਕ ਵੱਡੀ ਗਲੀ ਕੱਚੀ ਹੀ ਛੱਡ ਦਿੱਤੀ ਗਈ। ਸਰਪੰਚ ਨੂੰ ਪੁੱਛਿਆ ਤਾਂ ਕਹਿਣ ਲੱਗਾ ਕਿ ਮੇਰੇ ਕੋਲ ਫੰਡ ਤਾਂ ਬਚੇ ਪਏ ਹਨ ਪਰ ਇਸ ਗਲੀ ਵਾਲਿਆਂ ਨੂੰ ਮੈਂ ਕਿੰਨੀ ਵਾਰ ਆਖਿਆ ਹੈ ਕਿ ਮਿੱਟੀ ਪੁਆ ਦਿਓ ਪਰ ਕੋਈ ਧਿਆਨ ਹੀ ਨਹੀਂ ਦਿੰਦਾ। ਅਸੀਂ ਕਿਹਾ ਕੋਈ ਗੱਲ ਨਹੀਂ ਮਿੱਟੀ ਅਸੀਂ ਪੁਆਉਂਦੇ ਹਾਂ, ਤੁਸੀਂ ਪੱਕੀ ਕਰਵਾਓ। ਸਾਨੂੰ ਕੰਮ ਲੱਭ ਪਿਆ ਸਾਰੇ ਖੁਸ਼ ਹੋ ਗਏ।

ਅਸੀਂ ਪੈਸੇ ਇਕੱਠੇ ਕੀਤੇ ਤੇ ਕੰਮ ਸ਼ੁਰੂ ਕਰਵਾ ਦਿੱਤਾ। ਪੈਸੇ ਘਟਦੇ ਦਿੱਸੇ ਅਸੀਂ ਹੋਰ ਪਾ ਲਏ ਪਰ ਕੰਮ ਜਾਰੀ ਰਿਹਾ। ਸਾਡੀ ਹਿੰਮਤ ਦੇਖ ਪਿੰਡ ਦੇ ਹੋਰ ਕਈ ਬੰਦੇ ਵੀ ਨਿੱਤਰ ਆਏ। ਕੰਮ ਮੁਕੰਮਲ ਹੋ ਗਿਆ। ਇਕ ਲੱਖ ਰੁਪਏ ਦੇ ਕਰੀਬ ਖਰਚ ਆਇਆ। ਪਿੰਡ ਵਾਸਤੇ ਇਹ ਵੱਡਾ ਕੰਮ ਸੀ ਪਰ ਸ਼ੁਰੂ ਕਰਨ ਦੀ ਢਿੱਲ ਸੀ, ਸਿਰੇ ਚੜ੍ਹ ਗਿਆ। ਇਸੇ ਕੰਮ ਦੀ ਚਰਚਾ ਹੋਈ ਤਾਂ ਉਹ ਪ੍ਰਿੰਸੀਪਲ ਮੈਡਮ ਤੱਕ ਵੀ ਜਾ ਪਹੁੰਚੀ।



ਤੇ ਫਿਰ ਇਕ ਦਿਨ ਅਸੀਂ ਪਿੰਡ ਦੇ ਸਕੂਲ ਵੀ ਜਾ ਪਹੁੰਚੇ। ਮੈਡਮ ਨੇ ਸਾਰਾ ਸਕੂਲ ਘੁੰਮ ਕੇ ਵਿਖਾਇਆ। ਵਾਕਈ ਮੈਡਮ ਨੇ ਸਹੀ ਚਿਤਰਣ ਪੇਸ਼ ਕੀਤਾ ਸੀ। ਸਾਰਾ ਕੁਝ ਵੇਖ ਕੇ ਅਸੀਂ ਪਹਿਲ ਦੇ ਆਧਾਰ 'ਤੇ ਬੱਚਿਆਂ ਨੂੰ ਬੈਂਚ ਬਣਵਾ ਕੇ ਦੇਣ ਦਾ ਕੰਮ ਚੁਣ ਲਿਆ ਕਿਉਂਕਿ ਅੱਧੇ ਬੱਚੇ ਹੇਠਾਂ ਬੈਠਦੇ ਸਨ ਤੇ ਅੱਧੇ ਬੈਂਚਾਂ ਤੇ ਬੈਠਦੇ ਸਨ। ਅਸੀਂ ਜਲਦੀ ਹੀ ਬੈਂਚਾਂ ਦੀ ਲੋੜ ਪੂਰੀ ਕਰ ਦਿੱਤੀ। ਮੈਡਮ ਖੁਸ਼ ਹੋ ਗਏ। ਉਹ ਸਕੂਲ ਨੂੰ ਆਪਣੇ ਨਿੱਜੀ ਘਰ ਵਾਂਗ ਲੈਂਦੇ ਸਨ। ਗੱਲਬਾਤ ਵਿਚ ਉਹ ਬੜੀ ਅਪਣੱਤ ਨਾਲ 'ਮੇਰਾ ਸਕੂਲ, ਮੇਰੇ ਬੱਚੇ' ਸ਼ਬਦ ਵਰਤ ਰਹੇ ਸਨ। ਸਾਨੂੰ ਇਸ ਗੱਲ ਦੀ ਸ਼ਰਮ ਆ ਰਹੀ ਸੀ ਕਿ ਪਿੰਡ ਸਾਡਾ ਹੈ, ਸਕੂਲ ਸਾਡਾ ਹੈ ਜਿਸ ਵਿਚ ਕਦੇ ਅਸੀਂ ਵੀ ਪੜ੍ਹੇ ਸਾਂ ਪਰ ਅਸੀਂ ਕਦੇ ਇਸਦੀ ਇੰਨੀ ਚਿੰਤਾ ਨਹੀਂ ਕੀਤੀ, ਜਿੰਨੀ ਇਹ ਮੈਡਮ ਕਰ ਰਹੇ ਸਨ। ਜੇ ਚਾਹੁੰਦੇ ਤਾਂ ਇਹ ਮੈਡਮ ਵੀ ਹੋਰਾਂ ਵਾਂਗ ਆਪਣਾ ਡੰਗ ਟਪ-ਾਉਂਦੇ ਤੇ ਫਿਰ ਕਿਸੇ ਹੋਰ ਚੰਗੇ ਸਕੂਲ ਵਿਚ ਬਦਲੀ ਕਰਵਾ ਕੇ ਚਲੇ ਜਾਂਦੇ। ਪਰ ਨਹੀਂ ਇਹਨਾਂ ਨੇ ਇੱਥੇ ਹੀ ਰਹਿ ਕੇ ਸੁਧਾਰ ਕਰਨ ਦਾ ਬੀੜਾ ਚੁੱਕ ਲਿਆ। ਪਤਾ ਸੀ ਕਿ ਸਰਕਾਰ ਦੇ ਵਿੱਤੀ ਸਰੋਤ ਸੀਮਤ ਹਨ। ਇਸ ਲਈ ਦਾਨ ਤੇ ਸੇਵਾ ਨਾਲ ਵੀ ਕੰਮ ਚਲਾਇਆ ਜਾ ਸਕਦਾ ਹੈ। ਜਿੱਥੇ ਇਹ ਪਹਿਲਾਂ ਪੜ੍ਹਾਉਂਦੇ ਸਨ, ਉਥੇ ਵੀ ਇਸੇ ਤਰੀਕੇ ਨਾਲ ਇਹਨਾਂ ਨੇ ਕਾਫ਼ੀ ਕੰਮ ਕੀਤਾ ਸੀ। ਕਿੰਨਾ ਚੰਗਾ ਹੋਵੇ ਜੇ ਸਾਡੇ ਅਧਿਆਪਕਾਂ ਦੀ ਇਹੋ ਜਿਹੀ ਹੀ ਸੋਚ ਬਣ ਜਾਵੇ।

ਫਿਰ ਇਕ ਦਿਨ ਇਹਨਾਂ ਦਾ ਫੋਨ ਆਇਆ ਕਿ ਨੇੜਲੇ ਪਿੰਡ ਪੁਨਸਰ ਵਿਚ ਇਕ ਦਾਨੀ ਪੁਰਸ਼ ਦਾ ਪਤਾ ਲੱਗਿਆ ਹੈ ਜੋ ਸਕੂਲਾਂ ਦੀ ਬੜੀ ਮਦਦ ਕਰਦੇ ਹਨ। ਉਹਨਾਂ ਦਾ ਨਾਂ ਚੂਹੜ ਸਿੰਘ ਸੀ। ਸਾਡੀ ਟੀਮ ਉਨ੍ਹਾਂ ਨੂੰ ਜਾ ਮਿਲੀ। ਸਾਰੀ ਗੱਲਬਾਤ ਦੱਸੀ ਤਾਂ ਉਹ ਮਦਦ ਕਰਨੀ ਮੰਨ ਗਏ। ਮੈਡਮ ਨੇ ਵੀ ਉਹਨਾਂ ਨਾਲ ਰਾਬਤਾ ਬਣਾ ਕੇ ਸਕੂਲ ਬਾਰੇ ਦੱਸਿਆ। ਉਹਨਾਂ ਨੇ ਥੋੜ੍ਹਾ ਠਹਿਰ ਕੇ ਕੰਮ ਕਰਵਾਉਣ ਦਾ ਵਾਅਦਾ ਕੀਤਾ। ਹੁਣ ਤੱਕ ਸਾਨੂੰ ਵੀ ਸਕੂਲ ਵਿਚ ਦਿਲਚਸਪੀ ਬਣ ਗਈ ਸੀ ਤੇ ਸਾਨੂੰ ਉਹ ਉਸ ਤਰ੍ਹਾਂ ਦਾ ਜਾਪਣ ਲੱਗ ਪਿਆ। ਜਿਸ ਤਰ੍ਹਾਂ ਦੇ ਸਕੂਲ ਵਿਚ ਅਸੀਂ ਪੜ੍ਹੇ ਸਾਂ। ਜਾਪ ਰਿਹਾ ਸੀ ਇਹ ਜਲਦੀ ਹੀ ਇਕ ਨਵੀਂ ਨੁਹਾਰ ਵਾਲਾ ਪੂਰੇ ਫਰਨੀਚਰ ਸਮੇਤ ਇਕ ਨਵਾਂ ਸਕੂਲ ਸਾਡੇ ਸਾਹਮਣੇ ਹੋਵੇਗਾ। ਮੈਡਮ ਦਾ ਨਿਸ਼ਚਾ ਹੈ ਕਿ ਉਹਨਾਂ ਨੇ ਇਹ ਸਕੂਲ ਜ਼ਿਲ੍ਹਾ ਮੁਹਾਲੀ ਵਿਚੋਂ ਹਰ ਪੱਖੋਂ ਪਹਿਲੇ ਨੰਬਰ 'ਤੇ ਕੱਢਦਾ ਹੈ। ਜਾਪਦਾ ਹੈ ਮੈਡਮ ਦੀ ਦ੍ਰਿੜ੍ਹਤਾ, ਮਿਹਨਤ, ਉਦਮ ਰਲ ਮਿਲ ਕੇ ਇਹ ਕਾਰਨਾਮਾ ਜ਼ਰੂਰ ਕਰ ਵਿਖਾਣਗੇ। ਉਹਨਾਂ ਦਾ ਸਟਾਫ ਵੀ ਉਹਨਾਂ ਨਾਲ ਕਦਮ ਮਿਲਾ ਕੇ ਚੱਲ ਰਿਹਾ ਹੈ। ਇਸਦਾ ਸਬੂਤ ਪਿੱਛੇ ਜਿਹੇ ਸਾਇੰਸ ਮੇਲਾ ਲਾਇਆ ਤਾਂ ਸਾਡੀ ਟੀਮ ਨੂੰ ਵੀ ਬੁਲਾਇਆ ਗਿਆ ਸੀ। ਸਾਰੇ ਸਟਾਫ ਨੇ ਮਿਹਨਤ ਕਰਕੇ ਬੱਚਿਆਂ ਨੂੰ ਚੰਗੀ ਤਿਆਰੀ ਕਰਵਾਈ ਗਈ ਸੀ। ਟੀਮ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਬੜੇ ਅੱਛੇ ਦਿੱਤੇ ਗਏ ਹਨ।

ਫਿਰ ਦਸਵੀਂ ਦਾ ਨਤੀਜਾ ਆਇਆ ਤਾਂ ਸਕੂਲ ਦਾ ਨਤੀਜਾ ਸੌ ਫੀਸਦੀ ਆਇਆ ਸਗੋਂ ਜ਼ਿਲ੍ਹੇ ਵਿਚੋਂ ਤੀਜਾ ਨੰਬਰ ਸੀ। ਇਹ ਸ਼ਾਇਦ ਸਾਡੇ ਪਿੰਡ ਦੇ ਸਕੂਲ ਦੇ ਇਤਿਹਾਸ ਵਿਚ ਮੀਲ ਪੱਥਰ ਸੀ। ਬਹੁਤ ਵੱਡੀ ਉਪਲਬਧੀ ਸੀ। ਖੇਡਾਂ ਤੇ ਹੋਰ ਦੂਜੀਆਂ ਸਰਗਰਮੀਆਂ ਵਿਚ ਵੀ ਸਕੂਲ ਨੇ ਕਈ ਮੱਲਾਂ ਮਾਰੀਆਂ। ਹੁਣ ਯਕੀਨ ਹੁੰਦਾ ਜਾ ਰਿਹਾ ਸੀ ਕਿ ਮੈਡਮ ਲਟਾਵਾ ਜ਼ਰੂਰ ਇਸ ਸਕੂਲ ਨੂੰ ਜ਼ਿਲ੍ਹੇ ਦਾ ਕੀ ਪੰਜਾਬ ਦਾ ਅੱਵਲ ਸਕੂਲ ਬਣਾ ਕੇ ਹੀ ਰਹਿਣਗੇ, ਜੇ ਕਿਤੇ ਉਹ ਟਿਕੇ ਰਹੇ, ਉਹਨਾਂ ਦਾ ਤਬਾਦਲਾ ਨਾ ਕੀਤਾ ਗਿਆ ਤਾਂ।

ਫਿਰ ਇਕ ਦਿਨ ਫੋਨ ਆਇਆ ਕਿ ਉਹਨਾਂ ਨੂੰ ਕੁਝ ਹੋਰ ਸਹਾਇਤਾ ਆਈ ਸੀ ਤਾਂ ਉਹਨਾਂ ਨੇ ਠਰਦੀ ਠੰਡ ਵਿਚ ਪੈਰੋਂ ਨੰਗੇ ਬੱਚਿਆਂ ਨੂੰ ਬੂਟ ਲੈ ਕੇ ਦੇ ਦਿੱਤੇ ਹਨ। ਕਿਸੇ ਕੰਪਨੀ ਨਾਲ ਗੱਲ ਚੱਲ ਰਹੀ ਸੀ ਤਾਂ ਇਕ ਦਿਨ ਉਸ ਕੰਪਨੀ ਨੇ ਕੁਝ ਬੈਂਚ ਭੇਜ ਦਿੱਤੇ। ਅਗਲੀ ਵਾਰੀ ਸਕੂਲ ਵਿਚ ਬਾਰਵੀਂ ਜਮਾਤ ਸ਼ੁਰੂ ਹੋਵੇਗੀ ਤਾਂ ਬੈਂਚਾਂ ਦਾ ਪ੍ਰਬੰਧ ਪਹਿਲਾਂ ਹੀ ਹੋ ਗਿਆ। ਚੂਹੜ ਸਿੰਘ ਜੀ ਨੇ ਵਾਅਦੇ ਅਨੁਸਾਰ ਚੋਖੇ ਪੈਸੇ ਲਾ ਕੇ ਕਮਰਿਆਂ ਅਤੇ ਬਰਾਂਡਿਆਂ ਦੇ ਫਰਸ਼ ਪੁਆ ਦਿੱਤੇ, ਜਿਸ ਨਾਲ ਬਰਸਾਤੀ ਪਾਣੀ ਦੇ ਕਮਰਿਆਂ ਵਿਚ ਦਾਖਲ ਹੋਣ ਤੋਂ ਬਚਾਅ ਹੋ ਗਿਆ। ਬੱਚਿਆਂ ਅਤੇ ਅਧਿਆਪਕਾਂ ਲਈ ਟਾਇਲਟ ਦਾ ਪ੍ਰਬੰਧ ਵੀ ਹੋ ਗਿਆ, ਇਨਵਰਟਰ, ਪੱਖੇ ਵੀ ਲੱਗ ਗਏ, ਸਾਫ ਪਾਣੀ ਦੇ ਪ੍ਰਬੰਧ ਲਈ ਆਰ. ਓ. ਸਿਸਟਮ ਵੀ ਲੱਗ ਗਿਆ। ਮੈਡਮ ਦੇ ਗੱਲ ਕਰਨ ਦਾ ਢੰਗ ਹੀ ਬੜਾ ਵਧੀਆ ਸੀ, ਜਿਸ ਨਾਲ ਵੀ ਗੱਲ ਕਰਦੇ, ਮਦਦ ਮਿਲ ਜਾਂਦੀ। ਸਹਾਇਤਾ ਕਰਨ ਦੀ ਉਹਨਾਂ ਨੇ ਇਕ ਲਹਿਰ ਹੀ ਖੜ੍ਹੀ ਕਰ ਦਿੱਤੀ। ਗੁਰਮੀਤ ਸਿੰਘ ਤੇ ਸੁਖਵਿੰਦਰ ਸਿੰਘ ਨੇ ਟੀਮ ਤਿਆਰ ਕਰ ਲਈ ਤੇ ਸਹਾਇਤਾ ਲਈ ਲੋਕਾਂ ਨਾਲ ਸੰਪਰਕ ਪੈਦਾ ਕੀਤੇ, ਜਿਸਦੇ ਬੜੇ ਅੱਛੇ ਨਤੀਜੇ ਨਿਕਲੇ। ਇਕ ਬੰਦੇ ਨੇ ਸਹਾਇਤਾ ਕਰਨ ਦੀ ਇੱਛਾ ਪ੍ਰਗਟ ਕੀਤੀ ਤਾਂ ਪ੍ਰਿੰਸੀਪਲ ਨੇ ਕਿਹਾ ਕਿ ਇਕ ਕਮਰਾ ਪੇਂਟ ਕਰਵਾ ਦਿਓ। ਅਗਲੇ ਦਿਨ ਹੀ ਕਮਰਾ ਵਧੀਆ ਪੇਂਟ ਹੋ ਗਿਆ। ਫਿਰ ਇਕ ਹੋਰ ਨੇ ਦੂਜਾ ਕਮਰਾ ਪੇਂਟ ਕਰਵਾ ਦਿੱਤਾ। ਜਾਪਦਾ ਸੀ ਕਿ ਇੰਝ ਹੀ ਇਕ ਇਕ ਕਮਰਾ ਕਰਕੇ ਸਾਰਾ ਸਕੂਲ ਹੀ ਲਿਸ਼ਕ ਜਾਵੇਗਾ। ਹੁਣ ਇਸ ਵਾਰੀ ਦਸਵੀਂ ਦੇ ਬੱਚਿਆਂ ਨੂੰ ਇਮਤਿਹਾਨ ਦੇਣ ਲਈ ਕਿਸੇ ਦੁਰੇਡੇ ਸਕੂਲ ਵੀ ਨਹੀਂ ਜਾਣਾ ਪਿਆ ਕਿਉਂਕਿ ਫਰਨੀਚਰ ਪੂਰਾ ਹੋ ਜਾਣ ਕਰਕੇ ਸੈਂਟਰ ਇਸੇ ਹੀ ਸਕੂਲ ਬਣ ਗਿਆ ਸੀ।



- ਫਤਿਹਜੰਗ ਸਿੰਘ
91-98726-70278

ਫਿਰ ਇਕ ਦਿਨ ਮੈਡਮ ਨੇ ਸਾਡੀ ਟੀਮ ਨੂੰ ਇਕ ਹੰਭਲਾ ਹੋਰ ਮਾਰਨ ਲਈ ਕਿਹਾ। ਉਹਨਾਂ ਕਿਹਾ ਕਿ ਇਕ ਪਾਸਿਉਂ ਸਕੂਲ ਦੀ ਦੀਵਾਰ ਨਹੀਂ ਹੈ। ਉਧਰੋਂ ਅਵਾਰਾ ਪਸ਼ੂ ਆ ਕੇ ਫੁੱਲ ਬੂਟਿਆਂ ਦਾ ਨੁਕਸਾਨ ਕਰ ਜਾਂਦੇ ਹਨ। ਦੀਵਾਰ ਦਾ ਖਰਚਾ ਵੱਧ ਹੋਵੇਗਾ। ਪੁਰਾਣੀਆਂ ਟੀਨ ਦੀਆਂ ਸ਼ੀਟਾਂ ਨਾਲ ਸਰ ਜਾਵੇਗਾ ਤੇ ਖਰਚ ਵੀ ਅੱਧਾ ਹੋਵੇਗਾ। ਸਾਡੀ ਟੀਮ ਨੂੰ ਗੱਲ ਜਚ ਗਈ ਤੇ ਟੀਨਾਂ ਦਾ ਪ੍ਰਬੰਧ ਹੋ ਗਿਆ। ਪਰ ਉਹਨਾਂ ਦੀ ਵਿਕਾਸ ਦੀ ਗੱਡੀ ਹਾਲੇ ਰੁਕੀ ਨਹੀਂ। ਉਹਨਾਂ ਨੇ ਦੋ ਤਿੰਨ ਫੋਨ ਨੰਬਰ ਹੋਰ ਸਾਨੂੰ ਭੇਜੇ ਜੋ ਸਾਡੇ ਨੇੜਲੇ ਪਿੰਡਾਂ ਦੇ ਦਾਨੀ ਸੱਜਣਾਂ ਦੇ ਹਨ। ਅਸੀਂ ਉਹਨਾਂ ਨੂੰ ਮਿਲਣਾ ਹੈ, ਫਿਰ ਮੈਡਮ ਗੱਲ ਕਰਨਗੇ। ਆਸ ਹੈ ਉਥੋਂ ਵੀ ਸਹਾਇਤਾ ਮਿਲ ਜਾਵੇਗੀ ਕਿਉਂਕਿ ਇਸ ਕੰਮ ਲਈ ਕੋਈ ਨਾਂਹ ਘੱਟ ਹੀ ਕਰਦਾ ਹੈ। ਹੁਣ ਜਾਪਦਾ ਹੈ ਕਿ ਪ੍ਰਿੰਸੀਪਲ ਲਟਾਵਾ ਦੇ ਕੰਮ ਦੀ ਭਿਣਕ ਸਰਕਾਰ ਤੱਕ ਵੀ ਪਹੁੰਚ ਗਈ ਲੱਗਦੀ ਹੈ।

ਉਹਨਾਂ ਨੂੰ ਜ਼ਿਲ੍ਹੇ ਦੀ ਕਮੇਟੀ ਦਾ ਮੈਂਬਰ ਲਿਆ ਗਿਆ ਹੈ, ਜਿਸ ਕਮੇਟੀ ਨੇ ਜ਼ਿਲ੍ਹੇ ਵਿਚ ਸਕੂਲਾਂ ਦੇ ਸੁਧਾਰ ਲਈ ਸੁਝਾਅ ਦੇਣੇ ਹਨ ਤੇ ਸਮਾਰਟ ਸਕੂਲ ਵੀ ਸ਼ਾਇਦ ਤਿਆਰ ਕਰਵਾਉਣੇ ਹਨ। ਮੈਡਮ ਸੱਚੀ ਮਿਹਨਤ, ਲਗਨ, ਉਤਸ਼ਾਹ ਦਾ ਮੁਜੱਸਮਾ ਹਨ, ਜਿਹਨਾਂ ਨੂੰ ਕੰਮ ਕਰਨ ਦੀ ਚਾਹ ਹੈ ਅਤੇ ਕੰਮ ਕਰਵਾਉਣਾ ਵੀ ਆਉਂਦਾ ਹੈ। ਜੋ ਅਧਿਆਪਕ ਇਹ ਆਖ ਕੇ ਸਾਰ ਦਿੰਦੇ ਹਨ ਕਿ ਕੀ ਕਰ ਸਕਦੇ ਹਾਂ ਸਰਕਾਰ ਕੋਲ ਫੰਡ ਹੀ ਨਹੀਂ ਹਨ। ਕੀ ਉਹਨਾਂ ਲਈ ਮੈਡਮ ਲਟਾਵਾ ਇਕ ਜਿਊਂਦੀ ਜਾਗਦੀ ਮਿਸਾਲ ਨਹੀਂ ਹਨ?

ਜੇ ਸਾਡੇ ਅਧਿਆਪਕ ਇਹਨਾਂ ਤੋਂ ਕੋਈ ਸਬਕ ਲੈਣ ਤਾਂ ਸਰਕਾਰ ਦੀ ਵਿੱਤੀ ਹਾਲਤ ਜੋ ਮਰਜ਼ੀ ਹੋਵੇ ਪਰ ਵਿੱਦਿਆ ਜੋ ਸਮਾਜ ਦੀ ਅਤਿ ਲੋੜੀਂਦੀ ਪ੍ਰਾਥਮਿਕਤਾ ਹੈ, ਉਹ ਵਧੀਆ ਢੰਗ ਨਾਲ ਚੱਲ ਸਕਦੀ ਹੈ। ਇਸੇ ਤਰ੍ਹਾਂ ਪਿੰਡ ਦੇ ਛੋਟੇ-ਮੋਟੇ ਕੰਮ ਵੀ ਸਾਂਝਾ ਹੰਭਲਾ ਮਾਰਨ ਨਾਲ ਆਸਾਨੀ ਨਾਲ ਹੋ ਸਕਦੇ ਹਨ। ਉਹ ਲੋਕ ਜੋ ਪਿੰਡ ਛੱਡ ਕੇ ਸ਼ਹਿਰਾਂ ਵਿਚ ਆ ਵੱਸੇ ਹਨ, ਆਪਣੀ ਜੰਮਣ ਭੂਮੀ ਲਈ ਥੋੜ੍ਹਾ ਜਿੰਨਾ ਵੀ ਸੋਚਣ ਤਾਂ ਵੱਡੇ ਕੰਮ ਹੋ ਸਕਦੇ ਹਨ।

# ਇੰਜ ਹੋਈ ਵਿਸ਼ਵ ਕੱਪ ਹਾਕੀ ਮੁਕਾਬਲੇ ਦੀ ਸ਼ੁਰੂਆਤ

ਖੇਡ ਮੈਦਾਨ ਬੋਲਦਾ ਹੈ



ਜਗਰੂਪ ਸਿੰਘ ਜਰਖੜ
98143-00722

ਵੈਸੇ ਹਾਕੀ ਦਾ ਪਹਿਲਾ ਕੌਮਾਂਤਰੀ ਮੈਚ 16 ਮਾਰਚ, 1895 ਨੂੰ ਇੰਗਲੈਂਡ ਬਨਾਮ ਆਇਰਲੈਂਡ ਦੇ ਵਿਚਾਲੇ ਲਾਰਡਜ਼ ਵਿਖੇ ਖੇਡਿਆ ਗਿਆ। ਪਰ ਵਿਸ਼ਵ ਕੱਪ ਹਾਕੀ ਮੁਕਾਬਲੇ ਦਾ ਜਨਮ 76 ਸਾਲ ਬਾਅਦ ਹੋਇਆ। ਵਿਸ਼ਵ ਕੱਪ ਹਾਕੀ ਮੁਕਾਬਲਾ ਕਰਵਾਉਣ ਦੇ ਯਤਨ ਭਾਵੇਂ 1958 ਦੇ ਵਿਚ ਸ਼ੁਰੂ ਹੋ ਗਏ ਸਨ, ਜਦੋਂ ਵਿਸ਼ਵ ਕੱਪ ਫੁੱਟਬਾਲ ਮੁਕਾਬਲਾ ਦੁਨੀਆਂ ਵਿਚ ਪੂਰਾ ਜਾਹੋ ਜਲਾਲ 'ਤੇ ਸੀ। ਪਰ ਅਮਲੀਜਾਮਾ ਇਸ ਮੁਕਾਬਲੇ ਨੂੰ 1969 ਵਿਚ ਪਿਆ, ਜਦੋਂ ਪਾਕਿਸਤਾਨ ਵਿਖੇ ਹੋ ਰਹੇ 9 ਮੁਲਕਾਂ ਦੇ ਇਕ ਕੌਮਾਂਤਰੀ ਟੂਰਨਾਮੈਂਟ ਵਿਸ਼ਵ ਕੱਪ ਹਾਕੀ ਮੁਕਾਬਲਾ ਕਰਵਾਉਣ ਦੀ ਝਲਕ ਨਜ਼ਰ ਆਈ। 16 ਮਾਰਚ, 1969 ਨੂੰ ਪਾਕਿਸਤਾਨ ਹਾਕੀ ਫੈਡਰੇਸ਼ਨ ਦੇ ਉਸ ਵੇਲੇ ਦੇ ਪ੍ਰਧਾਨ ਮਾਰਸ਼ਲ ਨੂਰ ਖਾਨ ਨੇ ਕੌਮਾਂਤਰੀ ਹਾਕੀ ਸੰਘ ਦੇ ਮੁਖੀ ਰੈਨੀ ਫਰੈਂਕ ਨੂੰ ਵਿਸ਼ਵ ਕੱਪ ਕਰਵਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਨੇ ਆਖਿਆ ਕਿ ਜੇਕਰ ਪਾਕਿਸਤਾਨ ਨੂੰ ਵਿਸ਼ਵ ਕੱਪ ਦੀ ਮੇਜ਼ਬਾਨੀ ਮਿਲਦੀ ਹੈ ਤਾਂ ਉਹ ਟੂਰਨਾਮੈਂਟ ਦਾ ਸਾਰਾ ਖਰਚਾ ਅਤੇ ਵਿਸ਼ਵ ਕੱਪ ਟਰਾਫੀ ਆਪਣੇ ਪੱਲਿਓਂ ਦੇਣਗੇ। ਉਸ ਤੋਂ ਬਾਅਦ ਇਸ ਪ੍ਰਸਤਾਵ ਨੂੰ ਪਾਕਿਸਤਾਨੀ ਹਾਕੀ ਦੇ ਪਿਤਾਮਾ ਅਲੀ ਇਖਤਿਆਰ ਦਾਰਾ ਅਤੇ ਭਾਰਤ ਦੇ ਜਿੰਮੀ ਨਾਰਗਰਵਾਲਾ ਵਿਸ਼ਵ ਕੱਪ ਹਾਕੀ ਮੁਕਾਬਲੇ ਦੀ ਬਣਾਈ ਅਪੀਲ ਨੂੰ ਪੈਰਿਸ ਵਿਖੇ ਐਫ. ਆਈ. ਐਚ. ਕੋਲ ਲੈ ਕੇ ਗਏ। ਇਸ ਪ੍ਰਸਤਾਵ 'ਤੇ ਵਿਚਾਰ ਕਰਨ ਲਈ ਵੱਖ ਵੱਖ ਮੁਲਕਾਂ ਦੇ ਹਾਕੀ ਪ੍ਰਬੰਧਕਾਂ ਦੀ ਇਕ ਸੱਤ ਮੈਂਬਰੀ ਕਮਿਸ਼ਨ ਬਣਾਈ ਗਈ ਜਿਸ ਵਿਚ ਪਾਕਿਸਤਾਨ ਦੇ ਆਈ. ਐਸ. ਦਾਰਾ, ਭਾਰਤ ਦੇ ਐਸ. ਐਮ. ਸੇਤ, ਅਰਜਨਟਾਈਨਾ ਦੇ ਮੈਨਗੁਅਲ ਅਜ਼ਰੀਲ, ਆਸਟਰੀਆ ਵੁਲਫਗੈਂਗ ਲੀ, ਯੂ. ਏ. ਆਰ. ਦੇ ਐਮ. ਰਫਾਤ, ਆਸਟ੍ਰੇਲੀਆ ਦੇ ਪੀ. ਜੀ. ਰੈਨ ਅਤੇ ਫਰਾਂਸ ਦੇ ਏ. ਡੇਂਟ ਨੂੰ ਲਿਆ ਗਿਆ। ਇਸ ਕਮਿਸ਼ਨ ਨੇ ਵਿਸ਼ਵ ਕੱਪ ਕਰਾਉਣ ਸਬੰਧੀ ਆਪਣੀ ਰਿਪੋਰਟ 27 ਅਕਤੂਬਰ, 1969 ਨੂੰ ਐਫ. ਆਈ. ਐਚ. ਦੇ ਮੁੱਖ ਦਫਤਰ ਬਰਸਲਜ਼ (ਬੈਲਜੀਅਮ) ਵਿਖੇ ਦਿੱਤੀ, ਜਿਸ ਵਿਚ ਇਹ ਸਲਾਹ ਦਿੱਤੀ ਗਈ ਕਿ ਵਿਸ਼ਵ ਕੱਪ ਹਾਕੀ ਮੁਕਾਬਲਾ ਹਰ ਦੋ ਸਾਲ ਬਾਅਦ ਕਰਵਾਇਆ ਜਾਵੇ। ਪਹਿਲਾ ਵਿਸ਼ਵ ਕੱਪ ਮੁਕਾਬਲਾ 1971 ਦੇ ਵਿਚ ਕਰਵਾਇਆ ਜਾਵੇ। ਵਿਸ਼ਵ ਕੱਪ ਹਾਕੀ ਦੀ ਚੈਂਪੀਅਨ ਟਰਾਫੀ ਨੂੰ ਪਾਕਿਸਤਾਨ ਆਰਮੀ ਦੇ ਉੱਚ ਅਧਿਕਾਰੀ ਬਸੀਰ ਮਜੀਦ ਨੇ 27 ਮਾਰਚ 1971 ਨੂੰ ਤਿਆਰ ਕਰਕੇ ਐਫ.ਆਈ.ਐਚ. ਦੇ ਹਵਾਲੇ ਕੀਤਾ ਜਦ ਕਿ ਕੋਮਾਂਤਰੀ ਹਾਕੀ ਸੰਘ ਨੇ ਪਹਿਲੇ ਵਿਸ਼ਵ ਕੱਪ ਦੀ ਮੇਜ਼ਬਾਨੀ ਲਾਹੌਰ (ਪਾਕਿਸਤਾਨ) ਨੂੰ ਦਿੱਤੀ ਗਈ। ਪਰ ਦੂਸਰੇ ਪਾਸੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਰਾਜਨੀਤਕ ਹਾਲਾਤ ਬਹੁਤ ਅਣਸੁਖਾਵੇਂ ਸਨ ਅਤੇ ਦੋਵੇਂ ਦੇਸ਼ 1971 ਦੀ ਲੜਾਈ ਦੀ ਤਿਆਰੀ 'ਚ ਜੁਟੇ ਹੋਏ ਸਨ। ਇਨ੍ਹਾਂ ਬਿਗੜੇ ਹਲਾਤਾਂ ਕਾਰਨ ਪਾਕਿਸਤਾਨ ਸਰਕਾਰ ਨੇ ਪਾਕਿਸਤਾਨ ਹਾਕੀ ਫੈਡਰੇਸ਼ਨ ਨੂੰ ਵਿਸ਼ਵ ਕੱਪ ਹਾਕੀ ਦੀ ਮੇਜ਼ਬਾਨੀ ਕਰਨ ਤੋਂ ਰੋਕਿਆ ਕਿਉਂਕਿ ਉਸ ਵਿਚ ਭਾਰਤੀ ਹਾਕੀ ਟੀਮ ਦੇ ਭਾਗ ਲੈਣਾ ਪਾਕਿਸਤਾਨ ਦੇ ਲੋਕਾਂ ਨੂੰ ਅਤੇ ਸਰਕਾਰ ਨੂੰ ਇਹ ਗੱਲ ਕਿਸੇ ਵੀ ਕੀਮਤ 'ਤੇ ਮਨਜ਼ੂਰ ਨਹੀਂ ਸੀ। ਇਹ ਵਿਸ਼ਵ ਕੱਪ 12 ਫਰਵਰੀ, 1971 ਵਿਚ ਸ਼ੁਰੂ ਹੋਣਾ ਸੀ। ਫਿਰ ਐਫ. ਆਈ. ਐਚ. ਨੇ ਪਹਿਲੇ ਵਿਸ਼ਵ ਕੱਪ ਨੂੰ ਕੁਝ ਸਮੇਂ ਲਈ ਅੱਗੇ ਪਾ ਦਿੱਤਾ। ਮਾਰਚ 1971 ਦੇ ਵਿਚ ਐਫ. ਆਈ. ਐਚ. ਦੀ ਅਗਲੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਪਾਕਿਸਤਾਨ ਹਾਕੀ ਫੈਡਰੇਸ਼ਨ ਨੇ ਸਿੱਧਾ ਕਿਹਾ ਕਿ ਜੇਕਰ ਭਾਰਤ ਨੂੰ ਵਿਸ਼ਵ ਕੱਪ ਦੀ ਮੇਜ਼ਬਾਨੀ ਮਿਲਦੀ ਹੈ ਤਾਂ ਉਹ ਇਸ ਮੁਕਾਬਲੇ ਵਿਚ ਨਹੀਂ ਖੇਡਣਗੇ। ਪਰ ਕੌਮਾਂਤਰੀ ਹਾਕੀ ਸੰਘ ਭਾਰਤ ਅਤੇ ਪਾਕਿਸਤਾਨ ਟੀਮਾਂ ਤੋਂ ਬਿਨਾਂ ਇਹ ਮੁਕਾਬਲਾ ਨਹੀਂ ਕਰਵਾਉਣਾ ਚਾਹੁੰਦਾ ਸੀ। ਇਸ ਕਰਕੇ ਅਖੀਰ ਐਫ. ਆਈ. ਐਚ. ਨੇ ਇਹ ਫੈਸਲਾ ਲਿਆ ਕਿ ਪਹਿਲਾ ਵਿਸ਼ਵ ਕੱਪ ਹਾਕੀ ਮੁਕਾਬਲਾ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਖੇ ਹੋਵੇਗਾ। ਇਸ ਦੀਆਂ ਤਰੀਕਾਂ 15 ਤੋਂ 24 ਅਕਤੂਬਰ, 1971 ਤੱਕ ਨਿਰਧਾਰਤ ਕੀਤੀਆਂ ਗਈਆਂ। ਇਨ੍ਹਾਂ ਵਿਸ਼ਵ ਕੱਪਾਂ ਦੀ ਤਰਤੀਬਵਾਰ ਕਹਾਣੀ ਅਗਲੇ ਕਾਲਮਾਂ 'ਚ ਕਰਾਂਗੇਂ।





ਇਸ ਵੱਰ੍ਹੇ ਦਾ ਵਿਸ਼ਵ ਕੱਪ ਹਾਕੀ ਮੁਕਾਬਲਾ 31 ਮਈ ਤੋਂ 15 ਜੂਨ ਤੱਕ ਹਾਲੈਂਡ ਦੇ ਸ਼ਹਿਰ ਹੈਗ ਦੇ ਕਉਕਾਰਾ ਸਟੇਡੀਅਮ ਵਿਖੇ ਹੋਵੇਗਾ। 15 ਹਜ਼ਾਰ ਦਰਸ਼ਕਾਂ ਦੀ ਸਮਰਥਾ ਵਾਲਾ ਇਹ ਸਟੇਡੀਅਮ ਗਰੀਨ ਫੀਲਡ ਹੋਵੇਗਾ। ਜੇ ਕਰ ਮਰਦਾਂ ਦੇ ਵਿਸ਼ਵ ਕੱਪ ਦੀ ਸ਼ੁਰੂਆਤ 1971 ਵਿੱਚ ਹੋਈ ਤਾਂ ਇਸਤਰੀਆਂ ਦੇ ਵਿਸ਼ਵ ਕੱਪ ਦੀ ਕਹਾਣੀ 1974 ਤੋਂ ਸ਼ੁਰੂ ਹੋਈ। 2014 ਵਿਸ਼ਵ ਕੱਪ ਵਿੱਚ ਮਰਦਾਂ ਤੇ ਈਸਤਰੀਆਂ ਦੀਆਂ 12-12 ਟੀਮਾਂ ਹੀਸਾ ਲੈਣਗੀਆ। ਮਰਦਾਂ ਦੇ ਵਰਗ ਵਿੱਚ ਪਾਕੀਸਤਾਨ ਜੋ 4 ਵਾਰ ਚੈਂਪੀਅਨ ਹੈ ਪਰ ਇਸ ਵਾਰ ਵਿਸ਼ਵ ਕੱਪ ਲਈ ਕੁਆਲੀਫਾਈ ਨਹੀਂ ਕਰ ਸਕਿਆ ਜਦਕਿ ਪਾਕਿਸਤਾਨ ਤੋਂ ਇਲਾਵਾ ਹਾਲੈਂਡ ਨੇ 3 ਵਾਰ, ਆਸਟ੍ਰੇਲੀਆ ਅਤੇ ਜਰਮਨੀ ਨੇ 2-2 ਵਾਰ, ਭਾਰਤ ਨੇ 1 ਵਾਰ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਂਸਿਲ ਕੀਤਾ। ਇਸ ਤਰ੍ਹਾਂ ਕੁੱਲ 5 ਮੁਲਕ ਹੀ ਚੈਂਪੀਅਨ ਤਾਜ ਪਹਿਨ ਸਕੇ ਜਦਕਿ ਸਪੇਨ ਅਤੇ ਇੰਗਲੈਂਡ ਦੀਆਂ 2 ਅਜਿਹੀਆਂ ਟੀਮਾਂ ਹਨ ਜੋ ਵਿਸ਼ਵ ਕੱਪ ਦੇ ਫਾਈਨਲ ਵਿੱਚ ਤਾਂ ਪੁੱਜੀਆਂ ਪਰ ਖਿਤਾਬੀ ਜਿੱਤ ਤੋਂ ਦੂਰ ਹੀ ਰਹੀਆਂ। ਸਪੇਨ 1971 ਅਤੇ 1998 ਵਿੱਚ ਉੱਪ ਜੇਤੂ ਰਿਹਾ। ਇੰਗਲੈਂਡ 1986 ਵਿੱਚ ਉੱਪ ਜੇਤੂ ਰਿਹਾ। ਇਸ ਵਾਰ ਵਿਸ਼ਵ ਕੱਪ ਵਿੱਚ ਮਰਦਾਂ ਦੇ ਵਰਗ 'ਚ ਹਿੱਸਾ ਲੈਣ ਵਾਲੀਆਂ 12 ਮੁਲਕਾਂ ਦੀਆਂ ਟੀਮਾਂ ਵਿੱਚ ਪੂਲ ਏ ਵਿੱਚ ਵਰਤਮਾਨ ਵਿਸ਼ਵ ਚੈਂਪੀਅਨ ਆਸਟ੍ਰੇਲੀਆ, ਇੰਗਲੈਂਡ, ਭਾਰਤ, ਬੈਲਜੀਅਮ, ਸਪੇਨ, ਮਲੇਸ਼ੀਆ ਜਦਕਿ ਪੂਲ ਬੀ 'ਚ ਓਲੰਪਿਕ ਚੈਂਪੀਅਨ ਜਰਮਨੀ ਹਾਲੈਂਡ, ਕੋਰੀਆ, ਨਿਊਜੀਲੈਂਡ, ਅਰਜਨਟਾਇਨਾ ਅਤੇ ਦੱਖਣੀ ਅਫਰੀਕਾ ਦੀਆਂ ਟੀਮਾਂ ਆਪਣੀਆਂ ਜੋਰਅਜਮਾਈ ਕਰਨਗੀਆਂ।

# ਕੀਨੀਆ ਦੇ ਸਾਬਕਾ ਹਾਕੀ ਓਲੰਪੀਅਨ ਜਰਖੜ ਸਟੇਡੀਅਮ ਵਿਖੇ ਪੁੱਜੇ

## ਦੁਨੀਆ ਦੀ ਹਾਕੀ ਵਿਚ ਆਉਣ ਵਾਲੇ ਸਮੇਂ ਵਿਚ ਸਿੱਖ ਹਾਕੀ ਖਿਡਾਰੀਆਂ ਦਾ ਬੋਲਬਾਲਾ ਵਧੇਗਾ ਓਲੰਪੀਅਨ ਅਵਤਾਰ ਸਿੰਘ ਕੀਨੀਆ

**ਲੁਧਿਆਣਾ-** ਇੱਕ ਵੇਲਾ ਸੀ ਜਦੋਂ ਵੱਖ-ਵੱਖ ਮੁਲਕਾਂ ਦੀਆਂ ਹਾਕੀ ਟੀਮਾਂ 'ਚ ਸਿੱਖ ਖਿਡਾਰੀ ਵੱਡੀ ਗਿਣਤੀ ਵਿਚ ਨੁਮਾਇੰਦਗੀ ਕਰਦੇ ਸਨ। ਜਿਸ ਤਰ੍ਹਾਂ 1972 ਓਲੰਪਿਕ ਵਿਚ 30 ਸਿੱਖ ਖਿਡਾਰੀ, 1973 ਵਿਸ਼ਵ ਕੱਪ ਹਾਕੀ ਵਿਚ 32 ਸਿੱਖ ਜੂੜੇ ਵਾਲੇ ਖਿਡਾਰੀਆਂ ਨੇ ਨੁਮਾਇੰਦਗੀ ਕੀਤੀ ਸੀ। ਕੀਨੀਆ ਦੀ ਸਾਰੀ ਟੀਮ ਸਿੱਖ ਖਿਡਾਰੀਆਂ ਨਾਲ ਸਜੀ ਹੋਈ ਸੀ। ਪਰ ਅੱਜ ਦੀ ਘੜੀ ਕੈਨੇਡਾ ਅਤੇ ਭਾਰਤ ਦੀਆਂ ਟੀਮਾਂ ਵਿਚ ਹੀ ਸਿੱਖ ਖਿਡਾਰੀ ਖੇਡਦੇ ਹਨ। ਪਰ ਆਉਣ ਵਾਲੇ ਸਮੇਂ ਵਿਚ ਸਿੱਖ ਖਿਡਾਰੀਆਂ ਦਾ ਵੱਖ-ਵੱਖ ਮੁਲਕਾਂ ਦੀਆਂ ਟੀਮਾਂ 'ਚ ਵਧੇਰੇ ਬੋਲਬਾਲਾ ਹੋਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ 3 ਓਲੰਪਿਕਸ ਵਿਚ ਕੀਨੀਆ ਹਾਕੀ ਟੀਮ ਦੀ ਕਪਤਾਨੀ ਕਰਨ ਵਾਲੇ ਸਾਬਕਾ ਸਿੱਖ ਓਲੰਪੀਅਨ ਅਵਤਾਰ ਸਿੰਘ ਕੀਨੀਆ ਨੇ ਅੱਜ ਜਰਖੜ ਹਾਕੀ ਅਕੈਡਮੀ ਦੇ ਦੌਰੇ ਦੌਰਾਨ ਜਰਖੜ ਸਟੇਡੀਅਮ ਵਿਖੇ ਗੱਲਬਾਤ ਕਰਦਿਆਂ ਕੀਤਾ।

ਕੀਨੀਆ ਵੱਲੋਂ 4 ਓਲੰਪਿਕ ਅਤੇ 1 ਵਿਸ਼ਵ ਕੱਪ ਖੇਡਣ ਵਾਲੇ ਅਵਤਾਰ ਸਿੰਘ ਕੀਨੀਆ ਉਚੇਚੇ ਤੌਰ 'ਤੇ ਜਰਖੜ ਹਾਕੀ ਅਕੈਡਮੀ ਨੂੰ ਦੇਖਣ ਆਏ। ਇਸ ਮੌਕੇ ਉਨ੍ਹਾਂ ਨੇ ਅਕੈਡਮੀ ਦੇ ਬੱਚਿਆਂ ਨੂੰ ਹਾਕੀ ਟਿਪਸ ਦਿੰਦਿਆਂ ਦੱਸਿਆ ਕਿ ਅਨੁਸ਼ਾਸਨ ਸਖਤ ਮਿਹਨਤ, ਇਮਾਨਦਾਰੀ ਅਤੇ ਸਮਰਪਿਤ ਭਾਵਨਾ ਨਾਲ ਹੀ ਵਧੀਆ ਖਿਡਾਰੀ ਬਣਿਆ ਜਾ ਸਕਦਾ ਹੈ। ਉਨ੍ਹਾਂ ਆਖਿਆ ਜਿਸ ਤਰ੍ਹਾਂ ਦੀਆਂ ਅੱਜ ਹਾਕੀ ਖਿਡਾਰੀਆਂ ਨੂੰ ਸਹੂਲਤਾਂ ਮਿਲਦੀਆਂ ਹਨ, ਸਾਡੇ ਮੌਕੇ ਨਹੀਂ ਸਨ। ਪਰ ਉਸ ਵਕਤ ਖਿਡਾਰੀਆਂ ਦੀ ਖੇਡ ਪ੍ਰਤੀ ਸਮਰਪਿਤ ਭਾਵਨਾ ਇੱਕ ਭਗਤੀ ਦੀ ਤਰ੍ਹਾਂ ਹੁੰਦੀ ਸੀ। ਉਨ੍ਹਾਂ ਨੇ ਪੈਨਲਟੀ ਕਾਰਨਰ ਦੇ ਕਿੰਗ ਓਲੰਪੀਅਨ ਪ੍ਰਿਥੀਪਾਲ ਸਿੰਘ ਦੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਆਖਿਆ ਕਿ ਉਹ ਇੱਕ ਬਹੁਤ ਹੀ ਧੜੱਲੇਦਾਰ ਅਤੇ ਹੁਨਰਮੰਦ ਖਿਡਾਰੀ ਸੀ। ਉਨ੍ਹਾਂ ਆਖਿਆ ਕਿ ਆਉਣ ਵਾਲੇ ਸਮੇਂ ਵਿਚ ਜਰਖੜ ਹਾਕੀ ਅਕੈਡਮੀ ਵਿਚੋਂ ਓਲੰਪੀਅਨ ਪ੍ਰਿਥੀਪਾਲ ਸਿੰਘ, ਸੁਰਜੀਤ ਸਿੰਘ ਰੰਧਾਵਾ, ਹਾਕੀ ਦੇ ਜਾਦੂਗਰ ਧਿਆਨਚੰਦ ਵਰਗੇ ਖਿਡਾਰੀ ਯਕੀਨਨ ਪੈਦਾ ਹੋਣਗੇ। ਉਨ੍ਹਾਂ ਨੇ ਜਰਖੜ ਹਾਕੀ ਅਕੈਡਮੀ ਅਤੇ ਜਰਖੜ ਸਟੇਡੀਅਮ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਸਟੇਡੀਅਮ ਪੰਜਾਬ ਦੀਆਂ ਪੇਂਡੂ ਖੇਡਾਂ ਦਾ ਇਕ ਅਜੂਬਾ ਹੈ। ਉਨ੍ਹਾਂ ਆਖਿਆ ਕਿ ਉਹ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਨਿਰੋਬੀ ਕੀਨੀਆ ਵਿਖੇ ਨਵੀਂ ਐਸਟ੍ਰੋਟਰਫ ਲਗਾ ਰਹੇ ਹਨ ।ਇਸ ਐਸਟ੍ਰੋਟਰਫ ਦੇ ਲੱਗਣ ਨਾਲ ਕੀਨੀਆ ਦੀ ਹਾਕੀ ਟੀਮ ਵਿਚ ਸਿੱਖ ਖਿਡਾਰੀਆਂ ਦੀ ਆਮਦ ਵੱਡੇ ਰੂਪ ਵਿਚ ਹੋਵੇਗੀ। ਉਹਨਾਂ ਨੇ ਜਰਖੜ ਹਾਕੀ ਅਕੈਡਮੀ ਨੂੰ ਕੀਨੀਆ ਆਉਣ ਦਾ ਸੱਦਾ ਦਿੱਤਾ। ਨਵੀਂ ਐਸਟ੍ਰੋਟਰਫ ਦੇ ਉਦਘਾਟਨ ਸਮੇਂ ਹਾਲੈਂਡ, ਸਪੇਨ, ਜਰਮਨ ਦੀਆਂ ਹਾਕੀ ਕਲੱਬਾਂ ਪ੍ਰਦਰਸ਼ਨੀ ਮੈਚ ਖੇਡਣਗੀਆਂ। ਜਿਸ ਵਿਚ ਜਰਖੜ ਹਾਕੀ ਅਕੈਡਮੀ ਦਾ ਵੀ ਉਹ ਯੋਗਦਾਨ ਚਾਹੁੰਦੇ ਹਨ । ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿਘ ਜਰਖੜ,ਪ੍ਰਧਾਨ ਪਰਮਜੀਤ ਸਿੰਘ ਨੀਟੂ ਨੇ ਓਲੰਪੀਅਨ ਅਵਤਾਰ ਸਿੰਘ ਕੀਨੀਆ ਤੇ ਉਹਨਾਂ ਦੀ ਧਰਮਪਤਨੀ ਨੂੰ ਜੀ ਆਇਆਂ ਆਖਦਿਆਂ ਯਾਦਗਾਰੀ ਟ੍ਰਾਫੀ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇਜਿੰਦਰ ਸਿੰਘ, ਪਹਿਲਵਾਨ ਹਰਮੇਲ ਸਿੰਘ, ਸੰਦੀਪ ਸਿੰਘ ਪੰਧੇਰ, ਮਨਦੀਪ ਸਿੰਘ ਜਰਖੜ, ਸਾਹਿਬਜੀਤ ਸਿੰਘ ਸਾਬ੍ਹੀ, ਗੁਰਸਤਿੰਦਰ ਸਿੰਘ ਪਰਗਟ, ਜਗਦੀਪ ਸਿੰਘ ਕਾਹਲੋਂ, ਯਾਦਵਿੰਦਰ ਸਿੰਘ ਤੂਰ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿਚ ਹਾਜ਼ਰ ਸਨ।







# ਔਰਤਾਂ ਬੋਲਦੀਆਂ ਕਿਉਂ ਨਹੀਂ?

(ਸਫਾ 15 ਦੀ ਬਾਕੀ)

ਜਾਗਰਿਤੀ ਆਈ ਹੈ, ਕਲ ਇਸਦਾ ਛੋਟੇ ਸ਼ਹਿਰਾਂ ਅਤੇ ਪਿੰਡਾਂ ਤਕ ਪਹੁੰਚਣਾ ਵੀ ਲਾਜ਼ਮੀ ਹੈ। ਇਹ ਤਾਂ ਮੇਰੇ 'ਸੰਵੇਦਨਸ਼ੀਲ' ਦੋਸਤਾਂ ਨੂੰ ਵੀ ਪਤਾ ਹੀ ਹੋਵੇਗਾ ਕਿ ਗੋਹਾ-ਕੂੜਾ ਕਰਨ ਆਈ ਹੋਵੇ, ਜਾਂ ਭਾਂਡੇ-ਪੋਚਾ ਕਰਨ, ਕਿਸੇ ਦੇ ਘਰ ਕੰਮ ਕਰਨ ਆਈ ਔਰਤ ਕਿੰਨੀ ਕੁ ਸੁਰੱਖਿਅਤ ਹੁੰਦੀ ਹੈ। ਜਾਂ ਉਸ ਨਾਲ ਹੋ ਰਹੇ ਕਾਮੁਕ ਤਜਰਬਿਆਂ ਵਿਚ ਕਿੰਨੀ ਕੁ ਉਸ ਦੀ ਸਹਿਮਤੀ ਸ਼ਾਮਲ ਹੁੰਦੀ ਹੈ, ਅਤੇ ਕਿਸ ਹਦ ਤਕ ਮਜਬੂਰੀ।

ਖਦਸ਼ਾ ਇਹ ਵੀ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਕਈ ਔਰਤਾਂ ਸਿਰਫ਼ ਕਿੜ ਕੱਢਣ ਲਈ ਵੀ ਇਲਜ਼ਾਮ ਲਾ ਸਕਦੀਆਂ ਹਨ, ਇਹੋ ਜਿਹੀਆਂ ਗੱਲਾਂ ਨੂੰ ਬਹੁਤੀ ਹਵਾ ਨਹੀਂ ਦੇਣੀ ਚਾਹੀਦੀ। ਪਰ ਇਹੋ ਗੱਲ ਤਾਂ ਬਲਾਤਕਾਰ ਦੇ ਇਲਜ਼ਾਮ ਤੇ ਵੀ ਲਾਗੂ ਹੁੰਦੀ ਹੈ, ਕੋਈ ਵਿਰਲੀ ਟਾਂਵੀਂ ਇਸ ਦੋਸ਼ ਨੂੰ ਵੀ ਵਰਤ ਲੈਂਦੀ ਹੈ। ਪਰ ਇਸਦਾ ਇਹ ਮਤਲਬ ਤਾਂ ਨਹੀਂ ਕਿ ਬਲਾਤਕਾਰ ਦੇ ਜੁਰਮ ਬਾਰੇ ਕਾਨੂੰਨ ਨਾ ਹੋਣ ਜਾਂ ਉਨ੍ਹਾਂ ਨੂੰ ਹਵਾ ਨਾ ਦਿਤੀ ਜਾਵੇ। ਕਦੇ ਕਦੇ ਕੁਝ ਕਸਬੀ ਕਿਸਮ ਦੇ ਦਲਿਤ, ਸਿਆਸੀ ਜਾਂ ਆਰਥਕ ਬਲੈਕਮੇਲ ਲਈ ਬੇਦੋਸ਼ੇ ਸਵਰਨਾਂ ਨੂੰ ਵੀ ਘੇਰ ਲੈਂਦੇ ਹਨ, ਪਰ ਇਸ ਤੋਂ ਇਹ ਨਤੀਜਾ ਤਾਂ ਨਹੀਂ ਨਹੀਂ ਕੱਢਿਆ ਜਾ ਸਕਦਾ ਕਿ ਦਲਿਤਾਂ ਨਾਲ ਸਦੀਆਂ ਤੋਂ ਹੁੰਦੀਆਂ ਆਈਆਂ ਅਤੇ ਅਜੇ ਵੀ ਹੋ ਰਹੀਆਂ ਵਧੀਕੀਆਂ ਨੂੰ ਠਲ੍ਹ ਪਾਉਣ ਵਾਲੇ ਕਾਨੂੰਨ ਹੀ ਖਾਰਜ ਕਰ ਦਿਤੇ ਜਾਣ। ਦਾਜ-ਵਿਰੋਧੀ ਕਾਨੂੰਨ ਹੋਵੇ, ਜਾਂ ਔਰਤਾਂ ਨਾਲ ਦੁਰਵਿਹਾਰ ਵਿਰੋਧੀ; ਹਰ ਕਾਨੂੰਨ ਦੀ ਦੁਰਵਰਤੋਂ ਦੀਆਂ ਇਕਾ ਦੁਕਾ ਮਿਸਾਲਾਂ ਮਿਲਦੀਆਂ ਰਹਿਣਗੀਆਂ ਪਰ ਇਹ ਕਾਨੂੰਨ ਇਸ ਲਈ ਜ਼ਰੂਰੀ ਹਨ ਕਿਉਂਕਿ ਇਹ ਅਲਾਮਤਾਂ ਸਾਡੇ ਸਮਾਜ ਵਿਚ ਏਨੀਆਂ ਫੈਲੀਆਂ ਹੋਈਆਂ ਹਨ, ਜਿਨ੍ਹਾਂ ਨਾਲ ਸਿਝਣ ਲਈ ਕਾਨੂੰਨ ਹੋਣੇ ਨਿਹਾਇਤ ਜ਼ਰੂਰੀ ਹਨ।

ਨਹੀਂ ਤਾਂ ਔਰਤਾਂ ਬੋਲਣਗੀਆਂ ਕਿਵੇਂ? ਮਰਦ ਤਾਂ ਉਦੋਂ ਵੀ ਬੋਲਣਾ ਬੰਦ ਨਹੀਂ ਕਰਦੇ ਜਦੋਂ ਉਨ੍ਹਾਂ ਪਤਾ ਹੁੰਦਾ ਹੈ ਕਿ ਉਨ੍ਹਾਂ ਦੇ ਹਥ ਪੱਲੇ ਕੋਈ ਦਲੀਲ ਨਹੀਂ, ਸਿਰਫ਼ ਮਰਦ ਸੱਤਾ ਪਰਧਾਨ ਸਮਾਜ ਵੱਲੋਂ ਬਖਸ਼ੀ ਗਈ ਤਾਕਤ ਅਤੇ ਮਾਨਸਕਤਾ ਹੁੰਦੀ ਹੈ। ਮੈਂ ਗਲ ਐਮ ਜੇ ਅਕਬਰ, ਆਲੋਕ ਨਾਥ ਜਾਂ ਨਾਨਾ ਪਾਟੇਕਰ ਦੀ ਨਹੀਂ ਕਰ ਰਿਹਾ, ਤੁਹਾਡੇ ਤੇ ਮੇਰੇ ਵਰਗਿਆਂ ਦੀ ਵੀ ਕਰ ਰਿਹਾ ਹਾਂ।

# ਗਾਨੀ

ਗਿੱਧਾ ਗਿੱਧਾ ਕਰਦੀ ਸੀ ਪਰ ਕਾਹਦੀ ਗਿੱਧੈ 'ਚ ਆਈ ਮੈਂ
ਉਥੇ ਨੱਚਦੀ ਸੀ ਨਾਲੇ ਪਾਉਂਦੀ ਬੋਲੀ ਐਸੀ ਨਜ਼ਰ ਲੁਆਈ ਮੈਂ।
ਡਿੱਗ ਪਈ ਜਾ ਲਾਹ ਲਈ ਕਿਸੇ ਕੋਈ ਕਰ ਗਿਆ ਕਾਰਸਤਾਨੀ
ਜੀਹਨੂੰ ਲੱਭ ਗਈ ਮਿੰਨਤਾਂ ਨਾਲ ਮੋੜ ਦਿਚ
ਮੇਰੇ ਗਲ਼ 'ਚੋਂ ਡਿੱਗ ਪਈ ਗਾਨੀ।

ਗਾਨੀ ਦੇ ਵਿਚ ਜਿਹੜੇ ਮਣਕੇ, ਮਣਕਿਆਂ ਦਾ ਕੋਈ ਮੁੱਲ ਨਹੀਂ
ਆਉਣ ਜਾਣ ਲਈ ਫੇਰ ਗਿੱਧੇ ਵਿਚ ਮੈਨੂੰ ਮਿਲਣੀ ਖੁੱਲ੍ਹ ਨਹੀਂ
ਗਾਨੀ ਨਾਲ ਹੀ ਬਣ ਜਾਂਦੀ ਸੀ ਮੇਰੀ ਤੋਰ ਬੜੀ ਮਸਤਾਲੀ
ਜੀਹਨੂੰ ਲੱਭ ਗਏ. ਮਿੰਨਤ ਨਾਲ ਮੋੜ ਦਿਓ ਮੇਰੇ ..

ਪੁਲਿਸ ਰਿਪੋਰਟ ਲਿਖਾ ਤੇ ਜੇ ਮੈਂ ਬਣ ਜਾਊਂ ਮਸਲਾ ਭਾਰੀ ਵੇ
ਜਦੋਂ ਪਤਾ ਲੱਗ ਗਿਆ ਚੋਰੀ ਦਾ ਕੀ ਦੁਨੀਆਂ ਆਖੂ ਸਾਰੀ ਵੇ
ਬਣੂ ਚੋਰੀ ਦਾ ਕੇਸ ਉਹਦੇ ਤੇ ਨਾਲੇ ਪੱਲੇ ਪਊ ਬਦਾਮੀ
ਜੀਹਨੂੰ ਲੱਭ ਗਈ ਮਿੰਨਤ ਨਾਲ ਮੋੜ ਦਿਓ ....



ਮੇਰਾ ਸਹੁਰਾ ਬੜਾ ਸੁਭਾਅ ਦਾ ਭੈੜਾ
ਸੱਸ ਵੀ ਮਿਹਣੇ ਮਾਰੂਗੀ
ਕੋਈ ਨਕਲੀ ਸ਼ਕਲੀ ਗਾਨੀ ਲੈ ਕੇ ਹੁਣ
ਤਾਂ ਮੈਂ ਡੰਗ ਸਾਰੂੰਗੀ
ਇੰਝ ਲੱਗਦਾ ਜਿਵੇਂ ਇਹੋ ਗਾਨੀ ਮੇਰੀ
ਬਣ ਗਈ ਮੌਤ ਨਿਸ਼ਾਨੀ
ਜੀਹਨੂੰ ਲੱਭ ਗਈ ਮਿੰਨਤ ਨਾਲ ਮੋੜ ਦਿਓ ....

ਰੋ-ਰੋ ਕੇ ਮੈਂ ਹੋ ਗਈ ਕਮਲੀ ਹੁਣ ਕਿੱਦਾਂ ਵਕਤ ਲੰਘਾਊਂਗੀ
ਅੱਜ 'ਦੇਵ ਘੋਲੀਏ' ਨੂੰ ਸਾਰਾ ਬਹਿ ਕੇ ਹਾਲ ਸੁਣਾਊਂਗੀ
ਉਹਨੇ ਸੀ ਮੈਨੂੰ ਦਿੱਤੀ ਤੇ ਮੇਰਾ ਉਹੀ ਦਿਲਬਰ ਜਾਨੀ
ਜੀਹਨੂੰ ਲੱਭ ਗਈ ਮਿੰਨਤ ਨਾਲ ਮੋੜ ਦਿਓ ....

- ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

# ਮੇਰੇ ਪਿਤਾ ਅਸਗਰ ਅਲੀ ਇੰਜਨੀਅਰ ਦੀ ਵਿਰਾਸਤ



ਕੇਹਰ ਸ਼ਰੀਫ
+49 173 3546050

ਇਰਫਾਨ ਇੰਜਨੀਅਰ
ਅਨੁਵਾਦ : ਕੇਹਰ ਸ਼ਰੀਫ਼

ਮੇਰੇ ਜੀਵਨ ਵਿਚ ਜਾਣੋ ਇਕ ਤੂਫਾਨ ਆਇਆ ਅਤੇ ਸਭ ਕੁੱਝ ਖਤਮ ਹੋ ਗਿਆ। ਮੈਨੂੰ ਜੋ ਘਾਟਾ ਪਿਆ ਉਸ ਨਾਲ ਮੈਂ ਅਜੇ ਤੱਕ ਸਮਝੌਤਾ ਨਹੀਂ ਕਰ ਸਕਿਆ ਹਾਂ। ਤੂਫਾਨ ਵਾਂਗ ਹੀ ਮੌਤ ਵੀ ਭਗਵਾਨ ਦੇ ਹੱਥਾਂ ਵਿਚ ਹੁੰਦੀ ਹੈ ਅਤੇ ਤੂਫਾਨ ਦੀ ਤਰ੍ਹਾਂ ਤੁਸੀਂ ਮੌਤ ਦੇ ਸਾਹਮਣੇ ਵੀ ਸਹਾਇਤਾਹੀਣ ਹੀ ਹੁੰਦੇ ਹੋ। ਮੈਨੂੰ ਭੋਰਾ ਵੀ ਇਲਮ ਨਹੀਂ ਸੀ ਕਿ ਮੇਰੇ ਪਿਆਰੇ ਪਿਤਾ ਡਾ. ਅਸਗਰ ਅਲੀ ਇੰਜਨੀਅਰ ਨੂੰ ਮੌਤ ਸਾਥੋਂ ਇੰਨੀ ਛੇਤੀ ਖੋਹ ਲਵੇਗੀ। ਮੈਂ ਇੰਨੇ ਵੱਡੇ ਸਦਮੇ ਵਾਸਤੇ ਕਿਸੇ ਤਰ੍ਹਾਂ ਵੀ ਤਿਆਰ ਨਹੀਂ ਸੀ। ਪਰ ਹੁਣ ਮੈਂ ਇਹ ਸੋਚਣਾ ਹੈ ਕਿ ਮੇਰੇ ਪਿਤਾ ਨੇ ਮੈਨੂੰ ਵਿਰਾਸਤ ਵਿਚ ਕੀ ਦਿੱਤਾ। ਮੇਰੀ ਭੈਣ ਸੀਮਾ ਨੇ ਇਕ ਪੱਤਰਕਾਰ ਨੂੰ ਬਿਲਕੁੱਲ ਠੀਕ ਕਿਹਾ ਕਿ ਮੇਰੇ ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦੀ ਵਿਰਾਸਤ ਸਾਡੇ ਦੋਹਾਂ ਵਿਚ ਬਰਾਬਰ ਬਰਾਬਰ ਵੰਡ ਦਿੱਤੀ ਜਾਵੇ। ਉਨ੍ਹਾਂ ਦੀਆਂ ਸਿੱਖਿਆਵਾਂ ਦੀ ਵਿਰਾਸਤ।

ਮਨ ਕੁੱਝ ਸ਼ਾਂਤ ਹੋਣ ਤੋਂ ਬਾਅਦ ਮੈਂ ਇਹ ਸੋਚਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਮੇਰੇ ਪਿਤਾ ਨੇ ਮੈਨੂੰ ਵਿਰਾਸਤ ਵਿਚ ਕੀ ਦਿੱਤਾ? ਮੇਰੇ ਪਿਤਾ ਤੋਂ ਮੈਨੂੰ ਵਿਰਾਸਤ ਵਿਚ ਕੀ ਮਿਲਿਆ ਹੈ? ਉਨ੍ਹਾਂ ਦਾ ਅਨੁਸ਼ਾਸਨ ਅਤੇ ਸਖਤੀ ਵਾਲਾ ਰੋਜ਼ਾਨਾ ਵਿਹਾਰ। ਉਹ ਆਪਣੇ ਦਿਨ ਦੇ ਮਿੱਥੇ ਹੋਏ ਕਾਰਜ ਨਿਭਾਉਣ ਤੋਂ ਕਦੀ ਵੀ ਇੱਧਰ ਉੱਧਰ ਨਹੀਂ ਹੁੰਦੇ ਸਨ। ਇਸ ਰੋਜ਼ਾਨਾ ਵਿਹਾਰ (ਕੰਮਾਂ ਦੀ ਵੰਡ) ਵਿਚ ਸ਼ਾਮਲ ਸੀ ਸਵੇਰ ਦੀ ਸੈਰ ਜਿਸ ਨਾਲ ਉਨ੍ਹਾਂ ਦੀ ਸਿਹਤ ਠੀਕ ਰਹਿ ਸਕੇ। ਉਹ ਸਵੇਰ ਦੇ ਅੱਠ ਵਜੇ ਤੋਂ ਰਾਤ ਦੇ ਦਸ ਵਜੇ ਤੱਕ ਕੰਮ ਕਰਦੇ ਸਨ। ਦੁਪਹਿਰੇ ਘੜੀ ਕੁ ਨੀਂਦ ਦੀ ਝਪਕੀ ਲੈਣੀ ਵੀ ਉਨ੍ਹਾਂ ਦੇ ਦਿਨ ਵਾਲੇ ਕਾਰਜਾਂ ਵਿਚ ਸ਼ਾਮਲ ਸੀ। ਬੀਤੀ 13 ਫਰਵਰੀ ਨੂੰ ਹਸਪਤਾਲ ਵਿਚ ਦਾਖਲ ਹੋਣ ਤੱਕ ਉਹ ਆਪਣੇ ਦਿਨ ਭਰ ਦੇ ਕੰਮਾਂ ਨੂੰ ਚਾਰ ਹਿੱਸਿਆਂ ਵਿਚ ਵੰਡਦੇ ਸਨ। ਪ੍ਰਸ਼ਾਸਨਿਕ ਕੰਮ, ਚਿੱਠੀਆਂ ਤੇ ਈ ਮੇਲਾਂ ਦੇ ਜਵਾਬ ਦੇਣੇ, ਪੜ੍ਹਨਾ ਅਤੇ ਲਿਖਣਾ। ਇਸ ਮਾਮਲੇ ਵਿਚ ਉਹ ਕਾਫੀ ਸਖਤ ਸਨ ਅਤੇ ਦਫਤਰ ਦੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਮਿੱਥੇ ਹੋਏ ਕੰਮਾਂ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਦੀ ਇਜਾਜ਼ਤ ਨਹੀਂ ਸੀ। ਸ਼ਹਿਰ ਦੇ ਬਾਹਰ ਤੋਂ ਆਉਣ ਵਾਲੇ ਲੋੜਵੰਦ ਲੋਕਾਂ ਨਾਲ ਉਹ ਇਸ ਮਿੱਥੇ ਹੋਏ ਸਮੇਂ ਨੂੰ ਉਲੰਘ ਕੇ ਵੀ ਮਿਲ ਲੈਂਦੇ ਸਨ। ਪਰ ਉਨ੍ਹਾਂ ਨੂੰ ਮਿਲਣ ਦੇ ਚਾਹਵਾਨ ਮੁੰਬਈ ਵਾਸੀਆਂ ਨੂੰ ਇਹ ਬੇਨਤੀ ਕੀਤੀ ਜਾਂਦੀ ਸੀ ਕਿ ਉਹ ਉਨ੍ਹਾਂ ਨੂੰ ਮਿਲਣ ਦਾ ਸਮਾਂ ਲੈ ਕੇ ਹੀ ਆਉਣ। ਫੇਰ ਵੀ ਜੇ ਕੋਈ ਦੂਰੋਂ ਆਉਂਦਾ ਸੀ ਤਾਂ ਉਸਦੇ ਮਾਮਲੇ ਨੂੰ ਨਿਪਟਾਉਣ ਖਾਤਰ ਜਿਵੇਂ-ਕਿਵੇਂ ਹੋ ਸਕੇ ਉਹ ਆਪਣੇ ਕੰਮਾਂ ਦੇ ਵੰਡੇ ਹੋਏ ਸਮੇਂ ਨਾਲ ਸਮਝੌਤਾ ਵੀ ਕਰ ਲੈਂਦੇ ਸਨ। ਐਤਵਾਰ ਅਤੇ ਛੁੱਟੀ ਦੇ ਦਿਨਾਂ ਵਿਚ ਵੀ ਉਹ ਦਿਨ ਦੇ ਸਮੇਂ ਵਾਲੇ ਵੰਡ ਨੂੰ ਨਿਭਾਉਣ ਦੀ ਪਾਲਣਾ ਕਰਦੇ ਸਨ, ਫੇਰ ਭਾਵੇਂ ਉਨ੍ਹਾਂ ਨੂੰ ਦਫਤਰ ਵਿਚ ਇਕੱਲਿਆਂ ਹੀ ਕਿਉਂ ਨਾ ਬੈਠਣਾ ਪਵੇ। ਐਤਵਾਰ ਦੀ ਸ਼ਾਮ ਨੂੰ ਕਦੀ ਕਦੀ ਉਹ ਫਿਰਨ-ਤੁਰਨ ਜਾਂ ਫਿਰ ਕਾਰ ਲੈ ਕੇ ਕੁੱਝ ਦੂਰ ਘੁੰਮਣ ਚਲੇ ਜਾਇਆ ਕਰਦੇ ਸਨ।

ਪਿਤਾ ਜੀ ਅਕਸਰ ਯਾਤਰਾਵਾਂ 'ਤੇ ਤੁਰੇ ਰਹਿੰਦੇ ਸਨ ਇਸ ਕਰਕੇ ਅਸੀਂ ਭਾਵ ਉਨ੍ਹਾਂ ਦੇ ਪਰਵਾਰ ਦੇ ਜੀਅ ਉਨ੍ਹਾਂ ਦੇ ਸਾਥ ਤੋਂ ਸੱਖਣੇ ਰਹਿ ਜਾਂਦੇ ਸਾਂ। ਜੋ ਸੰਸਥਾ, ਜਥੇਬੰਦੀ ਜਾਂ ਕੋਈ ਵਿਅਕਤੀ ਉਨ੍ਹਾਂ ਨੂੰ ਵੱਖੋ-ਵੱਖ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਵਾਸਤੇ ਸੱਦਾ ਪੱਤਰ ਭੇਜਦੇ ਸਨ - ਉਨ੍ਹਾਂ ਵਿਚ ਉਹ ਕੋਈ ਭੇਦ ਭਾਵ ਨਹੀਂ ਕਰਦੇ ਸਨ। ਇਕ ਵਾਰ ਜੇ ਉਹ ਕਿਸੇ ਪ੍ਰੋਗਰਾਮ ਵਿਚ ਪਹੁੰਚਣ ਦੀ ਸਹਿਮਤੀ ਦੇ ਦਿੰਦੇ ਸਨ ਤਾਂ ਆਪਣੇ ਕੀਤੇ ਵਾਅਦੇ ਨੂੰ ਨਿਭਾਉਂਦੇ ਸਨ, ਭਾਵੇਂ ਉਸੇ ਦਿਨ ਉਨ੍ਹਾਂ ਨੂੰ ਹੋਰ ਕਿੰਨੀ ਹੀ ਮਹੱਤਵਪੂਰਨ ਸੰਸਥਾ ਤੋਂ ਕੋਈ ਹੋਰ ਸੱਦਾ ਕਿਉਂ ਨਾ ਆ ਜਾਵੇ। ਸਿਹਤ ਖਰਾਬ ਹੋ ਜਾਣ 'ਤੇ ਵੀ ਉਹ ਆਪਣੇ ਪ੍ਰੋਗਰਾਮ ਰੱਦ ਨਹੀਂ ਕਰਦੇ ਸਨ। ਉਨ੍ਹਾਂ ਨੇ ਅਮਨ ਅਤੇ ਵਿਵਾਦਾਂ ਦੇ ਨਿਪਟਾਰੇ ਵਾਸਤੇ ਕਈ ਵਰਕਸ਼ਾਪਾਂ (ਸੈਮੀਨਾਰਾਂ) ਦਾ ਸੰਚਾਲਣ ਉਸ ਸਥਿਤੀ ਵਿਚ ਵੀ ਕੀਤਾ ਜਦੋਂ ਉਹ ਬੀਮਾਰ ਸਨ। ਇਸ ਅਨੁਸਾਸ਼ਨ ਅਤੇ ਸਖਤ ਮਿਹਨਤ ਕਰਕੇ ਹੀ ਉਹ ਦੁਨੀਆਂ ਨੂੰ ਇੰਨਾ ਕੁੱਝ ਦੇ ਸਕੇ, ਪਰ ਇਸੇ ਕਰਕੇ ਹੀ ਉਨ੍ਹਾਂ ਦਾ ਜੀਵਨ ਛੋਟਾ ਹੋ ਗਿਆ। ਅਸੀਂ ਆਪਣੇ ਜੀਵਨ ਵਿਚ ਕਿੰਨਾ ਅਨੁਸ਼ਾਸਨ ਰੱਖ ਸਕਦੇ ਹਾਂ ਅਤੇ ਕਿੰਨੇ ਯੋਜਨਾਬੱਧ ਢੰਗ ਨਾਲ ਕੰਮ ਕਰਦੇ ਹਾਂ?

ਉਨ੍ਹਾਂ ਵਾਸਤੇ ਨਿਆਂ, ਬਰਾਬਰੀ, ਪ੍ਰੇਮ, ਗੌਰਵ ਅਤੇ ਵੱਖੋ ਵੱਖ ਵਿਚਾਰਾਂ ਵਾਲੀਆਂ ਕਦਰਾਂ-ਕੀਮਤਾਂ ਤੋਂ ਬਿਨਾ ਕੁੱਝ ਵੀ ਪਵਿੱਤਰ ਨਹੀਂ ਸੀ ਕੋਈ ਕਰਮ-ਕਾਂਡ ਨਹੀਂ, ਕੋਈ ਪਰੰਪਰਾ ਨਹੀਂ ਅਤੇ ਕੋਈ ਸੰਸਕ੍ਰਿਤੀ ਨਹੀਂ। ਉਨ੍ਹਾਂ ਵਾਸਤੇ ਸੱਭਿਆਚਾਰ ਉਹ ਵਸੀਲਾ ਸੀ ਜਿਸਦੇ ਆਸਰੇ ਇਨਸਾਨ ਆਪਣੇ ਆਲੇ ਦੁਆਲੇ ਦੀ ਦੁਨੀਆਂ ਨੂੰ ਸਮਝਦਾ ਹੈ। ਇਸ ਕਰਕੇ ਹੀ ਉਨ੍ਹਾਂ ਦਾ ਵਿਚਾਰ ਸੀ ਕਿ ਸਾਰੇ ਸੱਭਿਆਚਾਰ ਅਤੇ ਸਾਰੇ ਧਰਮ ਮਾਣ ਸਨਮਾਨ ਦੇ ਹੱਕਦਾਰ ਹਨ। ਇਨ੍ਹਾਂ ਕਦਰਾਂ ਤੋਂ ਬਿਨਾ ਬਾਕੀ ਹਰ ਚੀਜ਼ ਵਿਚ ਸੁਧਾਰ ਹੋ ਸਕਦਾ ਸੀ। ਉਨ੍ਹਾਂ ਦੀ ਪੁਨਰ ਵਿਆਖਿਆ ਕੀਤੀ ਜਾ ਸਕਦੀ ਸੀ, ਉਨ੍ਹਾਂ ਨੂੰ ਕਿਸੇ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਿਆ ਜਾ ਸਕਦਾ ਸੀ। ਤਰਕ ਦੀ ਕਸੌਟੀ 'ਤੇ ਕੱਸਿਆ/ਪਰਖਿਆ ਜਾ ਸਕਦਾ ਸੀ ਅਤੇ ਉਨ੍ਹਾਂ ਵਿਚ ਅਜਿਹੀ ਤਬਦੀਲੀ ਲਿਆਂਦੀ ਜਾ ਸਕਦੀ ਸੀ ਜਿਸ ਨਾਲ ਉਹ ਇਨ੍ਹਾਂ ਬਹੁਮੁੱਲੀਆਂ ਕਦਰਾਂ-ਕੀਮਤਾਂ ਨੂੰ ਹੋਰ ਅਮੀਰ ਬਣਾਉਣ ਵਿਚ ਮਦਦ ਕਰ ਸਕਣ। ਸੱਚ ਬਾਰੇ ਉਨ੍ਹਾਂ ਦੀ ਜੀਵਨ ਭਰ ਕੀਤੀ ਖੋਜ ਵਿਚ ਕੋਈ ਹੱਦਾਂ ਨਹੀਂ ਸਨ ਅਤੇ ਉਹ ਕਿਸੇ ਵੀ ਪਵਿੱਤਰ ਪ੍ਰਤੀਕ, ਕਰਮਕਾਂਡ, ਪਰੰਪਰਾ, ਭਾਸ਼ਾ ਜਾਂ ਸੱਭਿਆਚਾਰ ਨਾਲ ਬੰਨ੍ਹੇ ਹੋਏ ਨਹੀਂ ਸਨ। ਸੱਚ ਨੂੰ ਤਾਂ ਹੀ ਹਾਸਲ ਕੀਤਾ ਜਾ ਸਕਦਾ ਹੈ ਜਦੋਂ ਕੋਈ ਵਿਅਕਤੀ ਇਸ ਦਿਸ਼ਾ ਵਿਚ ਲਗਾਤਾਰ- ਬਿਨਾਂ ਡਰ ਭੈਅ ਤੋਂ, ਨਿਰਭੈ ਹੋ ਕੇ ਜਤਨ ਕਰੇ। ਉਨ੍ਹਾਂ ਲਈ ਸੱਚ ਤੱਕ ਪਹੁੰਚਣ ਵਾਸਤੇ ਕੋਈ ਵੀ ਕੀਮਤ ਬਹੁਤੀ ਨਹੀਂ ਸੀ। ਇਸ ਵਾਸਤੇ ਜਰੂਰੀ ਸੀ ਆਪਣੀ ਅੰਤਰਆਤਮਾ ਨੂੰ ਇਮਾਨਦਾਰੀ ਨਾਲ ਖੰਘਾਲਣਾ ਅਤੇ ਆਪਣੀ ਜ਼ਮੀਰ ਦੀ ਆਵਾਜ਼ ਦੇ ਅਨੁਸਾਰ ਕੰਮ ਕਰਨਾ।

ਸੱਚ ਬਾਰੇ ਆਪਣੀ ਇਸ ਖੋਜ ਦੀ ਉਨ੍ਹਾਂ ਨੂੰ ਭਾਰੀ ਕੀਮਤ ਚੁਕਾਣੀ ਪਈ। ਜਦੋਂ ਉਹ ਬੰਬਈ ਮਹਾਂਨਗਰ ਪਾਲਿਕਾ ਵਿਚ ਸਿਵਲ ਇੰਜਨੀਅਰ ਵਜੋਂ ਕੰਮ ਕਰ ਰਹੇ ਸਨ ਉਦੋਂ ਉਨ੍ਹਾਂ ਨੂੰ ਆਪਣੀ ਇਮਾਨਦਾਰੀ ਅਤੇ ਇੰਜਨੀਅਰਾਂ ਦੀ ਜਥੇਬੰਦੀ ਦੀ ਅਗਵਾਈ ਕਰਨ ਕਰਕੇ ਉਨ੍ਹਾਂ ਦੀ ਵਾਰ ਵਾਰ ਇੱਥੋਂ-ਉੱਥੇ ਤੇ ਉੱਥੋਂ ਇੱਥੇ ਬਦਲੀ ਕੀਤੀ ਜਾਂਦੀ ਰਹੀ, ਉਨ੍ਹਾਂ ਨੂੰ ਤਰੱਕੀਆਂ ਦੇ ਬਣਦੇ ਹੱਕ ਵੀ ਨਾ ਦਿੱਤੇ ਗਏ। ਅਖੀਰ ਉਨ੍ਹਾਂ ਨੇ ਇਹ ਤੈਅ ਕੀਤਾ ਕਿ ਉਹ ਆਪਣਾ ਸਾਰਾ ਸਮਾਂ ਆਪਣੇ ਸਿਧਾਂਤਾਂ ਅਤੇ ਮੁੱਲਵਾਨ ਕਦਰਾਂ-ਕੀਮਤਾਂ ਵਿਚ ਵਾਧਾ ਕਰਨ ਵਾਲੇ ਕੰਮ ਵਿਚ ਲਾਉਣਗੇ। ਆਮਦਨੀ ਵਿਚ ਭਾਰੀ ਘਾਟਾ ਪੈਣ ਦੇ ਬਾਵਜੂਦ ਉਨ੍ਹਾਂ ਨੇ ਮਹਾਂਨਗਰ ਪਾਲਿਕਾ ਤੋਂ ਸਵੈ-ਇੱਛਾ ਨਾਲ ਨੌਕਰੀ ਨੂੰ ਛੱਡ ਦਿੱਤਾ। ਸੱਯਦਾਂ ਅਤੇ ਉਨ੍ਹਾਂ ਦੇ ਤੰਤਰ ਨੇ ਡਾਕਟਰ ਇੰਜਨੀਅਰ ਨੂੰ ਵੋਹਰਾ ਸਮਾਜ ਵਿੱਚੋਂ ਛੇਕ ਦਿੱਤਾ। ਨਤੀਜੇ ਵਜੋਂ ਉਨ੍ਹਾਂ ਦੇ ਆਪਣੇ ਹੀ ਮਾਂ-ਬਾਪ, ਭੈਣ-ਭਰਾਵਾਂ ਅਤੇ ਰਿਸ਼ਤੇਦਾਰਾਂ ਨਾਲ ਰਿਸ਼ਤੇ ਖਤਮ ਹੋ ਗਏ। ਸੰਨ 2000 ਦੇ ਫਰਵਰੀ ਮਹੀਨੇ ਸੱਯਦਾਂ ਦੇ ਜਨੂੰਨੀ ਪੈਰੋਕਾਰਾਂ ਨੇ ਉਨ੍ਹਾਂ ਦੇ ਦਫਤਰ ਅਤੇ ਘਰ ਉੱਤੇ ਹਮਲਾ ਕੀਤਾ ਅਤੇ ਭਿਆਨਕ ਤੋੜ-ਫੋੜ ਕੀਤੀ। ਡਾ. ਇੰਜਨੀਅਰ ਉੱਤੇ ਸੱਯਦਾਂ ਦੇ ਇਛਾਰੇ 'ਤੇ 6 ਵਾਰ ਕਾਤਲਾਨਾ ਹਮਲੇ ਹੋਏ। ਉਨ੍ਹਾਂ ਨੂੰ ਅਕਸਰ ਧਮਕੀਆਂ ਅਤੇ ਬਦਸਲੂਕੀਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ। ਪਰ ਉਨ੍ਹਾਂ ਨੇ ਸੱਚ ਦੀ ਖੋਜ ਦਾ ਆਪਣਾ ਸਫਰ ਲਗਾਤਾਰ ਜਾਰੀ ਰੱਖਿਆ। ਕੋਈ ਵੀ ਕੁਰਬਾਨੀ ਇੰਨੀ ਵੱਡੀ ਨਹੀਂ ਸੀ ਜੋ ਉਹ ਆਪਣੇ ਸਿਧਾਂਤ ਦੇ ਵਾਸਤੇ ਨਹੀਂ ਦੇ ਸਕਦੇ ਸਨ। ਅਸੀਂ ਸੱਚ ਦੀ ਖੋਜ ਕਿੰਨੀ ਇਮਾਨਦਾਰੀ ਨਾਲ ਕਰ ਸਕਦੇ ਹਾਂ? ਅਤੇ ਕੀ ਅਸੀਂ ਲਗਾਤਾਰ ਇਸ ਕੰਮ ਵਿਚ ਜੁਟੇ ਰਹਿ ਸਕਦੇ ਹਾਂ? ਜੇ ਕੋਈ ਇਨਸਾਨ ਸੱਚ ਦੇ ਕਿਸੇ ਸਿੱਟੇ/ਵਿਸਥਾਰ ਤੱਕ ਪਹੁੰਚਦਾ ਹੈ ਤਾਂ ਉਸਨੂੰ ਆਪਣੀ ਇਸ ਖੋਜ ਵਿੱਚੋਂ ਨਿਕਲੇ ਸਿੱਟਿਆਂ ਨੂੰ ਸਭ ਨਾਲ ਸਾਂਝਾ ਕਰਨਾ ਚਾਹੀਦਾ ਹੈ, ਬਿਨਾ ਇਸ ਗੱਲ ਦੀ ਪ੍ਰਵਾਹ ਕੀਤੇ ਕਿ ਇਸਦੇ ਨਤੀਜੇ ਕੀ ਹੋਣਗੇ। ਇਸ ਵਾਸਤੇ ਅਜਿਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਨੂੰ ਸਭ ਲੋਕ ਆਸਾਨੀ ਨਾਲ ਸਮਝ ਸਕਣ। ਉਹ ਅਕਸਰ ਮੈਨੂੰ ਕਿਹਾ ਕਰਦੇ ਸਨ ਕਿ ਇਕ ਪੈਗੰਬਰ ਅਤੇ ਦਾਰਸ਼ਨਿਕ ਵਿਚ ਇਹ ਹੀ ਫਰਕ ਹੁੰਦਾ ਹੈ ਕਿ ਪੈਗੰਬਰ ਆਪਣੀ ਗੱਲ ਅਜਿਹੀ ਭਾਸ਼ਾ ਵਿਚ ਕਹਿੰਦਾ ਹੈ ਜਿਸ ਨੂੰ ਲੋਕ ਸੌਖੀ ਤਰ੍ਹਾਂ ਸਮਝ ਸਕਦੇ ਹਨ ਜਦੋਂ ਕਿ ਦਾਰਸ਼ਨਿਕ ਦੀ ਭਾਸ਼ਾ ਅਜਿਹੀ ਹੁੰਦੀ ਹੈ ਜਿਸ ਨੂੰ ਸਮਝਣਾ ਕੁੱਝ ਲੋਕਾਂ ਦੇ ਵੱਸ ਦੀ ਹੀ ਗੱਲ ਹੁੰਦੀ ਹੈ। ਦਾਰਸ਼ਨਿਕ ਪ੍ਰਸਿੱਧੀ ਪ੍ਰਾਪਤ ਕਰਦੇ ਹਨ, ਪੈਗੰਬਰ ਸਮਾਜ ਨੂੰ ਬਦਲਦੇ ਹਨ ਅਤੇ ਆਪਣੀ ਵਿਰਾਸਤ ਦੀ ਡੂੰਘੀ ਛਾਪ ਛੱਡ ਜਾਂਦੇ ਹਨ।



ਡਾ. ਅਸਗਰ ਅਲੀ ਇੰਜਨੀਅਰ

ਇਕ ਸਮਾਜਕ ਕਾਮੇ ਅਤੇ ਬੁੱਧੀਜੀਵੀ ਤੇ ਤੌਰ 'ਤੇ ਡਾਕਟਰ ਇੰਜਨੀਅਰ ਲਿਖਣ ਅਤੇ ਬੋਲਣ, ਦੋਵੇਂ ਸਮੇਂ ਸੌਖੀ ਤਰ੍ਹਾਂ ਸਮਝ ਆਉਣ ਵਾਲੀ ਭਾਸ਼ਾ ਹੀ ਵਰਤਦੇ ਸਨ। ਸ਼ੁਰੂ ਵਿਚ ਉਨ੍ਹਾਂ ਦੀ ਭਾਸ਼ਾ ਬਹੁਤ ਅਕਾਦਮਿਕ ਹੁੰਦੀ ਸੀ ਪਰ ਹੌਲੀ ਹੌਲੀ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਜੇ ਸਮਾਜਕ ਤਬਦੀਲੀ ਦੇ ਆਪਣੇ ਆਸ਼ੇ ਨੂੰ ਹਾਸਲ ਕਰਨਾ ਹੈ ਤਾਂ ਉਨ੍ਹਾਂ ਨੂੰ ਸਾਧਾਰਨ ਸ਼ਬਦਾਂ ਅਤੇ ਸੌਖੀ ਭਾਸ਼ਾ ਰਾਹੀਂ ਹੀ ਸਮਝਾਉਣਾ ਹੋਵੇਗਾ। ਕੀ ਅਸੀਂ ਇਮਾਨਦਾਰੀ ਭਰਪੂਰ ਪੱਕੇ ਇਰਾਦੇ ਨਾਲ ਸਮਾਜਕ ਤਬ-ਦੀਲੀ ਲਿਆਉਣ ਵਾਲੇ ਆਪਣੇ ਉਦੇਸ਼ ਵਾਸਤੇ ਕੰਮ ਕਰਨ ਲਈ ਤਿਆਰ ਹਾਂ। ਡਾ. ਇੰਜਨੀਅਰ ਅਕਸਰ ਕਿਹਾ ਕਰਦੇ ਸਨ ਕਿ ਸੱਚੀ ਆਜ਼ਾਦੀ ਵਾਸਤੇ ਇਸਦੇ ਹਾਣ ਦਾ ਵਾਤਾਵਰਨ ਜਰੂਰੀ ਹੈ। ਇਸ ਵਾਸਤੇ ਲਾਜ਼ਮੀ ਹੈ ਲੋਕ ਰਾਜ ਅਤੇ ਪੇਸ਼ਕਾਰੀ ਦੀ ਆਜ਼ਾਦੀ। ਉਹ ਲੋਕਤੰਤਰ, ਸੰਵਾਦ ਅਤੇ ਵੱਖੋ ਵੱਖ ਵਿਚਾਰਾਂ ਦੀ ਭਿੰਨਤਾ ਉੱਤੇ ਬਹੁਤ ਜ਼ੋਰ ਦਿੰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਨ੍ਹਾਂ ਤਿੰਨਾਂ ਤੋਂ ਬਿਨਾ ਅਸੀਂ ਨਾ ਤਾਂ ਇਕ ਦੂਜੇ ਨੂੰ ਸਮਝ ਸਕਾਂਗੇ, ਨਾ ਹੀ ਉਨ੍ਹਾਂ ਦੀਆਂ ਸਾਰੀਆਂ ਉਲਝਣਾਂ ਸਮੇਤ ਸੱਚ ਦੇ ਵੱਖੋ ਵੱਖ ਪਹਿਲੂਆਂ ਨੂੰ। ਜੇ ਅਸੀਂ ਸੱਚ ਤੱਕ ਪਹੁੰਚਣਾ ਚਾਹੁੰਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ ਅਸੀਂ ਆਪਣਾ ਦਿਮਾਗ ਖੁੱਲ੍ਹਾ ਰੱਖੀਏ ਅਤੇ ਅਤੇ ਦੂਜਿਆਂ ਦੇ ਵਿਚਾਰ ਧੀਰਜ ਨਾਲ ਸੁਣੀਏ। ਦੋ ਵਿਅਕਤੀਆਂ ਜਾਂ ਸਮੂਹਾਂ ਦੇ ਦਰਮਿਆਨ ਵਿਚਾਰਾਂ ਦੇ ਵਖਰੇਵਿਆਂ ਨੂੰ ਆਪਸੀ ਸੰਵਾਦ ਰਾਹੀਂ ਅਜਿਹੇ ਸਬੰਧ ਜਾਂ ਰਾਹ ਵਿਚ ਬਦਲਿਆ ਜਾ ਸਕਦਾ ਹੈ ਜਿਸ ਉੱਤੇ ਚੱਲ ਕੇ ਦੋਹਾਂ ਦੇ ਗਿਆਨ ਵਿਚ ਵਾਧਾ ਹੋਵੇਗਾ ਅਤੇ ਦੋਵੇਂ ਇਕ ਦੂਜੇ ਨੂੰ ਸਮਝ ਸਕਣਗੇ। ਉਹ ਇਸ ਗੱਲ ਉੱਤੇ ਬਹੁਤ ਜ਼ੋਰ ਦਿੰਦੇ ਸਨ ਕਿ ਜਿਨ੍ਹਾਂ ਨਾਲ ਸਾਡੇ ਵਿਚਾਰਾਂ ਦੇ ਕੁੱਝ ਵਖਰੇਵੇਂ ਹਨ ਉਨ੍ਹਾਂ ਨਾਲ ਸੰਵਾਦ ਰਚਾਉਣ ਵਲੋਂ ਸਾਨੂੰ ਕਦੇ ਵੀ ਪਿੱਛੇ ਨਹੀਂ ਹਟਣਾ ਚਾਹੀਦਾ। ਅਨੇਕਤਾ ਵੀ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਸੀ ਕਿਉਂਕਿ ਵੱਖੋ ਵੱਖਰੇ ਸੱਭਿਆਚਾਰ ਜੀਵਨ ਦੇ ਸਬੰਧ ਵਿਚ ਵੱਖੋ ਵੱਖਰੀ ਸੋਚ ਨੂੰ ਦਰਸਾਉਂਦੇ ਹਨ। ਕਿਉਂਕਿ ਹਰ ਸੱਭਿਆਚਾਰ ਮਨੁੱਖੀ ਸ਼ਕਤੀਆਂ ਅਤੇ ਭਾਵਨਾਵਾਂ ਦੇ ਸਿਰਫ ਇਕ ਹਿੱਸੇ ਨੂੰ ਪ੍ਰਗਟ ਕਰ ਸਕਦਾ ਹੈ। ਇਸ ਕਰਕੇ ਮਨੁੱਖ ਨੂੰ ਪੂਰਨ ਤੌਰ 'ਤੇ ਸਮਝਣ ਵਾਸਤੇ ਹਰ ਸੱਭਿਆਚਾਰ ਨੂੰ ਦੂਜੇ ਸੱਭਿਅਚਾਰ ਵਲੋਂ ਮਦਦ ਦੀ ਲੋੜ ਪੈਂਦੀ ਹੈ। ਦੂਜੇ ਸੱਭਿਆਚਾਰਾਂ ਨੂੰ ਸਮਝਣ ਨਾਲ ਸਾਡੇ ਬੌਧਿਕ ਅਤੇ ਨੈਤਿਕ ਪੱਧਰ ਦਾ ਵਿਸਥਾਰ ਹੁੰਦਾ ਹੈ ਅਤੇ ਅਸੀਂ ਅੰਤਰਮੁਖੀ ਹੋਣ ਤੋਂ ਬਚੇ ਰਹਿੰਦੇ ਹਾਂ। ਅਸੀਂ ਇਸ ਪੱਕ ਚੁੱਕੀ ਮਿੱਥ ਜਾਂ ਘੁਮੰਡ ਤੋਂ ਵੀ ਬਚੇ ਰਹਿੰਦੇ ਹਾਂ ਕਿ ਸਾਡਾ ਸੱਭਿਆਚਾਰ ਉੱਤਮ ਹੈ। ਇਸਦਾ ਇਹ ਮਤਲਬ ਨਹੀਂ ਕਿ ਅਸੀਂ ਆਪਣੇ ਸੱਭਿਆਚਾਰ ਦੇ ਅੰਦਰ ਚੰਗਾ ਜੀਵਨ ਨਹੀਂ ਜੀਉ ਸਕਦੇ। ਇਸਦਾ ਅਰਥ ਸਿਰਫ ਇਹ ਹੈ ਕਿ ਹੋਰ ਚੀਜ਼ਾਂ ਦੇ ਬਰਾਬਰ ਜਾਣਕਾਰੀ ਹੋਣ ਕਰਕੇ ਜੀਵਨ ਜੀਉਣ ਦਾ ਸਾਡਾ ਤਰੀਕਾ/ਵਿਹਾਰ ਹੋਰ ਮਹੱਤਵਪੂਰਨ ਹੋਵੇਗਾ ਜਦੋਂ ਸਾਨੂੰ ਜੀਵਨ ਜੀਊਣ ਦੇ ਦੂਸਰੇ ਢੰਗ ਤਰੀਕਿਆਂ ਦੀ ਵੀ ਸਮਝ ਅਤੇ ਜਾਣਕਾਰੀ ਹੋਵੇਗੀ। ਉਂਜ ਵੀ ਅੱਜ ਦੀ ਆਧੁਨਿਕ ਅਤੇ ਆਪਸੀ ਨਿਰਭਰਤਾ ਵਾਲੀ ਦੁਨੀਆਂ ਅੰਦਰ ਕਿਸੇ ਵੀ ਇਨਸਾਨ ਲਈ ਸ਼ਾਇਦ ਹੀ ਸੰਭਵ ਹੋਵੇ ਕਿ ਉਹ ਆਪਣੇ ਸੱਭਿਆਚਾਰ ਦੀ ਚਾਰਦੀਵਾਰੀ ਵਿਚ ਬੰਦ ਰਹਿ ਸਕੇ। ਕੋਈ ਵੀ ਸੱਭਿਆਚਾਰ ਬਿਲਕੁੱਲ ਬੇਕਾਰ ਨਹੀਂ ਹੁੰਦਾ। ਹਰ ਸੱਭਿਆਚਾਰ ਸਾਡੇ ਸਨਮਾਨ ਦਾ ਹੱਕਦਾਰ ਇਸ ਕਰਕੇ ਬਣ ਜਾਂਦਾ ਹੈ ਕਿਉਂਕਿ ਉਹ ਉਸ ਨੂੰ ਮੰਨਣ ਵਾ-ਲਿਆਂ ਵਾਸਤੇ ਮਹ-ੱਤਵਪੂਰਨ ਹੈ ਅਤੇ ਉਸਦੇ ਅੰਦਰ ਰਚਨਾਤਮਿਕ ਸ਼ਕਤੀ ਹੈ। ਉਹ (ਪਿਤਾ ਜੀ) ਇਹ ਵੀ ਮੰਨਦੇ ਸਨ ਕਿ ਕੋਈ ਵੀ ਸੱਭਿਆਚਾਰ ਆਪਣੇ ਆਪ ਵਿਚ ਸੰਪੂਰਨ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਇਕ ਸੱਭਿਆਚਾਰ ਨੂੰ ਦੂਜੇ 'ਤੇ ਲੱਦਿਆ ਜਾਣਾ ਚਾਹੀਦਾ ਹੈ। ਸੱਭਿਆਚਾਰਾਂ ਵਿਚ ਤਬਦੀਲੀ ਉਨ੍ਹਾਂ ਦੇ ਅੰਦਰੋਂ ਹੀ ਹੋਣੀ ਚਾਹੀਦੀ ਹੈ।



ਇਰਫਾਨ ਇੰਜਨੀਅਰ

ਜਿਸ ਇਨਸਾਨ ਨੇ ਸੱਚ ਨੂੰ ਪਾ ਲਿਆ ਹੋਵੇ ਉਸਦੇ ਵਾਸਤੇ ਬਹੁਤ ਜ਼ਰੂਰੀ ਹੈ ਕਿ ਉਹ ਨਿਮਰਤਾ ਭਰਪੂਰ ਹੋਵੇ। ਡਾਕਟਰ ਇੰਜਨੀਅਰ ਬਹੁਤ ਹੀ ਨਿਮਰਤਾ ਵਾਲੇ ਇਨਸਾਨ ਸਨ। ਜਿਨ੍ਹਾਂ ਦਿਨਾਂ ਵਿਚ ਉਹ ਆਪਣੇ ਦਫਤਰ ਤੋਂ ਘਰ ਤੱਕ ਪੈਦਲ ਆਇਆ ਕਰਦੇ ਸਨ, ਅਕਸਰ ਉਨ੍ਹਾਂ ਨੂੰ ਕੋਈ ਵੀ ਅਣਜਾਣ ਵਿਅਕਤੀ ਰੋਕ ਲੈਂਦਾ ਸੀ। ਉਹ ਕੋਈ ਸਾਧਾਰਨ ਵਿਅਕਤੀ ਹੀ ਹੁੰਦਾ ਸੀ, ਉਹ ਡਾਕਟਰ ਇੰਜਨੀਅਰ ਨਾਲ ਕਿਸੇ ਵੀ ਵਿਸ਼ੇ 'ਤੇ ਚਰਚਾ ਸ਼ੁਰੂ ਕਰ ਦਿੰਦਾ ਉਹ ਆਪਣੇ ਸ਼ੰਕਿਆਂ ਦੀ ਨਵਿਰਤੀ ਕਰਦਾ ਜਾਂ ਕਦੀ ਕਦੀ ਉਨ੍ਹਾਂ ਨਾਲ ਬਹਿਸ ਵੀ ਕਰਦਾ। ਉਹ ਉਸ ਵਿਅਕਤੀ ਨਾਲ ਘੰਟਿਆਂ ਬੱਧੀ ਵਿਚਾਰ-ਵਟਾਂਦਰਾ ਕਰਦੇ ਰਹਿੰਦੇ। ਮੇਰੇ ਪੈਰ ਦੁਖਣ ਲੱਗ ਪੈਂਦੇ ਪਰ ਡਾ. ਇੰਜਨੀਅਰ ਉਦੋਂ ਤੱਕ ਚਰਚਾ ਜਾਰੀ ਰੱਖਦੇ ਸਨ ਜਦੋਂ ਤੱਕ ਉਹ ਸੱਜਣ ਪੂਰੀ ਤਰ੍ਹਾਂ ਸੰਤੁਸ਼ਟ ਨਾ ਹੋ ਜਾਵੇ ਜਾਂ ਫੇਰ ਮੈਦਾਨ ਛੱਡਣ ਦਾ ਫੈਸਲਾ ਨਾ ਕਰ ਲਵੇ। ਬਾਅਦ ਵਿਚ ਜਦੋਂ ਮੈਂ ਉਨ੍ਹਾਂ ਤੋਂ ਪੁੱਛਦਾ ਕਿ ਉਨ੍ਹਾਂ ਨੇ ਕਿਸੇ ਅਜਨਬੀ 'ਤੇ ਆਪਣਾ ਸਮਾਂ ਬਰਬਾਦ ਕਿਉਂ ਕੀਤਾ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਦੁਨੀਆਂ ਵਿਚ ਹਰ ਵਿਅਕਤੀ ਮਹੱਤਵਪੂਰਨ ਹੁੰਦਾ ਹੈ। ਡਾ. ਇੰਜਨੀਅਰ ਬਹੁਤ ਹੀ ਸੁਚੇਤ ਅਤੇ ਸਹਿਜ ਸਨ ਕਿ ਕੋਈ ਵੀ ਵਿਅਕਤੀ ਦਿਨ ਹੋਵੇ ਭਾਵੇਂ ਰਾਤ, ਆਪਣੇ ਸਵਾਲਾਂ ਜਾਂ ਪੈਦਾ ਹੋਈਆਂ ਉਲਝਣਾਂ (ਸ਼ੰਕਿਆਂ) ਨੂੰ ਦੂਰ ਕਰਨ ਵਾਸਤੇ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਸੀ। ਉਹ ਉਨ੍ਹਾਂ ਈਮੇਲਾਂ ਵਿਚ ਆਏ ਸੁਨੇਹਿਆਂ ਦਾ ਵੀ ਜਵਾਬ ਦਿੰਦੇ, ਜਿਨ੍ਹਾਂ ਵਿਚ ਉਨ੍ਹਾਂ ਨੂੰ ਗਾਲ਼ਾਂ ਕੱਢੀਆਂ ਹੁੰਦੀਆਂ ਸਨ। ਉਹ ਆਪਣੇ ਹਰ ਵਿਰੋਧੀ ਨਾਲ ਅਤਿਅੰਤ ਧੀਰਜ ਨਾਲ ਦਲੀਲ ਸਹਿਤ ਵਿਚਾਰ ਕਰਨ ਦੇ ਸਮਰੱਥ ਸਨ। ਉਨ੍ਹਾਂ ਦੀ ਨਿਮਰਤਾ ਦੇ ਕਾਰਨ ਕਈ ਕੱਟੜ ਕਿਸਮ ਦੇ ਲੋਕ ਵੀ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਸਨ।

ਨਿਮਰਤਾ ਉਨ੍ਹਾਂ ਦਾ ਕੁਦਰਤੀ ਗੁਣ ਸੀ ਅਤੇ ਉਹ ਸੱਚ ਦੇ ਸਿੱਕੇ ਦਾ ਦੂਸਰਾ ਪਾਸਾ ਵੀ ਸੀ ਅਤੇ ਇਸ ਦੇ ਨਾਲ ਹੀ ਇਹ ਉਨ੍ਹਾਂ ਵਲੋਂ ਵਿਰੋਧੀਆਂ ਦਾ ਦਿਲ ਜਿੱਤਣ ਵਾਲਾ ਹਥਿਆਰ ਵੀ ਸੀ। ਉਨ੍ਹਾਂ ਨੇ ਕਈ ਮੌਕਿਆਂ 'ਤੇ ਚਣੌਤੀ ਭਰੀਆਂ ਹਾਲਤਾਂ ਵਿਚ ਆਪਣੇ ਵਲੋਂ ਅਮਨ ਵਾਸਤੇ ਵਰਕਸ਼ਾਪਾਂ (ਗੋਸ਼ਟੀਆਂ ਬਗੈਰਾ) ਦਾ ਪ੍ਰਬੰਧ ਵੀ ਕੀਤਾ ਸੀ। ਉਸ ਸਮੇਂ ਤਾਂ ਹਾਲਾਤ ਬਹੁਤ ਖਰਾਬ ਹੁੰਦੇ ਸਨ ਤੇ ਸਹੂਲਤਾਂ ਇੰਨੀਆਂ ਘੱਟ ਕਿ ਕੋਈ ਸੱਭਿਆ ਵਿਅਕਤੀ ਸ਼ਾਇਦ ਹੀ ਉੱਥੇ ਠਹਿਰਦਾ। ਪਰ ਉਹ ਨਾ ਕੇਵਲ ਉੱਥੇ ਅਟਕਦੇ ਸਨ ਸਗੋਂ ਉਤਸ਼ਾਹਪੂਰਨ ਕੰਮ ਵੀ ਕਰਦੇ ਸਨ। ਉਨ੍ਹਾਂ ਲਈ ਵਿਅਕਤੀ ਮਹੱਤਵਪੂਰਨ ਸੀ ਨਾ ਕਿ ਸੁਖ-ਸਹੂਲਤਾਂ ਅਤੇ ਆਰਾਮ। ਉਹ ਸੌਖਿਆਂ ਹੀ ਲੋਕਾਂ 'ਤੇ ਵਿਸ਼ਵਾਸ ਕਰ ਲੈਂਦੇ ਸਨ, ਖਾਸ ਕਰਕੇ ਲੋੜਵੰਦਾਂ 'ਤੇ। ਉਨ੍ਹਾਂ ਦੇ ਮਨ ਵਿਚ ਲੋੜਵੰਦਾਂ, ਅਨਿਆਂ ਦੇ ਸ਼ਿਕਾਰ ਵਿਅਕਤੀਆਂ ਅਤੇ ਦੁੱਖ ਭੋਗ ਰਹੇ ਲੋਕਾਂ ਨਾਲ ਹਮਦਰਦੀ ਅਤੇ ਰਹਿਮਦਿਲੀ ਵਾਲਾ ਡੂੰਘਾ ਆਦਰ ਭਰਿਆ ਵਿਹਾਰ ਰਹਿੰਦਾ ਸੀ।

ਨਿਆਂ ਦੇ ਨਾਲ ਹੀ ਅਮਨ ਇਕ ਹੋਰ ਬਹੁਤ ਮਹੱਤਵਪੂਰਨ ਮੁੱਦਾ ਸੀ ਜਿਸ ਨਾਲ ਡਾਕਟਰ ਇੰਜਨੀਅਰ ਦੀ ਪੂਰਨ ਪ੍ਰਤੀਬੱਧਤਾ ਸੀ। ਉਨ੍ਹਾਂ ਦੀ ਸਪਸ਼ਟ ਧਾਰਨਾ ਸੀ ਕਿ ਇਨਸਾਫ ਤੋਂ ਬਿਨਾਂ ਅਮਨ ਨਹੀਂ ਹੋ ਸਕਦਾ, ਅਤੇ ਇਨਸਾਫ ਤੋਂ ਉਨ੍ਹਾਂ ਦਾ ਅਰਥ ਸਿਰਫ ਇਹ ਨਹੀਂ ਹੁੰਦਾ ਸੀ ਕਿ ਕਿਸੇ ਵਿਅਕਤੀ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਮਿਲੇ ਅਤੇ ਹੋਏ ਨੁਕਸਾਨ ਦੀ ਭਰਪਾਈ ਵੀ ਹੋਵੇ। ਉਨ੍ਹਾਂ ਵਾਸਤੇ ਇਨਸਾਫ ਦਾ ਅਰਥ ਇਹ ਵੀ ਸੀ ਕਿ ਸਮਾਜ ਵਿਚ ਜੋ ਵੀ ਸਾਧਨ ਹਨ ਉਨ੍ਹਾਂ ਦੀ ਨਿਆਂ ਪੂਰਨ ਵੰਡ ਹੋਵੇ ਅਤੇ ਅਤੇ ਜਮਾਤੀ ਨਾ-ਬਰਾਬਰੀ ਨਾ ਰਹੇ। ਅਮਨ ਕਾਇਮ ਕਰਨ ਵਾਲੇ ਸਮੇਂ ਆਪਣੇ ਕੰਮ ਦੇ ਦੌਰਾਨ ਉਨ੍ਹਾਂ ਨੇ ਫਿਰਕਾਪ੍ਰਸਤੀ ਵਾਲੇ ਵਿਵਾਦਾਂ ਦਾ ਡੂੰਘਾਈ ਨਾਲ ਅਧਿਅਨ ਕੀਤਾ ਅਤੇ ਉਹ ਇਸ ਨਤੀਜੇ ਉੱਤੇ ਪਹੁੰਚੇ ਕਿ ਫਿਰਕਾਪ੍ਰਸਤੀ ਦੀਆਂ ਜੜ੍ਹਾਂ ਵਿਚ ਸਮਾਜਕ, ਆਰਥਕ ਅਤੇ ਰਾਜਨੀਤਕ ਨਾਬਰਾਬਰੀ (ਪਾੜਾ) ਹੈ। ਉਨ੍ਹਾਂ ਨੇ ਫਿਰਕਾਪ੍ਰਸਤ ਹਿੰਸਾ ਅਤੇ ਵਿਵਾਦਾਂ ਉੱਪਰ ਬਹੁਤ ਕੁੱਝ ਲਿਖਿਆ। ਉਨ੍ਹਾਂ ਦਾ ਹਮੇਸ਼ਾ ਇਹ ਕਹਿਣਾ ਸੀ ਕਿ ਭਾਵੇਂ ਫਿਰਕਾਪ੍ਰਸਤ ਹਿੰਸਾ ਨੂੰ ਭੜਕਾਉਣ ਵਾਸਤੇ ਧਰਮ ਦੀ ਵਰਤੋਂ ਇਕ ਹਥਿਆਰ ਵਜੋਂ ਕੀਤੀ ਜਾਂਦੀ ਹੈ, ਪਰ ਧਰਮ ਫਿਰਕਾਪ੍ਰਸਤ ਹਿੰਸਾ ਦਾ ਬੁਨਿਆਦੀ ਕਾਰਨ ਨਹੀਂ ਹੈ। ਫਿਰਕਾਪ੍ਰਸਤ ਸੰਘਰਸ਼ ਦਾ ਅਸਲੀ ਕਾਰਨ ਹੈ ਦੋਹਾਂ ਫਿਰਕਿਆਂ ਦੇ ਉੱਪਰਲੇ ਤਬਕੇ ਦਾ ਰਾਜ ਸਮੇਤ ਸਮਾਜਕ, ਆਰਥਕ ਸੰਸਥਾਵਾਂ ਉੱਤੇ ਆਪਣਾ ਕਬਜ਼ਾ ਕਾਇਮ ਕਰਨ ਦੀ ਕੋਸ਼ਿਸ਼। ਧਰਮ ਦੀ ਵਰਤੋਂ ਤਾਂ ਸਿਰਫ ਭੋਲ਼ੇ-ਭਾਲ਼ੇ ਲੋਕਾਂ ਨੂੰ ਭੜਕਾਉਣ ਵਾਸਤੇ ਕੀਤੀ ਜਾਂਦੀ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਸੀ ਕਿ ਘੱਟਗਿਣਤੀਆਂ ਦੇ ਖਿਲਾਫ ਪਹਿਲਾਂ ਤੋਂ ਪ੍ਰਚਾਰੇ ਗਏ ਝੂਠ ਤੋਂ ਬਿਨਾਂ ਫਿਰਕਾਪ੍ਰਸਤ ਹਿੰਸਾ ਨਹੀਂ ਭੜਕ ਸਕਦੀ। ਘੱਟਗਿਣਤੀਆਂ ਦੇ ਖਿਲਾਫ ਪਰਚਾਰਿਆ ਜਾਣ ਵਾਲਾ ਝੂਠ ਉਹ ਬੁਨਿਆਦ ਹੈ ਜਿਸ ਉੱਤੇ ਫਿਰਕਾਪ੍ਰਸਤੀ ਦੀ ਇਮਾਰਤ ਖੜ੍ਹੀ ਕੀਤੀ ਜਾਂਦੀ ਹੈ। ਡਾਕਟਰ ਇੰਜਨੀਅਰ ਨੇ ਬਹੁਤ ਕਰੜੀ ਮਿਹਨਤ ਨਾਲ ਅਜਿਹੇ ਤੱਥ ਅਤੇ ਅੰਕੜੇ ਇਕੱਠੇ ਕੀਤੇ ਜਿਨ੍ਹਾਂ ਦੀ ਸਹਾਇਤਾ ਨਾਲ ਘੱਟਗਿਣਤੀਆਂ ਦੇ ਸਬੰਧ ਵਿਚ ਘੜੇ ਜਾਂ ਪ੍ਰਚਾਰੇ ਗਏ ਝੂਠੇ ਦੋਸ਼ਾਂ ਨੂੰ ਦੂਰ ਕੀਤਾ ਜਾ ਸਕੇ। ਕਈ ਲੋਕਾਂ ਨੇ ਮਿਲ ਕੇ ਜਾਂ ਚਿੱਠੀ-ਪੱਤਰ ਰਾਹੀਂ ਮੈਨੂੰ ਇਹ ਦੱਸਿਆ ਕਿ ਕਿਸ ਤਰ੍ਹਾਂ ਡਾਕਟਰ ਇੰਜਨੀਅਰ ਵਲੋਂ ਕੀਤੀਆਂ ਗਈਆਂ ਵਰਕਸ਼ਾਪਾਂ/ਗੋਸ਼ਟੀਆਂ ਵਿਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਦੀ ਸੋਚ/ਰਵੱਈਆ ਬਦਲ ਗਿਆ।

ਹਰਿਆਣਾ ਦੇ ਇਕ ਪੁਲੀਸ ਅਧਿਕਾਰੀ ਮੈਨੂੰ ਉਦੋਂ ਮਿਲੇ ਜਦੋਂ ਡਾ. ਇੰਜਨੀਅਰ ਆਈ ਸੀ ਯੂ ਵਿਚ ਸਨ ਅਤੇ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਡਾ. ਇੰਜਨੀਅਰ ਵਲੋਂ ਲਾਈ ਵਰਕਸ਼ਾਪ ਵਿਚ ਭਾਗ ਲੈਣ ਤੋਂ ਬਾਅਦ ਮੁਸਲਮਾਨਾਂ ਪ੍ਰਤੀ ਉਨ੍ਹਾਂ ਦੀ ਸੋਚ ਬਿਲਕੁੱਲ ਬਦਲ ਗਈ, ਉਸ ਦਿਨ ਤੋਂ ਬਾਅਦ ਉਨ੍ਹਾਂ ਨੇ ਮੁਸਲਮਾਨਾਂ ਨਾਲ ਨਫਰਤ ਕਰਨੀ ਬਿਲਕੁੱਲ ਛੱਡ ਦਿੱਤੀ। ਇਸ ਤੋਂ ਵੀ ਮਹੱਤਵਪੂਰਨ ਇਹ ਕਿ ਉਸਨੇ ਇਸ ਤਰ੍ਹਾਂ ਦੇ ਮੂਰਖਤਾ-ਪੂਰਨ, ਝੂਠ ਫੈਲਾਉਣ ਵਾਲੇ ਪ੍ਰਚਾਰ ਉੱਤੇ ਵਿਸ਼ਵਾਸ ਕਰਨਾ ਬੰਦ ਕਰ ਦਿੱਤਾ ਕਿ ਔਰੰਗਜ਼ੇਬ ਉਦੋਂ ਹੀ ਖਾਣਾ ਖਾਂਦਾ ਸੀ ਜਦੋਂ ਉਸਦੇ ਸਾਹਮਣੇ ਜਨੇਊ ਪਹਿਨੇ ਹੋਏ ਵੀਹ ਬ੍ਰਾਹਮਣਾਂ ਦੀਆਂ ਲਾਸ਼ਾਂ ਰੱਖ ਦਿੱਤੀਆਂ ਜਾਂਦੀਆਂ ਸਨ। ਆਪਣੀ ਖੋਜ-ਪੜਤਾਲ ਅਤੇ ਅਧਿਅਨ ਦੇ ਅਧਾਰ 'ਤੇ ਡਾਕਟਰ ਇੰਜਨੀਅਰ ਇਸ ਸਿੱਟੇ 'ਤੇ ਵੀ ਪਹੁੰਚੇ ਕਿ ਧਰਮਾਂ ਨੂੰ ਮੁੱਲਾਂ-ਪੰਡਿਤਾਂ ਦੇ ਪੰਜਿਆਂ ਵਿੱਚੋਂ ਮੁਕਤ ਕਰਵਾ ਕੇ ਆਮ ਲੋਕਾਂ ਦੇ ਹੱਥਾਂ ਵਿਚ ਦੇਣ ਨਾਲ ਧਰਮ ਨੂੰ ਨਵਾਂ ਜੀਵਨ ਮਿਲੇਗਾ। ਇਸ ਨਾਲ ਆਮ ਲੋਕ ਆਪੋ ਆਪਣੇ ਧਰਮ ਦੇ ਉਨ੍ਹਾਂ ਪੱਖਾਂ ਬਾਰੇ ਵੀ ਜਾਣ ਸਕਣਗੇ ਜਿਨ੍ਹਾਂ ਨੂੰ ਮੌਲਵੀਆਂ ਅਤੇ ਪੰਡਿਤਾਂ ਨੇ ਉਨ੍ਹਾਂ ਤੋਂ ਹੁਣ ਤੱਕ ਲੁਕੋ ਰੱਖਿਆ ਹੈ। ਫੇਰ ਧਰਮ ਇਕ ਅਜਿਹੀ ਨੈਤਿਕ ਸ਼ਕਤੀ ਬਣ ਸਕੇਗਾ ਜਿਸ ਦੀ ਵਰਤੋਂ ਪੀੜਤ ਵਰਗ ਅਨਿਆਂ ਨਾਲ ਲੜਨ ਅਤੇ ਅੱਤਿਆਚਾਰ ਵਾਲੀ ਜਿਉਂ ਦੀ ਤਿਉਂ ਸਥਿਤੀ ਵਾਲੇ ਪ੍ਰਬੰਧ ਨੂੰ ਬਦਲਣ ਲਈ ਕਰ ਸਕਣਗੇ। ਉਨ੍ਹਾਂ ਲਈ ਅਜਿਹਾ ਧਰਮ ਅਰਥਹੀਣ ਸੀ ਜੋ ਆਪਣੇ ਪੈਰੋਕਾਰਾਂ ਨੂੰ ਬਣੀ ਹੋਈ ਸਥਿਤੀ ਨੂੰ ਬਦਲਣ ਦੀ ਪ੍ਰੇਰਨਾ ਨਹੀਂ ਦਿੰਦਾ, ਜਿਹੜਾ ਉਨ੍ਹਾਂ ਨੂੰ ਧਾਰਮਿਕ ਸਿਖਿਆਵਾਂ ਦੀ ਪੁਨਰ ਵਿਆਖਿਆ ਕਰਨ ਦੀ ਇਜਾਜ਼ਤ ਨਹੀਂ ਦਿੰਦਾ, ਜੋ ਉਨ੍ਹਾਂ ਨੂੰ ਬਗਾਵਤ ਕਰਨ ਤੋਂ ਰੋਕਦਾ ਹੈ। ਉਨ੍ਹਾਂ ਨੇ ਖੱਬੇ ਪੱਖੀ ਵਿਚਾਰਵਾਨਾਂ ਦੀ ਇਸ ਮਾਨਤਾ ਨੂੰ ਵੀ ਚੁਣੌਤੀ ਦਿੱਤੀ ਕਿ ਕਿ ਧਰਮ ਆਮ ਲੋਕਾਂ ਲਈ ਅਫੀਮ ਹੈ। ਉਨ੍ਹਾਂ ਨੇ ਮਾਰਕਸ ਦੀ ਵਿਆਖਿਆ ਕਰਦਿਆਂ ਲਿਖਿਆ ਕਿ ਮਾਰਕਸ ਲਈ ਵੀ ਧਰਮ ਸਿਰਫ ਅਫੀਮ ਨਹੀਂ ਸੀ ਉਨ੍ਹਾਂ ਲਈ ਉਹ ਪੀੜਤ ਮਨੁੱਖ ਦੀ ਆਹ ਵੀ ਸੀ।

ਡਾ. ਇੰਜਨੀਅਰ ਲਿੰਗ ਅਧਾਰਤ ਨਿਆਂ ਅਤੇ ਬਰਾਬਰੀ ਖਾਸ ਕਰਕੇ ਮੁਸਲਿਮ ਔਰਤਾਂ ਦੇ ਮਾਮਲੇ ਵਿਚ ਵੱਡੇ ਹਮਾਇਤੀ ਸਨ। ਉਨ੍ਹਾਂ ਨੇ ਇਸਲਾਮ, ਕੁਰਾਨ, ਇਸਲਾਮ ਦੇ ਇਤਿਹਾਸ ਅਤੇ ਇਸਲਾਮੀ ਵਿਧੀਸ਼ਾਸਤਰ ਦੇ ਆਪਣੇ ਡੂੰਘੇ ਅਧਿਅਨ ਦੀ ਵਰਤੋਂ ਮੁਸਲਿਮ ਔਰਤਾਂ ਦੀ ਭਲਾਈ ਕਰਨ ਵਾਸਤੇ ਕੀਤੀ। ਉਨ੍ਹਾਂ ਦੇ ਅਨੁਸਾਰ ਕੁਰਾਨ ਦੀ ਸੂਰਾਨਿਸਾਅ ਵਿਚ ਸਿਰਫ ਔਰਤਾਂ ਦੇ ਅਧਿਕਾਰਾਂ ਦੀ ਗੱਲ ਕੀਤੀ ਗਈ ਹੈ,

(ਬਾਕੀ ਸਫਾ 22 'ਤੇ)

### ਸੰਯੁਕਤ ਰਾਸਟਰ ਸੰਘ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼

# 24 ਅਕਤੂਬਰ 1945 ਨੂੰ ਅਮਰੀਕਾ ਦੇ ਸਾਨ ਫਰਾਂਸਿਸਕੋ ਵਿੱਚ 50 ਦੇਸ਼ਾਂ ਨੇ ਮਿਲਕੇ ਸੰਯੁਕਤ ਰਾਸ਼ਟਰ ਸੰਘ ਦਾ ਅਪਨਾ ਸੰਵਿਧਾਨ ਬਣਾਇਆ ਸੀ



ਕੁਲਦੀਪ ਚੰਦ
91-94175-63054

ਸੰਯੁਕਤ ਰਾਸ਼ਟਰ ਇੱਕ ਅੰਤਰਰਾਸਟਰੀ ਸੰਗਠਨ ਹੈ ਜਿਸਦੀ ਸਥਾਪਨਾ ਅੱਜ ਦੇ ਦਿਨ 24 ਅਕਤੂਬਰ, 1945 ਨੂੰ ਹੋਈ ਸੀ। 19ਵੀਂ ਸਦੀ ਵਿੱਚ ਯੂਰਪ ਦੇ ਕਈ ਦੇਸ਼ਾਂ ਵਿੱਚ ਮਹਾਂਯੁੱਧ ਹੋਇਆ ਜਿਸਨੂੰ ਪਹਿਲਾ ਵਿਸ਼ਵ ਯੁੱਧ ਕਿਹਾ ਜਾਂਦਾ ਹੈ ਜੋਕਿ 1914 ਤੋਂ ਲੈਕੇ 1918 ਤੱਕ ਚੱਲਿਆ। ਇਸ ਮਹਾਂਯੁੱਧ ਵਿੱਚ ਜੋ ਦੇਸ਼ ਸ਼ਾਮਿਲ ਸਨ ਉਨ੍ਹਾਂ ਦਾ ਤਾਂ ਨੁਕਸਾਨ ਹੋਇਆ ਹੀ ਪਰ ਜਿਹੜੇ ਦੇਸ ਇਸ ਯੁੱਧ ਵਿੱਚ ਸ਼ਾਮਿਲ ਨਹੀਂ ਸਨ ਉਨ੍ਹਾਂ ਨੂੰ ਵੀ ਕਈ ਤਰਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਯੁੱਧ ਕਾਰਨ ਹੋਣ ਵਾਲੀ ਤਬਾਹੀ ਨੂੰ ਵੇਖਦੇ ਹੋਏ ਅਤੇ ਭਵਿੱਖ ਵਿੱਚ ਇਸ ਤਬਾਹੀ ਤੋਂ ਬਚਣ ਲਈ ਇੱਕ ਅੰਤਰਰਾਸਟਰੀ ਸੰਸਥਾ ਲੀਗ ਆਫ ਨੇਸ਼ਨਜ਼ ਬਣਾਉਣ ਦਾ ਫੈਸਲਾ ਕੀਤਾ ਗਿਆ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ 28 ਜੂਨ 1919 ਨੂੰ ਫਰਾਂਸ ਵਿੱਚ ਹੋਏ ਸਮਝੋਤੇ ਅਤੇ ਦਸਤਖਤਾਂ ਤੋਂ ਬਾਦ ਹੋਈ। ਲੀਗ ਆਫ ਨੇਸ਼ਨਜ਼ ਦੀ ਸਥਾਪਨਾ ਤੋਂ ਬਾਦ ਦੋ ਦਹਾਕਿਆਂ ਤੱਕ ਬਹੁਤ ਹੀ ਕੰਮ ਕੀਤਾ ਗਿਆ। ਇਸਦਾ ਮੁੱਖ ਉਦੇਸ਼ ਅੰਤਰਰਾਸਟਰੀ ਝਗੜਿਆਂ ਨੂੰ ਸੁਲਝਾਉਣਾ ਸੀ। ਇਸ ਕੋਲ ਅਪਣੇ ਫੈਸਲੇ ਮਨਵਾਉਣ ਲਈ ਅਪਣੀ ਕੋਈ ਵੀ ਸੈਨਿਕ ਸ਼ਕਤੀ ਨਹੀਂ ਸੀ। ਇਸ ਦੀਆਂ ਕੋਸ਼ਿਸ਼ਾਂ ਦੇ ਬਾਬਜੂਦ ਵੀ ਕੁੱਝ ਦੇਸਾਂ ਦੇ ਝਗੜੇ ਨਿਪਟਾਉਣ ਵਿੱਚ ਇਹ ਨਾਕਾਮ ਰਿਹਾ ਅਤੇ ਸਾਲ 1939 ਵਿੱਚ ਦੂਜਾ ਵਿਸ਼ਵ ਯੁੱਧ ਲੱਗ ਗਿਆ ਜੋਕਿ 1939 ਤੋਂ 1945 ਤੱਕ ਚੱਲਿਆ। ਇਸ ਯੁੱਧ ਵਿੱਚ ਬਹੁਤ ਹੀ ਜਿਆਦਾ ਨੁਕਸਾਨ ਹੋਇਆ। ਜਰਮਨੀ ਦੇ ਸ਼ਾਸ਼ਕ ਹਿਟਲਰ ਅਤੇ ਉਸਦੇ ਸਾਥੀਆਂ ਨੇ ਇਸ ਸੰਸਥਾ ਲੀਗ ਆਫ ਨੇਸ਼ਨਜ਼ ਦਾ ਵਾਜੂਦ ਹੀ ਖਤਮ ਕਰ ਦਿੱਤਾ। ਅਮਰੀਕਾ ਦੁਆਰਾ ਜਪਾਨ ਦੇ ਸ਼ਹਿਰਾਂ ਨਾਗਾਸਾਕੀ ਅਤੇ ਹਿਰੋਸ਼ੀਮਾ ਤੇ ਕੀਤੇ ਗਏ ਅਣੂ ਬੰਬ ਹਮਲਿਆਂ ਨਾਲ ਭਿਆਕਰ ਤਬਾਹੀ ਹੋਈ। ਇਸ ਤਰਾਂ ਦੀ ਤਬਾਹੀ ਨੂੰ ਵੇਖਕੇ ਕਈ ਰਾਸ਼ਟਰਾਂ ਨੇ ਮਿਲਕੇ ਬੈਠਕ ਕੀਤੀ ਅਤੇ ਵਿਸ਼ਵ ਸ਼ਾਂਤੀ ਲਈ ਯੋਜਨਾ ਬਣਾਈ। 25 ਅਪ੍ਰੈਲ, 1945 ਨੂੰ ਸੈਨ ਫਰਾਂਸਿਸਕੋ ਵਿੱਚ ਸੰਯੁਕਤ ਰਾਸ਼ਟਰ ਸੰਮੇਲਨ ਹੋਇਆ ਅਤੇ 24 ਅਕਤੂਬਰ 1945 ਨੂੰ ਅਧਿਕਾਰਤ ਤੋਰ ਤੇ ਸੰਯੁਕਤ ਰਾਸ਼ਟਰ ਬਣਾਇਆ ਗਿਆ। ਅਮਰੀਕਾ ਦੇ ਰਾਸ਼ਟਰਪਤੀ ਰੂਜ਼ਵੇਲਟ, ਇੰਗਲੈਂਡ ਦੇ ਪ੍ਰਧਾਨ ਮੰਤਰੀ ਚਰਚਿਲ ਅਤੇ ਰੂਸ ਦੇ ਆਗੂ ਸਟਾਲਿਨ ਦੀਆਂ ਅਣਥੱਕ ਕੋਸ਼ਿਸਾਂ ਸਦਕਾ ਹੀ 24 ਅਕਤੂਬਰ 1945 ਨੂੰ ਅਮਰੀਕਾ ਦੇ ਸਾਨ ਫਰਾਂਸਿਸਕੋ ਵਿੱਚ 50 ਦੇਸ਼ਾਂ ਨੇ ਮਿਲਕੇ ਸੰਯੁਕਤ ਰਾਸ਼ਟਰ ਸੰਘ ਦਾ ਅਪਨਾ ਸੰਵਿਧਾਨ ਬਣਾਇਆ ਜਿਸਦਾ ਮੁੱਖ ਉਦੇਸ਼ ਵੱਖ ਵੱਖ ਦੇਸ਼ਾਂ ਵਿੱਚ ਸ਼ਾਂਤਮਈ ਸਬੰਧ ਕਾਇਮ ਰੱਖਣਾ ਅਤੇ ਉਨ੍ਹਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਹਿਯੋਗ ਕਰਨਾ ਰੱਖਿਆ ਗਿਆ। ਇਸਦੇ ਸੰਵਿਧਾਨ ਅਨੁਸਾਰ ਇਸਦਾ ਮੁੱਖ ਕੰਮ ਕਿਸੇ ਵੀ ਦੇਸ਼ ਦੁਆਰਾ ਦੂਜੇ ਦੇਸ ਤੇ ਕੀਤੇ ਜਾਣ ਵਾਲੇ ਹਮਲਿਆਂ ਨੂੰ ਰੋਕਣਾ, ਅੰਤਰਰਾਸ਼ਟਰੀ ਸੁਰੱਖਿਆ ਅਤੇ ਸ਼ਾਂਤੀ ਕਾਇਮ ਰੱਖਣਾ, ਬਰਾਬਰਤਾ ਅਤੇ ਸਵੈ ਨਿਰਣੈ ਦੇ ਅਧਿਕਾਰ ਦੇ ਅਧਾਰ ਤੇ ਵੱਖ ਵੱਖ ਦੇਸ਼ਾਂ ਵਿੱਚ ਮਿੱਤਰਤਾ ਵਾਲੇ ਸਬੰਧ ਕਾਇਮ ਕਰਨਾ, ਅੰਤਰਰਾਸ਼ਟਰੀ ਅਧਾਰ ਤੇ ਵੱਖ ਵੱਖ ਦੇਸ਼ਾਂ ਵਿੱਚ ਸਮਾਜਿਕ ਆਰਥਿਕ ਸੰਸਕ੍ਰਿਤਕ ਅਤੇ ਹੋਰ ਮਾਨਵੀ ਸਬੰਧਾ ਵਿੱਚ ਆਪਸੀ ਸਹਿਯੋਗ ਦਾ ਵਿਕਾਸ ਕਰਨਾ, ਨਸਲ, ਜਾਤਿ, ਧਰਮ, ਭਾਸ਼ਾ, ਲਿੰਗ ਆਦਿ ਦੇ ਅਧਾਰ ਤੇ ਹੋਣ ਵਾਲੇ ਵਿਤਕਰਿਆਂ ਨੂੰ ਖਤਮ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਭਾਵਨਾ ਨੂੰ ਵਿਕਸਿਤ ਕਰਨਾ। 10 ਜਨਵਰੀ, 1946 ਨੂੰ ਲੰਡਨ ਦੇ ਬੇਸਟਮਿੰਸਟਰ ਹਾਲ ਵਿੱਚ ਇਸਦਾ ਪਹਿਲਾ ਸੰਮੇਲਨ ਹੋਇਆ ਜਿਸ ਵਿੱਚ ਇਸਦਾ ਮੁੱਖ ਦੱਫਤਰ ਮੈਨਹੈਟਨ ਟਾਪੂ ਨਿਉਯਾਰਕ ਸ਼ਹਿਰ ਵਿੱਚ ਬਣਾਇਆ ਗਿਆ ਸੀ। ਇਸਤੋਂ ਇਲਾਵਾਂ ਇਸ ਦੀਆਂ ਕੁੱਝ ਸੰਸਥਾਵਾਂ ਦੇ ਦਫਤਰ ਜਨੇਵਾ, ਕੋਪਨਹੇਵਨ ਆਦਿ ਵਿੱਚ ਵੀ ਬਣਾਏ ਗਏ ਹਨ। ਸੰਯੁਕਤ ਰਾਸ਼ਟਰ ਦੀ ਸਥਾਪਨਾ ਵੇਲੇ ਸਿਰਫ 04 ਭਾਸ਼ਾਵਾਂ ਨੂੰ ਹੀ ਰਾਜਭਾਸਾਵਾਂ ਦਾ ਦਰਜਾ ਦਿਤਾ ਗਿਆ ਸੀ ਪਰੰਤੂ ਹੁਣ ਅਰਬੀ, ਚੀਨੀ, ਅੰਗਰੇਜੀ, ਫਰਾਂਸਿਸੀ, ਸਪੇਨੀ ਅਤੇ ਰੂਸੀ ਇਸ ਦੀਆਂ ਅਧਿਕਾਰਕ ਭਾਸ਼ਾਵਾਂ ਬਣਾਈਆਂ ਗਈਆਂ। ਭਾਰਤ ਨੇ ਬੇਸ਼ੱਕ ਹਿੰਦੀ ਨੂੰ ਰਾਜ ਭਾਸਾ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਹੈ ਪਰ ਅਜੇ ਤੱਕ ਹਿੰਦੀ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਸਮੇਂ ਸਮੇਂ ਤੇ ਭਾਰਤ ਦੇ ਕਈ ਆਗੂਆਂ ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਵਿਦੇਸ ਮੰਤਰੀ ਸੁਸ਼ਮਾ ਸਵਰਾਜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਦਿ ਨੇ ਸੰਯੁਕਤ ਰਾਸ਼ਟਰ ਵਿੱਚ ਹਿੰਦੀ ਭਾਸ਼ਾ ਵਿੱਚ ਹੀ ਅਪਨਾ ਭਾਸਣ ਦਿੱਤਾ ਹੈ। ਮੋਜੂਦਾ ਸਮੇਂ ਵਿਸ਼ਵ ਦੇ ਸਾਰੇ ਮਾਨਤਾ ਪ੍ਰਾਪਤ 193 ਦੇਸ਼ ਇਸਦੇ ਮੈਂਬਰ ਹਨ। ਸੰਯੁਕਤ ਰਾਸ਼ਟਰ ਸੰਘ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਕਈ ਸ਼ਾਖਾਵਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਪ੍ਰਮੁੱਖ ਆਮ ਸਭਾ ਜੋਕਿ ਸੰਯੁਕਤ ਰਾਸ਼ਟਰ ਸੰਘ ਦੇ ਸਾਰੇ ਮਾਮਲਿਆਂ ਸਬੰਧੀ ਫੈਸਲੇ ਕਰਦੀ ਹੈ, ਬੱਜਟ ਨੂੰ ਪਾਸ ਕਰਦੀ ਹੈ, ਸੰਯੁਕਤ ਰਾਸ਼ਟਰ ਸੰਘ ਦੇ ਫੈਸਲਿਆਂ ਨੂੰ ਨਾਂ ਮੰਨਣ ਵਾਲੇ ਦੇਸ਼ਾਂ ਦੀ ਮੈਂਬਰਸ਼ਿਪ ਰੱਦ ਕਰਨ ਸਬੰਧੀ ਫੈਸਲਾ ਕਰਨਾ, ਨਵੇਂ ਦੇਸਾਂ ਨੂੰ ਮੈਂਬਰਸ਼ਿਪ ਦੇਣ ਸਬੰਧੀ ਫੈਸਲੇ ਕਰਨਾ ਸ਼ਾਮਿਲ ਹੇ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਸ਼ਾਖਾ ਸੁਰੱਖਿਆ ਪ੍ਰੀਸ਼ਦ ਹੈ ਜਿਸਦੇ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ, ਚੀਨ 05 ਸਥਾਈ ਮੈਂਬਰ ਹਨ ਅਤੇ 10 ਹੋਰ ਮੈਂਬਰਾ ਦੀ ਨਿਯੁਕਤੀ ਸਧਾਰਣ ਸਭਾ ਕਰਦੀ ਹੈ ਜਿਨ੍ਹਾ ਦਾ ਕਾਰਜਕਾਲ 02 ਸਾਲ ਤੱਕ ਹੁੰਦਾ ਹੈ ਅਤੇ ਇਨ੍ਹਾਂ ਕੋਲ ਵੀਟੋ ਅਧਿਕਾਰ ਹੁੰਦਾ ਹੈ। ਇਹ ਸਭਾ ਦੇਸ਼ਾਂ ਵਿੱਚ ਯੁੱਧ ਸ਼ੁਰੂ ਹੋਣ ਦੀ ਹਾਲਤ ਵਿੱਚ ਯੁੱਧ ਰੋਕਣ ਲਈ ਯੁੱਧ ਵਿਰਾਮ ਦੇ ਆਦੇਸ਼ ਦਿੰਦੀ ਹੈ ਅਤੇ ਜੇਕਰ ਜਰੂਰਤ ਪਵੇ ਤਾਂ ਮੈਂਬਰ ਦੇਸ਼ ਨੂੰ ਸੈਨਿਕ ਸਹਾਇਤਾ ਦਿੰਦੀ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਹੋਰ ਮਹੱਤਵਪੂਰਨ ਸ਼ਾਖਾ ਅੰਤਰ-ਰਾਸ਼ਟਰੀ ਅਦਾਲਤ ਹੈ ਜਿਸਦੇ 15 ਜੱਜ ਹੁੰਦੇ ਹਨ ਜਿਨ੍ਹਾ ਦੀ ਚੋਣ ਸਥਾਈ ਸਭਾ ਅਤੇ ਸੁਰੱਖਿਆ ਪ੍ਰੀਸ਼ਦ ਕਰਦੀ ਹੈ ਅਤੇ ਇਨ੍ਹਾਂ ਦਾ ਕਾਰਜਕਾਲ 9 ਸਾਲ ਲਈ ਹੁੰਦਾ ਹੈ ਅਤੇ ਇਨ੍ਹਾ ਵਿੱਚੋਂ ਇੱਕ ਤਿਹਾਈ ਹਰ ਤਿੰਨ ਸਾਲ ਬਦਲਦੇ ਹਨ। ਇਹ ਅਦਾਲਤ ਅੰਤਰਰਾਸਟਰੀ ਝਗੜਿਆਂ ਦਾ ਨਿਪਟਾਰਾ ਕਰਦੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸ਼ਾਖਾਵਾ ਸਮਾਜਿਕ-ਆਰਥਿਕ ਪ੍ਰੀਸ਼ਦ, ਨਿਆਏ ਪ੍ਰੀਸਦ, ਸਕੱਤਰ ਆਦਿ ਵੀ ਹਨ। ਸੰਯੁਕਤ ਰਾਸ਼ਟਰ ਦੀਆ ਕਈ ਹੋਰ ਸੰਸਥਾਵਾ ਵੀ ਹਨ ਜਿਨ੍ਹਾਂ ਵਿੱਚ ਵਿਸ਼ਵ ਸਿਹਤ ਸੰਗਠਨ, ਖੁਰਾਕ ਅਤੇ ਖੇਤੀ ਸੰਗਠਨ, ਸੰਯੁਕਤ ਰਾਸ਼ਟਰ ਵਿਦਿਅੱਕ ਵਿਗਿਆਨਕ ਅਤੇ ਸੰਸਕ੍ਰਿਤਿਕ ਸੰਗਠਨ, ਯੂਨੀਸੈਫ, ਅੰਤਰਰਾਸ਼ਟਰੀ ਮਜਦੂਰ ਸੰਗਠਨ, ਸ਼ਰਨਾਰਥੀਆਂ ਲਈ ਸੰਯੁਕਤ ਰਾਸਟਰ ਹਾਈ ਕਮਿਸ਼ਨਰ, ਸੰਯੁਕਤ ਰਾਸ਼ਟਰ ਮਨੁਖੀ ਅਧਿਕਾਰ ਪ੍ਰੀਸ਼ਦ ਆਦਿ ਹਨ ਜੋਕਿ ਅਪਣੇ ਅਪਣੇ ਖੇਤਰ ਵਿੱਚ ਸਫਲਤਾ ਪੂਰਬਕ ਕੰਮ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਸੰਘ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ ਕਿ ਇਸ ਦੁਆਰਾ ਲੱਗਭੱਗ 100 ਦੇਸ਼ਾਂ ਵਿੱਚ ਜਲਵਾਯੂ ਬਦਲਾਓ ਅਤੇ ਊਰਜਾ ਬਚਾਓ ਲਈ ਪ੍ਰੋਗਰਾਮ ਚੱਲ ਰਹੇ ਹਨ, 3.6 ਕਰੋੜ ਸ਼ਰਨਾਰਥੀਆਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ, ਵੱਖ ਵੱਖ ਦੇਸ਼ਾਂ ਵਿੱਚ ਬੱਚਿਆਂ ਲਈ ਬਿਮਾਰੀਆਂ ਤੋਂ ਬਚਾਓ ਲਈ ਟੀਕਾਕਰਨ ਪ੍ਰੋਗਰਾਮ ਚੱਲ ਰਿਹਾ ਹੈ, ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਸਾਂਭ ਸੰਭਾਲ ਲਈ ਪ੍ਰੋਗਰਾਮ ਚੱਲ ਰਹੇ ਹਨ, ਕਈ ਦੇਸ਼ਾਂ ਵਿੱਚ ਗਰੀਬੀ ਅਤੇ ਭੁੱਖਮਰੀ ਦੂਰ ਕਰਨ ਲਈ ਪ੍ਰੋਗਰਾਮ ਚੱਲ ਰਹੇ ਹਨ, ਲੱਗਭੱਗ 80 ਦੇਸਾਂ ਨੂੰ ਅਜ਼ਾਦ ਕਰਵਾਉਣ ਲਈ ਮੁੱਖ ਭੁਮਿਕਾ ਨਿਭਾਈ ਹੈ, ਵਿਸ਼ਵ ਦੇ 04 ਮਹਾਂਦੀਪਾਂ ਵਿੱਚ ਸ਼ਾਂਤੀ ਕਾਇਮ ਰੱਖਣ ਅਤੇ ਆਪਸੀ ਸਬੰਧ ਸੁਖਾਵੇਂ ਰੱਖਣ ਲਈ ਕੰਮ ਕੀਤਾ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਦਿਵਸ ਸਭਤੋਂ ਪਹਿਲਾਂ 24 ਅਕਤੂਬਰ 1948 ਨੂੰ ਮਨਾਇਆ ਗਿਆ। ਪੂਰੀ ਦੁਨੀਆ ਦੇ ਜੋ ਵੀ ਲੋਕ ਬੁਨਿਆਦੀ ਅਧਿਕਾਰਾਂ ਅਤੇ ਵਿਸ਼ੇਸ ਅਧਿਕਾਰਾਂ ਦਾ ਆਨੰਦ ਮਾਣ ਰਹੇ ਹਨ ਉਹ ਸਭ ਸੰਯੁਕਤ ਰਾਸ਼ਟਰ ਵਲੋਂ ਕੀਤੀਆਂ ਗਈਆਂ ਕੋਸ਼ਿਸਾਂ ਅਤੇ ਕੰਮਾਂ ਦਾ ਹੀ ਨਤੀਜਾ ਹੈ। ਸੰਯੁਕਤ ਰਾਸਟਰ ਸੰਘ ਵਲੋਂ ਵਿਸ਼ਵ ਵਿੱਚ ਸ਼ਾਂਤੀ ਬਣਾਕੇ ਰੱਖਣ ਅਤੇ ਲੋਕਾਂ ਦੀਆਂ ਜਰੂਰਤਾਂ ਨੂੰ ਪੂਰੀਆਂ ਕਰਨ ਲਈ ਹਰ ਸੰਭਬ ਕੋਸਿਸ਼ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਸੰਘ ਦੀ ਕਾਰਗੁਜ਼ਾਰੀ ਕਈ ਵਾਰ ਵਿਤਕਰੇ ਵਾਲੀ ਲੱਗਦੀ ਹੈ ਅਤੇ ਇਹ ਵਿਤਕਰੇ ਵਾਲਾ ਵਿਓਹਾਰ ਕਰ ਰਿਹਾ ਹੈ ਜੋਕਿ ਇਸਦੇ ਭਵਿੱਖ ਲਈ ਉਚਿੱਤ ਨਹੀਂ ਹੈ। ਕਈ ਵਾਰ ਸੰਯੁਕਤ ਰਾਸਟਰ ਵਿੱਚ ਕੁੱਝ ਪ੍ਰਭਾਵਸਾਲੀ ਦੇਸ਼ਾਂ ਨੇ ਮਨਮਾਨੀ ਕੀਤੀ ਹੈ। ਸੰਯੁਕਤ ਰਾਸਟਰ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਣ ਅਤੇ ਨਿਰਪੱਖ ਤੋਰ ਤੇ ਕੰਮ ਕਰਨ ਲਈ ਕਈ ਦੇਸ਼ ਸਮੇਂ ਸਮੇਂ ਤੇ ਮੰਗ ਕਰਦੇ ਹਨ। ਅੱਜ ਪੂਰੇ ਵਿਸ਼ਵ ਵਿੱਚ ਸੰਯੁਕਤ ਰਾਸਟਰ ਦਿਵਸ ਮਨਾਇਆ ਜਾ ਰਿਹਾ ਹੈ ਪਰ ਜਰੂਰਤ ਹੈ ਕਿ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਦੀ ਪੂਰਤੀ ਲਈ ਸਮੂਹ ਮੈਂਬਰ ਦੇਸ਼ ਪੂਰਾ ਸਹਿਯੋਗ ਕਰਨ ਅਤੇ ਸੰਯੁਕਤ ਰਾਸ਼ਟਰ ਬਿਨਾਂ ਕਿਸਖ ਦਬਾਓ ਅਤੇ ਪੱਖਪਾਤ ਦੇ ਕੰਮ ਕਰੇ।

# ਰਾਏਪੁਰ ਦੀ ਜੂਹ



ਬਲਵੀਰ ਮੰਨਣ
91-94173-45485

ਅੱਜ ਰਾਏਪੁਰ ਰਸੂਲਪੁਰ ਦੀ ਜੂਹ ਛੱਡ ਦਿੱਤੀ ਹੈ। ਪਤਾ ਨਹੀਂ! ਕਿ ਉਸ ਜੂਹ ਨੇ ਮੈਨੂੰ ਛੱਡ ਦਿੱਤਾ ਐ। ਅੱਜ ਵੱਡੇ ਹੋ ਗਏ ਹੋਣ ਦਾ ਅਹਿਸਾਸ ਹੋਇਆ ਹੈ, ਜਿਹੜਾ ਪਹਿਲਾਂ ਕਦੇ ਵੀ ਨਹੀਂ ਸੀ ਹੋਇਆ। ਅੱਜ ਮੈਂ ਪਿੰਡ ਰਾਏਪੁਰ ਦੇ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਵਜੋਂ ਪੜ੍ਹਾਉਂਦਾ ਹੋਇਆ, ਬਤੌਰ ਸਕੂਲ ਮੁਖੀ ਕੰਧਾਲਾ ਗੁਰੂ ਨੇੜੇ ਭੋਗਪੁਰ ਜਾ ਲੱਗਿਆਂ ਹਾਂ ਪਰ ਆਪਣੇ ਹੱਥੀਂ ਲਾਏ ਹੋਏ ਬੱਚਿਆਂ ਰੂਪੀ ਬੂਟਿਆਂ ਨੂੰ, ਬਿਨਾ ਕਿਸੇ ਆਸਰੇ, ਸ਼ੁਹਰਤ ਅਤੇ ਚੰਦ ਛਿੱਲੜਾਂ ਦੀ ਭੁੱਖ ਵਿੱਚ, ਛੱਡ ਆਇਆ ਹਾਂ। ਮੈਂ ਉਨ੍ਹਾਂ ਦੁਆਰਾ ਮੈਨੂੰ ਦਿੱਤੇ ਜਾਂਦੇ ਬੇ-ਅਥਾਹ ਪਿਆਰ ਨੂੰ ਤੁੱਛ ਜਾਣਿਆ ਹੈ। ਉਹ ਮੈਨੂੰ ਯਾਦ ਕਰ ਰਹੇ ਹਨ। ਉਹ ਰੋ ਰਹੇ ਹਨ। ਮਾਪਿਆਂ ਅਤੇ ਨਾਲ ਦੇ ਅਧਿਆਪਕਾਂ ਦੇ ਫ਼ੋਨ ਆ ਰਹੇ ਹਨ। ਮੈਂ ਕਿਵੇਂ ਫ਼ੋਕੀ ਵਾਹ-ਵਾਹ ਲਈ ਅਸਲੀ ਜੀਵਨ ਨੂੰ, ਜਿਊਣ ਨੂੰ ਤਿਆਗ ਆਇਆ ਹਾਂ। ਕੀ ਇਸ ਪਿਆਰ ਨੂੰ ਕੋਈ ਵੀ ਮੁੱਲ ਤਾਰ ਕੇ ਖ਼ਰੀਦਿਆ ਜਾ ਸਕਦਾ ਹੈ?

ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੂੰ ਹੋਰ ਅਧਿਆਪਕ ਮਿਲ ਜਾਏਗਾ ਤੇ ਮੈਨੂੰ ਪੜ੍ਹਾਉਣ ਲਈ ਬੱਚੇ ਪਰ ਉਸ ਰਿਸ਼ਤੇ ਦਾ ਕੀ ਬਣੇਗਾ ਜਿਹੜਾ ਪਿਛਲੇ ਚਾਰ ਸਾਲਾਂ ਵਿੱਚ ਸਾਡੇ ਦਰਮਿਆਨ ਉੱਸਰ ਗਿਆ ਸੀ? ਉਹ ਜਾਨ ਦਿੰਦੇ ਨੇ ਮੇਰੇ 'ਤੇ। ਚਾਹੇ ਕੋਈ ਇਨ੍ਹਾਂ ਗੱਲਾਂ ਨੂੰ ਵਧਾ-ਚੜ੍ਹਾ ਕੇ ਕਹੀਆਂ ਗਈਆਂ ਆਖੇ ਪਰ ਇਹ ਦਿਲ ਦੀਆਂ ਗੱਲਾਂ ਹਨ। ਕੱਲ੍ਹ ਰਾਤੀਂ ਮਨਦੀਪ ਰੋ-ਰੋ ਕੇ ਸੁੱਤੀ ਐ। ਜੋਤੀ ਯਾਦ ਵਿੱਚ ਰੋ ਰਹੀ ਐ। ਡੌਲੀ ਨੇ ਆਪਣੀ ਬਾਂਹ 'ਤੇ ਲਾਲ ਰੰਗ ਨਾਲ ਬਣਾਏ ਫੁੱਲਾਂ ਵਿਚਕਾਰ ਮੇਰਾ ਨਾਂ ਲਿਖਿਆ ਸੀ। ਜਮਾਤ ਨੂੰ ਧਰਵਾਸ ਨਹੀਂ ਆ ਰਿਹਾ। ਮੈਂ ਬੱਚਿਆਂ ਨੂੰ ਸੋਮਵਾਰ ਨੂੰ ਮਿਲਣ ਦਾ ਵਾਅਦਾ ਕੀਤਾ ਹੈ। ਉਹ ਸੋਮਵਾਰ ਉਡੀਕ ਰਹੇ ਹਨ। ਉਹ ਮੈਨੂੰ ਉਡੀਕ ਰਹੇ ਹਨ।

ਬੰਦਾ ਆਖ਼ਰ ਦੁਨੀਆ ਵਿੱਚ ਕੀ ਖੱਟਦਾ ਐ? ਬਸ ਆਪਣੀ ਹੀ ਦੌੜ ਵਿੱਚ ਅੱਗੇ-ਅੱਗੇ ਦੌੜਿਆ ਜਾਂਦਾ ਐ। ਨਵੇਂ ਸਕੂਲ ਦੇ ਬੱਚੇ ਮੈਨੂੰ ਛੁੱਟੀ ਵੇਲ਼ੇ ਮੁੜਦੇ ਨੂੰ 'ਬਾਏ ਹੈੱਡ ਸਾਰ' ਕਹਿ ਕੇ ਹੱਥ ਹਿਲਾਉਂਦੇ ਹਨ। ਮੈਂ ਵੱਡਾ ਹੋ ਗਿਆ ਹਾਂ। ਮੈਂ ਵੱਡਾ ਸਰ ਬਣ ਗਿਆ ਹਾਂ ਪਰ ਜਿਹੜਾ ਰਾਏਪੁਰ ਦੇ ਬੱਚੇ ਆਉਂਦੇ ਜਾਂਦੇ ਬੁਲਾਉਣ ਲੱਗੇ 'ਸਰ ਜੀ' ਕਹਿੰਦੇ ਸਨ, ਉਸ ਦਾ ਸੁਆਦ ਅਲਹਿਦਾ ਹੀ ਸੀ।

ਦਿਲ ਉਦਾਸ ਐ। ਇਹ ਉਸ ਦਿਨ ਵੀ ਏਦਾਂ ਹੀ ਉਦਾਸ ਹੋਇਆ ਸੀ, ਪਰ ਏਨਾ ਨਹੀਂ, ਜਦੋਂ ਮੇਰੇ ਚਲੇ ਜਾਣ ਦਾ ਮੈਨੂੰ ਪਤਾ ਲੱਗ ਗਿਆ ਸੀ ਪਰ ਉਸ ਦਿਨ ਮੈਂ ਆਪਣੇ ਮਿੱਤਰਾਂ ਦੀਆਂ ਸਲਾਹਾਂ ਅਧੀਨ ਇਸ ਨੂੰ ਦੱਬ ਦਿੱਤਾ ਸੀ ਪਰ ਜਿਸ ਰੂਪ ਵਿੱਚ ਇਹ ਅੱਜ ਸਾਹਮਣੇ ਆਇਐ, ਇਹ ਹੁਣ ਦੱਬਿਆ ਨਹੀਂ ਜਾਣਾ। ਬਾਜ਼ੀ ਬੀਤ ਚੁੱਕੀ ਹੈ।

ਮੈਨੂੰ ਨਹੀਂ ਲਗਦਾ ਇਹ ਜ਼ਖ਼ਮ ਕਦੇ ਭਰਨਗੇ। ਧੋਖੇਬਾਜ਼, ਮੈਨੂੰ ਕਦੇ ਮੁਆਫ਼ ਨਹੀਂ ਕੀਤਾ ਜਾ ਸਕਦਾ। ਅੱਜ ਜਦੋਂ ਵਾਪਸ ਨਾ ਮੁੜਨ-ਜੋਗਾ ਰਹਿ ਗਿਆ ਹਾਂ ਤਾਂ ਆਪਣੀ ਕੀਤੀ 'ਤੇ ਪਛਤਾਅ ਰਿਹਾ ਹਾਂ। ਹੰਝੂਆਂ ਦੇ ਗੱਚ ਭਰ ਰਹੇ ਹਨ। ਜੀਅ ਕਰਦਾ ਹੈ ਫੁੱਟ-ਫੁੱਟ ਕੇ ਰੋਵਾਂ, ਆਪਣੇ ਬੱਚਿਆਂ ਦੇ ਗਲ ਲੱਗ ਕੇ। ਲਗਦਾ ਹੈ ਕਿ ਸਭ ਕੁਝ ਗੁਆ ਲਿਆ ਹੈ।

ਇੱਕ ਓਪਰੇ ਜਿਹੇ ਸੰਸਾਰ ਵਿੱਚ ਆਪਣੇ-ਆਪ ਨੂੰ ਇਕੱਲਾ-ਕਾਰਾ ਮਹਿਸੂਸ ਕਰ ਰਿਹਾ ਹਾਂ। ਕੀ ਜ਼ਿੰਦਗੀ ਹੈ? ਕਿਹੋ ਜਿਹੇ ਮੋੜ ਆਉਂਦੇ ਹਨ ਤੇ ਕਿਹੋ ਜਿਹੇ ਮੋੜਾਂ 'ਤੇ ਮਨੁੱਖ ਖੜ੍ਹ ਜਾਂਦਾ ਹੈ। ਇੱਕ ਬੱਧੇ ਜਿਹੇ ਯਕੀਨ ਨੂੰ ਛੱਡ ਕੇ ਨਵੇਂ ਥਾਂ ਆ ਪੈਂਦਾ ਹੈ, ਜਿਹੜੇ ਤੁਹਾਡੇ ਇੱਕ-ਇੱਕ ਨਕਸ਼ ਤੋਂ ਤੁਹਾਨੂੰ ਦੁਬਾਰਾ ਪਰਖਣ ਲਈ ਖੜ੍ਹੇ ਹੁੰਦੇ ਹਨ। ਤੁਹਾਡੀ ਚੀਰ-ਫਾੜ ਦੁਬਾਰਾ ਹੁੰਦੀ ਹੈ। ਨਵਾਂ ਚੌਗਿਰਦਾ ਤੇ ਨਵੇਂ ਲੋਕ। ਪਰ ਉਨ੍ਹਾਂ ਦਾ ਵੀ ਕੋਈ ਕਸੂਰ ਨਹੀਂ ਹੁੰਦਾ। ਕਹਿਣ ਨੂੰ ਤਾਂ ਇਹ ਜ਼ਿੰਦਗੀ ਹੈ ਪਰ ਇਹ ਕਿਹੋ ਜਿਹੀ ਹੈ, ਅਜੀਬ ਜਿਹੀ?

ਜਦੋਂ ਸਾਡੇ ਮਨ ਦਾ ਚੈਨ ਹੀ ਗੁਆਚ ਜਾਵੇ ਤਾਂ ਕਿਸੇ ਪ੍ਰਾਪਤੀ ਦਾ ਕੋਈ ਮੁੱਲ ਨਹੀਂ ਹੁੰਦਾ। ਸੱਚੀਂ! ਕੋਈ ਨਹੀਂ।

# ਕਿਵੇਂ ਹੋਈ 14 ਚੰਦਰਮਾਵਾਂ ਵਾਲੇ ਨੈਪਚੂਨ ਗ੍ਰਹਿ ਦੀ ਖੋਜ

ਸੂਰਜ ਤੋਂ ਦੂਰੀ: 2771,162,074 ਤੋਂ 2,819, 185,846 ਮੀਲ
ਤਾਪਮਾਨ: ਮਨਫੀ 214 ਡਿਗਰੀ ਸੈਲਸੀਅਸ
ਧਰਤੀ ਤੋਂ ਨੈਪਚੂਨ ਤੱਕ ਪੁਲਾੜ ਯਾਤਰਾ ਦਾ ਸਮਾਂ: 12 ਸਾਲ
ਗਰੁੱਤਾ ਖਿੱਚ: ਜੇਕਰ ਧਰਤੀ ਤੇ ਤੁਹਾਡਾ ਵਜ਼ਨ 45 ਕਿਲੋ ਹੈ ਤਾਂ ਉਥੇ ਵਜ਼ਨ 52 ਕਿਲੋ ਹੋਵੇਗਾ।


ਨੈਪਚੂਨ ਸਾਡੇ ਸੌਰ ਮੰਡਲ ਦਾ ਆਖਰੀ ਅਤੇ ਸਭ ਤੋਂ ਦੂਰੀ ਤੇ ਸਥਿਤ ਗ੍ਰਹਿ ਹੈ। ਅਸਲ ਵਿਚ ਇਹ ਇੰਨਾਂ ਦੂਰ ਹੈ ਕਿ ਇਹੀ ਇਕੋ ਇਕ ਅਜਿਹਾ ਗ੍ਰਹਿ ਹੈ ਜਿਸ ਨੂੰ ਅਸੀਂ ਕਦੀ ਵੀ ਆਪਣੀਆਂ ਅੱਖਾਂ ਨਾਲ ਧਰਤੀ ਤੋਂ ਨਹੀਂ ਦੇਖ ਸਕਦੇ। ਸਵਾਲ ਉੱਠਦਾ ਹੈ ਕਿ ਅਤੀ-ਆਧੁਲਿਕ ਟੈਲੀਸਕੋਪਾਂ ਦੀ ਖੋਜ ਤੋਂ ਪਹਿਲਾਂ ਹੀ ਪ੍ਰਾਚੀਨ ਕਾਲ ਦੇ ਪੁਲਾੜ ਵਿਗਿਆਨੀਆਂ ਨੇ ਇਸ ਗ੍ਰਹਿ ਨੂੰ ਕਿਵੇਂ ਲੱਭਿਆ, ਜਿਸ ਨੂੰ ਉਹ ਦੇਖ ਨਹੀਂ ਸਕਦੇ ਸਨ?

ਇਸਦਾ ਉਤਰ ਹੈ ਕਿ ਉਹਨਾਂ ਨੇ ਅਜਿਹਾ ਗਣਿਤ ਦੇ ਜ਼ਰੀਏ ਕਰ ਦਿਖਾਇਆ। ਉਹਨਾਂ ਨੇ ਇਸ ਗੱਲ ਤੇ ਗੌਰ ਕੀਤਾ ਕਿ ਸੌਰ ਮੰਡਲ ਵਿਚ ਉਸ ਤੋਂ ਪਹਿਲਾਂ ਸਥਿਤ ਗ੍ਰਹਿ ਯੂਰੇਨਸ ਕਿਸ ਤਰ੍ਹਾਂ ਨਾਲ ਸੂਰਜ ਦੀ ਪਰਿਕਰਮਾ ਕਰਦਾ ਹੈ। ਇਸ ਨਾਲ ਉਹਨਾਂ ਨੂੰ ਅਹਿਸਾਸ ਹੋ ਗਿਆ ਕਿ ਉਸ 'ਤੇ ਸੌਰ ਮੰਡਲ ਦੇ ਅੱਠਵੇਂ ਗ੍ਰਹਿ ਦੇ ਗਰੁੱਤਾ ਆਕਰਸ਼ਣ ਦਾ ਅਸਰ ਹੈ।

ਵੱਖ-ਵੱਖ ਅੰਕੜਿਆਂ ਅਤੇ ਗਿਣਤੀਆਂ ਦੇ ਜੋੜ-ਤੋੜ ਨਾਲ ਉਹਨਾਂ ਨੇ ਨੈਪਚੂਨ ਦੇ ਬਾਰੇ ਸਭ ਨੂੰ ਦੱਸਿਆ, ਜਿਸਦੀ ਪਹਿਲੀ ਵਾਰ ਪੁਸ਼ਟੀ 1846 ਵਿਚ ਇਕ ਟੈਲੀਸਕੋਪ ਤੋਂ ਹੋਈ।

ਨੈਪਚੂਨ 'ਤੇ ਸੂਰਜ ਦੀ ਜ਼ਿਆਦਾ ਰੌਸ਼ਨੀ ਨਹੀਂ ਪਹੁੰਚਦੀ ਅਤੇ ਦੁਪਹਿਰ ਨੂੰ ਵੀ ਉਥੇ ਧਰਤੀ ਦੇ ਸੂਰਜ ਢਲਣ ਦੇ ਆਖਰੀ ਕੁਝ ਪਲਾਂ ਤੋਂ ਜ਼ਿਆਦਾ ਚਮਕ ਨਹੀਂ ਹੁੰਦੀ ਹੈ। ਜੂਪੀਟਰ ਅਤੇ ਸੈਟਰਨ ਵਾਂਗ ਹੀ ਨੈਪਚੂਨ ਗੈਸ ਦਾ ਇਕ ਵਿਸ਼ਾਲ ਗੋਲਾ ਹੈ, ਜਿਸ ਵਿਚਕਾਰ ਗਰਮ ਤਰਲ ਨਾਲ ਪਰੀ ਧਰਤੀ ਦ ਆਕਾਰ ਦੀ ਗੇਂਦ ਹੈ।

ਇਸਦਾ ਵਾਤਾਵਰਣ ਜ਼ਿਆਦਾਤਰ ਪਾਣੀ, ਅਮੋਨੀਆ ਅਤੇ ਮੀਥੇਨ ਨਾਲ ਬਣਿਆ ਹੈ। ਮੀਥੇਨ ਹੀ ਇਸਨੂੰ ਨੀਲਾ ਰੰਗ ਦਿੰਦੀ ਹੈ। ਇਸ ਗ੍ਰਹਿ ਤੇ ਸੌਰ ਮੰਡਲ



ਵਿਚ ਸਭ ਤੋਂ ਖਰਾਬ ਮੌਸਮ ਮਿਲਦਾ ਹੈ, ਜਿੱਥੇ ਜੰਮੀ ਹੋਈ ਮੀਥੇਨ ਗੈਸ ਦੇ ਬੱਦਲ ਵਿਸ਼ਾਲ ਤੁਫ਼ਾਨਾਂ ਵਿਚਕਾਰ ਉਡਦੇ ਹਨ।

ਨੈਪਚੂਨ ਤੇ ਇਕ ਦਿਨ 16 ਘੰਟੇ ਦਾ ਹੈ ਪਰ ਇਕ ਸਾਲ ਧਰਤੀ ਦੇ 165 ਸਾਲਾਂ ਦੇ ਬਰਾਬਰ ਹੈ। 1846 ਵਿਚ ਇਸਦੀ ਖੋਜ ਤੋਂ ਬਾਅਦ ਸ਼ਾਇਦ ਹੀ ਇਸਦਾ ਇਕ ਸਾਲ ਬੀਤਿਆ ਹੋਵੇ। ਇਸ ਗ੍ਰਹਿ ਦੇ 6 ਛੱਲੇ ਅਤੇ 14 ਚੰਦਰਮਾਵਾਂ ਨੂੰ ਹੁਣ ਤੱਕ ਪੂਰੀ ਤਰ੍ਹਾਂ ਪੁਸ਼ਟੀ ਨਾਲ ਕਿਹਾ ਜਾ ਚੁੱਕਾ ਹੈ। ਇਹਨਾਂ ਵਿੱਚੋਂ ਸਭ ਤੋਂ ਵੱਡੇ ਚੰਦ ਟ੍ਰਾਈਟਨ ਵਿਚ ਅਜਿਹੇ ਗੀਜਰ ਹਨ ਜੋ ਹਿਸਦੇ ਬਰਫ਼ੀਲੇ ਵਾਤਾਵਰਣ ਵਿਚ 8 ਕਿਲੋਮੀਟਰ ਦੀ ਉਚਾਈ ਤੱਕ ਬਰਫ਼ੀਲੇ ਪਦਾਰਥ ਉਛਾਲਦੇ ਰਹਿੰਦੇ ਹਨ। ਨੈਪਚੂਨ ਦਾ ਚੁੰਬਕੀ ਖੇਤਰ ਧਰਤੀ ਦੀ ਤੁਲਨਾ ਵਿਚ 27 ਗੁਣਾਂ ਜ਼ਿਆਦਾ ਸ਼ਕਤੀਸ਼ਾਲੀ ਹੈ।

# ਪਾਕਿਸਤਾਨ ਵਿਚ ਫ਼ਰਜ਼ੀ ਬੈਂਕ ਖਾਤਿਆਂ ਰਾਹੀ 10 ਹਜ਼ਾਰ ਕਰੋੜ ਕਾਲੇ ਧਨ ਦੀ ਸਫ਼ਾਈ

ਇਸਲਾਮਾਬਾਦ- ਸਾਂਝੀ ਜਾਂਚ ਟੀਮ (ਜੇਆਈਟੀ) ਵੱਲੋਂ ਪਾਕਿ-ਸਤਾਨ ਦੀ ਸੁਪਰੀਮ ਕੋਰਟ ਨੂੰ ਇਤਲਾਹ ਦਿੱਤੀ ਗਈ ਹੈ ਕਿ ਜ਼ਿਆਦਾਤਰ ਗ਼ਰੀਬ ਲੋਕਾਂ ਦੇ ਬੰਦ ਪਏ ਬੈਂਕ ਖਾਤਿਆਂ ਰਾਹੀਂ 10000 ਕਰੋੜ ਰੁਪਏ ਤੋਂ ਜ਼ਿਆਦਾ ਕਾਲਾ ਧਨ ਸਫ਼ੇਦ ਕੀਤਾ ਗਿਆ ਹੈ। ਜੀਓਨਿਊਜ਼ ਦੀ ਰਿਪੋਰਟ ਮੁਤਾਬਕ ਜਾਂਚ ਟੀਮ ਜਿਸ ਨੇ ਆਪਣੀ ਦੂਜੀ ਰਿਪੋਰਟ ਸੋਮਵਾਰ ਨੂੰ ਸਰਬਉੱਚ ਅਦਾਲਤ ਵਿਚ ਪੇਸ਼ ਕੀਤੀ ਸੀ, ਨੇ ਆਖਿਆ ਕਿ ਜਾਅਲੀ ਬੈਂਕ ਖਾਤੇ ਖੋਲ੍ਹ ਕੇ ਕਾਲੇ ਧਨ ਨੂੰ ਸਫ਼ੇਦ ਬਣਾਉਣ ਦਾ ਇਹ ਬਹੁਤ ਹੀ ਜਟਿਲ ਘੁਟਾਲਾ ਕੀਤਾ ਗਿਆ ਹੈ। ਸੰਘੀ ਜਾਂਚ ਏਜੰਸੀ (ਐਫਆਈਏ) ਵੱਲੋਂ ਵੀ ਵੱਡੇ ਪੱਧਰ 'ਤੇ ਇਨ੍ਹਾਂ ਕੇਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਬਹੁਤ ਸਾਰੇ ਮਾਮਲਿਆਂ ਵਿਚ ਗ਼ਰੀਬ ਲੋਕਾਂ ਦੇ ਬੰਦ ਪਏ ਖਾਤੇ ਕੁਝ ਬੈਂਕ ਅਫ਼ਸਰਾਂ ਦੀ ਮਿਲੀਭਗਤ ਰਾਹੀਂ ਚਲਾ ਕੇ ਵੱਡੀਆਂ ਵੱਡੀਆਂ ਰਕਮਾਂ ਇਨ੍ਹਾਂ ਵਿਚ ਜਮ੍ਹਾਂ ਕਰਵਾਈਆਂ ਗਈਆਂ ਤੇ ਕਢਵਾਈਆਂ ਗਈਆਂ।

ਐਫਆਈਏ ਅਜਿਹੇ ਫ਼ਰਜ਼ੀ ਖਾਤਿਆਂ ਨਾਲ ਸਬੰਧਤ 32 ਵਿਅਕਤੀਆਂ ਬਾਰੇ ਜਾਂਚ ਕਰ ਰਹੀ ਹੈ ਜਿਨ੍ਹਾਂ ਵਿਚ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਤੇ ਉਨ੍ਹਾਂ ਦੀ ਭੈਣ ਫਰਿਆਲ ਤਾਲਪੁਰ ਸ਼ਾਮਲ ਹਨ। ਇਸੇ ਸਬੰਧ ਵਿਚ ਜ਼ਰਦਾਰੀ ਦੇ ਕਰੀਬੀ ਹੁਸੈਨ ਲਾਲਵਈ ਨੂੰ ਜੁਲਾਈ ਮਹੀਨੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੇ ਇਕ ਹੋਰ ਕਰੀਬੀ ਤੇ ਉਸ ਦੇ ਪੁੱਤਰ ਨੂੰ ਅਗਸਤ ਮਹੀਨੇ ਐਫਆਈਏ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਹੁਣ ਤੱਕ ਦੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਕੁਝ ਪ੍ਰਾਈਵੇਟ ਬੈਂਕਾਂ ਵਿਚ 2013, 2014 ਤੇ 2015 ਦੌਰਾਨ ਬਹੁਤ ਸਾਰੇ ਬੇਨਾਮੀ ਖਾਤੇ ਖੋਲ੍ਹੇ ਗਏ ਸਨ ਜਿਨ੍ਹਾਂ ਰਾਹੀਂ ਅਰਬਾਂ ਰੁਪਏ ਦਾ ਲੈਣ ਦੇਣ ਕੀਤਾ ਗਿਆ। ਐਫਆਈਏ ਸੂਤਰਾਂ ਮੁਤਾਬਕ ਇਹ ਤਰ੍ਹਾਂ ਤਰ੍ਹਾਂ ਦੀ ਵੱਢੀ, ਦਲਾਲੀ ਤੇ ਹੋਰ ਭ੍ਰਿਸ਼ਟ-ਾਚਾਰ ਦੀ ਕਮਾਈ ਸੀ। ਇਸ ਮਹੀਨੇ ਦੇ ਸ਼ੁਰੂ ਵਿਚ ਗ੍ਰਹਿ ਮੰਤਰਾਲੇ ਇਸ ਮਾਮਲੇ ਵਿਚ ਸ਼ੱਕੀ ਤੌਰ 'ਤੇ ਸ਼ਾਮਲ 95 ਵਿਅਕਤੀਆਂ ਦੇ ਦੇਸ਼ ਤੋਂ ਬਾਹਰ ਜਾਣ 'ਤੇ ਪਾਬੰਦੀ ਲਗਾ ਦਿੱਤੀ ਸੀ। ਇਨ੍ਹਾਂ ਵਿੱਚੋਂ 78 ਜਣਿਆਂ ਨੂੰ ਐਗਜ਼ਿਟ ਕੰਟਰੋਲ ਲਿਸਟ ਵਿਚ 17 ਨੂੰ ਐਫਆਈਏ ਦੀ ਪ੍ਰੋਵਿਜ਼ਨਲ ਕੌਮੀ ਪਛਾਣ ਸੂਚੀ (ਪੀਐਨਆਈਐਲ) ਵਿਚ ਸ਼ਾਮਲ ਕੀਤਾ ਗਿਆ ਸੀ।

# ਬਾਬੂ ਮੰਗੂ ਰਾਮ ਮੁੱਗੋਵਾਲੀਆ



ਸੀ. ਐਲ. ਚੁੰਬਰ

ਅੱਜ ਤੋਂ ਕਰੀਬ ਇਕ ਸਦੀ ਪਹਿਲਾਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ 'ਚ ਸ਼ਿਵਾਲਕ ਦੀਆਂ ਪਹਾੜੀਆਂ ਦੇ ਕਦਮਾਂ ਵਿਚ ਵੱਸੇ ਪਿੰਡ ਮੁਗੋਵਾਲ ਵਿਚ ਚਮੜੇ ਦੇ ਵਪਾਰੀ ਬਾਬੂ ਹਰਨਾਮ ਦਾਸ ਦੇ ਘਰ ਮਾਤਾ ਅਤਰੀ ਦੀ ਕੁੱਖੋਂ 14 ਜਨਵਰੀ 1886 ਨੂੰ ਇਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਂ ਮੰਗੂ ਰਾਮ ਰੱਖਿਆ ਗਿਆ। ਅੱਠਾਂ ਵਰ੍ਹਿਆ ਦੀ ਉਮਰ ਵਿਚ ਸਕੂਲ ਪੜ੍ਹਨ ਪਾਇਆ ਗਿਆ। ਪਹਿਲੀ, ਦੂਜੀ ਜਮਾਤ ਚੂਹੜਪੁਰ (ਦੇਹਰਾਦੂਨ) ਤੋਂ ਕੀਤੀ। ਚੂਹੜਪੁਰ ਨੂੰ ਹੁਣ ਵਿਕਾਸ ਨਗਰ ਕਿਹਾ ਜਾਂਦਾ ਹੈ। ਤੀਜੀ, ਚੌਥੀ ਜਮਾਤ ਪਿੰਡ ਦੇ ਸਕੂਲ ਤੋਂ ਅਤੇ ਅੱਠਵੀਂ ਮਾਹਿਲਪੁਰ ਤੋਂ ਪਾਸ ਕੀਤੀ। ਨੌਵੀਂ ਜਮਾਤ 'ਚ ਅਮੀ ਚੰਦ ਹਾਈ ਸਕੂਲ ਬਿਜਵਾੜਾ ਕਲਾਂ ਸਕੂਲ ਵਿਚ ਦਾਖਲ ਹੋਏ। ਪਰ ਸਕੂਲ ਦੇ ਮਾਸਟਰ ਪੰਡਿਤ ਪੋਹਲੋ ਰਾਮ ਵੱਲੋਂ ਇਸ ਗੱਲੋਂ ਕੁੱਟਣ ਉੱਤੇ ਕਿ ਉਹ ਬਰਸਾਤ ਵਿਚ ਅਛੂਤ ਹੁੰਦਿਆਂ ਕਮਰੇ ਵਿਚ ਦਾਖਲ ਕਿਉਂ ਹੋਇਆ ਹੈ? ਉਹਨਾਂ ਨੂੰ ਸਕੂਲ ਛੱਡਣਾ ਪਿਆ। ਇਸ ਘਟਨਾ ਨੇ ਬਾਲਕ ਮੰਗੂ ਰਾਮ ਦੇ ਮਨ ਅਤੇ ਤਨ ਨੂੰ ਝੰਜੋੜ ਦਿੱਤਾ।

1909 ਦੇ ਅਖੀਰ ਵਿਚ ਨੌਜਵਾਨ ਮੰਗੂ ਰਾਮ ਰੁਜ਼ਗਾਰ ਲਈ ਅਮਰੀਕਾ ਚਲੇ ਗਏ ਤੇ ਸਤੰਬਰ 1910 ਵਿਚ ਕੈਲੇਫੋਰਨੀਆ ਪੁੱਜੇ। 1913 ਵਿਚ ਗਦਰ ਪਾਰਟੀ ਬਣੀ ਅਤੇ ਅਛੂਤ ਮੰਗੂ ਰਾਮ ਭਾਰਤ ਦੀ ਆਜ਼ਾਦੀ ਲਈ ਗਦਰ ਪਾਰਟੀ ਵਿਚ ਸ਼ਾਮਲ ਹੋ ਗਿਆ ਅਤੇ ਉੱਘਾ ਆਗੂ ਬਣ ਨਿਕਲਿਆ। 1915 ਵਿਚ ਚਾਰ ਸਾਥੀਆਂ ਹਰੀ ਸਿੰਘ ਬੱਦੋਵਾਲੀਆ (ਉਸਮਾਨ), ਗੰਭੀਰ ਸਿੰਘ, ਚਰਨ ਦਾਸ ਅਤੇ ਹਰਨਾਮ ਚੰਦ ਅਮਰੀਕਾ ਤੋਂ ਅਸਲਾ ਲੈ ਕੇ ਭਾਰਤ ਚੱਲ ਪਏ। ਸਾਰਿਆਂ ਦੇ ਫਰਜ਼ੀ ਨਾਂ ਰੱਖੇ ਗਏ ਅਤੇ ਬਾਬੂ ਮੰਗੂ ਰਾਮ ਦਾ ਨਾਂ ਨਿਜ਼ਾਮੂਦੀਨ ਰੱਖਿਆ ਗਿਆ। ਉਹਨਾਂ ਦਿਨਾਂ ਵਿਚ ਪਹਿਲਾ ਸੰਸਾਰ ਯੁੱਧ ਲੱਗਾ ਹੋਇਆ ਸੀ। ਜਰਮਨਾਂ ਨੇ ਗਦਰ ਪਾਰਟੀ ਨੂੰ ਮਦਦ ਦੇਣ ਦਾ ਵਾਅਦਾ ਕੀਤਾ ਹੋਇਆ ਸੀ। ਜਦੋਂ ਅਸਲੇ ਨਾਲ ਲੱਦਿਆ ਜਹਾਜ਼ ਪਹੁੰਚਿਆ ਤਾਂ ਜਪਾਨੀਆਂ ਨੇ ਅੰਗਰੇਜ਼ਾਂ ਵੱਲੋਂ ਇਕ ਸਾਲ ਸਖ਼ਤ ਕੈਦ ਦੀ ਸਜ਼ਾ ਦਿੱਤੀ। ਅਚਾਨਕ ਬਾਬੂ ਜੀ ਅਤੇ ਸਾਥੀਆਂ ਨੂੰ ਖਤਰਨਾਕ ਸਮਝਦਿਆਂ ਫਾਂਸੀ ਲਾਉਣ ਦਾ ਹੁਕਮ ਦੇ ਦਿੱਤਾ। ਜਿਸ ਦਿਨ ਫਾਂਸੀ ਲੱਗਣਾ ਸੀ, ਉਸ ਤੋਂ ਪਹਿਲੀ ਰਾਤ ਜਰਮਨਾਂ ਨੇ ਉਹਨਾਂ ਨੂੰ ਛੁਡਾ ਕੇ ਬਾਬੂ ਹਰਨਾਮ ਦਾਸ ਅਤੇ ਚਰਨਦਾਸ ਨੂੰ ਬੈਂਕਾਕ ਵੱਲ ਅਤੇ ਬਾਬੂ ਜੀ ਅਤੇ ਉਹਨਾਂ ਦੇ ਬਾਕੀ ਦੇ ਸਾਥੀਆਂ ਨੂੰ ਮਨੀਲਾ ਵੱਲ ਤੋਰ ਦਿੱਤਾ।

ਤੂਫਾਨ ਕਾਰਨ ਬਾਬੂ ਜੀ ਦਾ ਸਮੁੰਦਰੀ ਜਹਾਜ਼ ਸਿੰਗਾਪੁਰ ਜਾ ਲੱਗਾ, ਜਿੱਥੇ ਦੇਸ਼ ਧਰੋਹੀਆਂ ਬੇਲਾ ਸਿੰਘ ਅਤੇ ਭਾਗ ਸਿੰਘ ਕਾਰਨ ਬਾਬੂ ਜੀ ਫਿਰ ਫੜੇ ਗਏ। ਅੰਗਰੇਜ਼ ਬਾਬੂ ਜੀ ਦੇ ਨਾਂ ਤੋਂ ਥਰ ਥਰ ਕੰਬਦੇ ਸਨ। ਜਰਮਨਾਂ ਦੀ ਮਦਦ ਨਾਲ ਬਾਬੂ ਜੀ ਉਥੋਂ ਫਿਰ ਮੌਤ ਦੇ ਮੂੰਹੋਂ ਬਚ ਫਿਲਪਾਈਨ ਪਹੁੰਚੇ। ਮਨੀਲਾ ਟਾਈਮਜ਼ ਵਿਚ ਅੰਗਰੇਜ਼ਾਂ ਵੱਲੋਂ ਬਾਬੂ ਜੀ ਨੂੰ ਤੋਪ ਨਾਲ ਉਡਾਉਣ ਦੀ ਖ਼ਬਰ ਵੱਡੀਆਂ-ਵੱਡੀਆਂ ਸੁਰਖੀਆਂ ਵਿਚ ਛਪੀ। ਬਾਬੂ ਜੀ ਦੀ ਥਾਂ ਅੰਗਰੇਜ਼ਾਂ ਨੇ ਕਿਸੇ ਹੋਰ ਨੂੰ ਤੋਪ ਨਾਲ ਉਡਾ ਕੇ ਆਪਣੀ ਨਾਕਾਮਯਾਬੀ ਨੂੰ ਛੁਪਾਇਆ। ਬਾਬੂ ਜੀ ਦੇ ਸ਼ਹੀਦ ਹੋਣ ਦੀ ਖ਼ਬਰ ਪਿੰਡ ਪੁੱਜੀ ਤਾਂ ਬਾਬੂ ਜੀ ਦੀ ਪਤਨੀ ਬੀਬੀ ਪਰੇਮੀ ਦੀ ਸ਼ਾਦੀ (ਚਾਦਰ-ਅੰਦਾਜਾ) ਬਾਬੂ ਜੀ ਦੇ ਵੱਡੇ ਭਰਾ ਬਾਬੂ ਗੰਗਾ ਰਾਮ ਨਾਲ ਕਰ ਦਿੱਤੀ। 1918 ਵਿਚ ਪਹਿਲਾ ਸੰਸਾਰ ਯੁੱਧ ਖਤਮ ਹੋਣ ਨਾਲ ਜਰਮਨਾਂ ਦੀ ਹਾਰ ਨਾਲ ਗਦਰ ਪਾਰਟੀ ਦੀ ਤਾਕਤ ਨੂੰ ਸਖ਼ਤ ਧੱਕਾ ਲੱਗਾ। 1922 'ਚ ਪ੍ਰਿੰਸ ਆਫ਼ ਵੇਲਜ਼ ਦੁਨੀਆਂ ਦਾ ਦੌਰਾ ਕਰਦਾ-ਕਰਦਾ ਮਨੀਲਾ ਪੁੱਜਾ ਤਾਂ ਬਾਬੂ ਜੀ ਨੂੰ ਗਦਰ ਪਾਰਟੀ ਦੇ ਆਗੂ ਹੋਣ ਕਰਕੇ ਛੇ ਮਹੀਨੇ ਲਈ ਨਜ਼ਰਬੰਦ ਰੱਖਿਆ।

ਦਸੰਬਰ 1925 ਵਿਚ ਬਾਬੂ ਜੀ ਲੰਕਾ ਰਾਹੀਂ ਮਦੁਰਾਈ, ਮਦਰਾਸ, ਬੰਬਈ, ਪੂਨਾ, ਸਿਤਾਰਾ, ਨਾਗਪੁਰ, ਦਿੱਲੀ ਤੇ ਦੇਹਰਾਦੂਨ ਹੁੰਦੇ ਹੋਏ ਪੰਜਾਬ ਪੁੱਜੇ। ਜਦੋਂ ਬਾਬੂ ਜੀ ਮਦੁਰਾਈ ਦਾ ਮਿਨਾਕਸ਼ੀ ਮੰਦਰ ਵੇਖਣ ਗਏ ਤਾਂ ਉਹਨਾਂ ਦਾ ਚੰਗਾ ਪਹਿਰਾਵਾ ਦੇਖ ਕੇ ਉਹਨਾਂ ਨੂੰ ਅਖੌਤੀ ਉੱਚ ਜਾਤੀ ਦਾ ਸਮਝ ਕੇ ਇਹ ਸਲਾਹ ਦਿੱਤੀ ਗਈ ਕਿ ਉਹ ਅਛੂਤਾਂ ਦੀ ਭਿੱਟ (ਛੋਹ) ਤੋਂ ਬਚਣ। ਪੰਜਾਬ ਪਹੁੰਚਦਿਆਂ-ਪਹੁੰਚਦਿਆਂ ਬਾਬੂ ਜੀ ਦੇ ਵਿਚਾਰਾਂ ਵਿਚ ਪਹਾੜ ਜਿੱਡੀ ਤਬਦੀਲੀ ਆਈ। ਉਹਨਾਂ ਨੇ ਸੋਚਿਆ ਕਿ ਮੈਂ ਜਿਹਨਾਂ ਲਈ ਜਾਨ ਹਥੇਲੀ ਤੇ ਰੱਖੀ ਸੀ, ਉਹ ਤਾਂ ਸਿਰਫ਼ ਅੰਗਰੇਜ਼ਾਂ ਦੇ ਹੀ ਗੁਲਾਮ ਹਨ। ਪਰ ਮੇਰੇ ਲੋਕ ਅੰਗਰੇਜ਼ਾਂ ਦੇ ਗੁਲਾਮਾਂ ਦੇ ਵੀ ਗੁਲਾਮ ਹਨ। ਉਹਨਾਂ ਨੇ ਗਦਰ ਪਾਰਟੀ ਦੇ ਸਾਨਫਰਾਂਸਿਸਕੋ ਵਿਖੇ ਹੈਡਕੁਆਰਟਰ ਨੂੰ ਆਪਣੇ ਦੇਸ਼ ਦੀ ਆਜ਼ਾਦੀ ਦੇ ਨਾਲ ਨਾਲ ਅਛੂਤਾਂ ਦੀ ਆਜ਼ਾਦੀ ਲਈ ਵੀ ਲੜਨ ਦੀ ਇੱਛਾ ਲਿਖ ਭੇਜੀ, ਜੋ ਉਹਨਾਂ ਪ੍ਰਵਾਨ ਕਰ ਲਈ।


BABU MANGU RAM JI
14-01-1886 - 22-04-1980
FOUNDER: AD-Dharam Mandal, Punjab

ਪੰਜਾਬ ਆਉਣ ਉੱਤੇ ਬਾਬੂ ਜੀ ਦੀ ਦੂਜੀ ਸ਼ਾਦੀ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਬਾਂਦਰ ਜਟਾਣਾਂ ਦੀ ਬੀਬੀ ਬਿਸ਼ਨ ਕੌਰ ਨਾਲ ਹੋਈ ਜਿਸ ਤੋਂ ਚਾਰ ਬੱਚੇ ਲਕਸ਼ਮੀ ਦੇਵ (ਦਾਸ), ਚਤਰਸੈਨ, ਧਰਮਵੀਰ ਤੇ ਮੇਘਰਾਜ ਪੈਦਾ ਹੋਏ। ਬਾਬੂ ਜੀ ਨੇ ਅਛੂਤਾਂ ਨੂੰ ਪੜ੍ਹਾਉਣ ਲਈ ਆਪਣੇ ਪਿੰਡ ਵਿਚ ਆਦਿ ਧਰਮ ਸਕੂਲ ਖੋਲ੍ਹਿਆ। 11-12 ਜੂਨ 1926 ਨੂੰ ਪਿੰਡ ਵਿਖੇ ਉੱਤਰੀ ਭਾਰਤ ਦੇ ਅਛੂਤਾਂ ਦੀ ਇਕ ਕਾਨਫਰੰਸ ਬੁਲਾਈ। ਜਿਸ 'ਚ ਹਿੰਦੂਆਂ ਆਰੀਆਂ ਵੱਲੋਂ ਅਛੂਤਾਂ ਨਾਲ ਕੀਤੇ ਜਾਂਦੇ ਬੁਰੇ ਵਰਤਾਓ ਬਾਰੇ ਜਾਣਕਾਰੀ ਦਿੱਤੀ। ਉਹਨਾਂ ਨੇ ਦੱਸਿਆ ਕਿ ਅਛੂਤ ਹਿੰਦੂ ਨਹੀਂ ਹਨ ਸਗੋਂ ਭਾਰਤ ਦੇ ਆਦਿ ਵਾਸੀ ਹਨ। ਅਤੇ ਸਾਡਾ ਧਰਮ ਆਦਿ ਧਰਮ ਹੈ। ਹਿੰਦੂ ਆਰੀਆ ਵਿਦੇਸ਼ੀ ਹਨ ਅਤੇ ਅਛੂਤ ਦੁਨੀਆਂ ਦੀ ਸਭ ਤੋਂ ਮਹਾਨ ਸਿੰਧੂ ਘਾਟੀ ਦੀ ਸਭਿਅਤਾ ਦੇ ਸਿਰਜਕ ਹਨ। ਬਾਬੂ ਜੀ ਦੇ ਆਦਿ ਧਰਮ ਦੇ ਪ੍ਰੇਰਨਾ ਸਰੋਤ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਆਦਿ ਅਛੂਤ ਮਹਾਂਪੁਰਸ਼ ਸਨ।

ਜਨਵਰੀ 1928 ਵਿਚ ਰਾਇਲ ਕਮਿਸ਼ਨ, ਅਕਤੂਬਰ 1928 ਵਿਚ ਸਾਈਮਨ ਕਮਿਸ਼ਨ ਤੇ ਅਪ੍ਰੈਲ 1932 ਵਿਚ ਲੋਥੀਅਨ ਕਮੇਟੀ ਨੂੰ ਬਾਬੂ ਜੀ ਨੇ ਹਜ਼ਾਰਾਂ ਆਦਿ ਧਰਮੀਆਂ ਸਮੇਤ ਮਿਲ ਕੇ ਆਪਣਾ ਪੱਖ ਪੇਸ਼ ਕੀਤਾ ਕਿ ਕਿਵੇਂ ਵਿਦੇਸ਼ੀ ਹਿੰਦੂ ਸਦੀਆਂ ਤੋਂ ਸਾਨੂੰ ਗੁਲਾਮ ਬਣਾਈ ਬੈਠੇ ਹਨ। ਸਾਈਮਨ ਕਮਿਸ਼ਨ ਨੂੰ ਮਿਲਣ ਤੇ ਨਾਲਾ ਲਾਜਪਤ ਰਾਏ ਨੇ ਬਾਬੂ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਜਬਰੀ ਰੋਕਿਆ, ਜਿਸ ਨਾਲ ਹੱਥੋਪਾਈ ਵਿਚ ਬਾਬੂ ਜੀ ਜ਼ਖਮੀ ਵੀ ਹੋ ਗਏ ਸਨ।

1931 ਦੀ ਮਰਦਮਸ਼ੁਮਾਰੀ ਵਿਚ ਬਾਬੂ ਜੀ ਨੇ ਆਦਿ ਧਰਮ ਨੂੰ ਧਰਮ ਵਜੋਂ ਪ੍ਰਵਾਨਿਤ ਕਰਵਾ ਲਿਆ। ਆਦਿ ਧਰਮ ਲਿਖਾਉਣ ਉੱਤੇ ਅਛੂਤਾਂ ਦਾ ਸਮਾਜਿਕ ਬਾਈਕਾਟ ਕੀਤਾ ਗਿਆ। ਸੈਂਕੜੇ ਜ਼ਖਮੀ ਹੋਏ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਦੋ ਆਦਿ ਧਰਮੀ ਸ਼ਹੀਦ ਹੋ ਗਏ ਪਰ ਫਿਰ ਵੀ ਚਾਰ ਲੱਖ ਅਠਾਰਾਂ ਹਜ਼ਾਰ ਸੱਤ ਸੌ ਉਨਾਸੀ (4.18.779) ਅਛੂਤਾਂ ਨੇ ਆਦਿ ਧਰਮ ਨੂੰ ਧਰਮ ਲਿਖਵਾਇਆ। ਗੋਲਮੇਜ਼ ਕਾਨਫਰੰਸਾਂ ਵਿਚ ਬਾਬੂ ਜੀ ਨੇ ਗਾਂਧੀ ਦੀ ਥਾਂ ਡਾ. ਅੰਬੇਡਕਰ ਨੂੰ ਆਦਿ ਧਰਮੀਆਂ ਦਾ ਨੁਮਾਇੰਦਾ ਹੋਣ ਦੀਆਂ ਤਾਰਾਂ ਲੰਡਨ ਭੇਜੀਆਂ (ਜਾਤੀ ਨਿਰਣੇ) ਵਿਚ ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਇਸਾਈਆਂ ਆਦਿ ਧਰਮੀਆਂ (ਅਨੁਸੂਚਿਤ ਜਾਤੀਆਂ) ਨੂੰ ਮਿਲੇ ਹੱਕਾਂ 'ਚੋਂ ਸਿਰਫ਼ ਆਦਿ ਧਰਮੀਆਂ ਦੇ ਹੱਕਾਂ ਦੇ ਵਿਰੋਧ ਵਿਚ ਗਾਂਧੀ ਜੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਬਾਬੂ ਜੀ ਨੇ ਵੀ ਮਰਨ ਵਰਤ ਰੱਖ ਦਿੱਤਾ। ਇਹ ਮਰਨ ਵਰਤ 28 ਦਿਨ ਚੱਲਿਆ, ਜਿਸਦੀ ਗਾਂਧੀ ਜੀ ਦੇ ਮਰਨ ਵਰਤ ਦੇ ਖ਼ਿਲਾਫ਼ ਮਰਨ ਵਰਤ ਹੋਣ ਦੀ ਦੁਨੀਆਂ ਦੇ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਮਿਲਦੀ।

1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ ਅੱਠ ਸੀਟਾਂ ਵਿਚੋਂ ਸੱਤ ਉੱਤੇ ਆਦਿ ਧਰਮ ਮੰਡਲ ਦੇ ਐਮ. ਐਲ. ਏ. ਬਣੇ। ਅੱਠਵੇਂ ਕਾਂਗਰਸੀ ਐਮ. ਐਲ. ਏ. ਸਰਦਾਰ ਮੂਲਾ ਸਿੰਘ ਵੀ ਆਦਿ ਧਰਮ ਮੰਡਲ ਵਿਚ ਸ਼ਾਮਲ ਹੋ ਗਏ ਸਨ। 1945 ਤੋਂ 1952 ਤੱਕ ਬਾਬੂ ਜੀ ਵੀ ਐਮ. ਐਲ. ਏ. ਰਹੇ। ਆਦਿ ਧਰਮ ਮੰਡਲ ਹਫਤਾਵਾਰ ਅਖ਼ਬਾਰ 'ਆਦਿ ਡੰਕਾ' ਉਰਦੂ ਅਤੇ ਪੰਜਾਬੀ ਵਿਚ ਕੱਢਦਾ ਸੀ।

1947 ਵਿਚ ਮੁਸਲਿਮ ਲੀਗੀਆਂ ਨੇ ਬਾਬੂ ਜੀ ਨੂੰ ਲਾਹੌਰ ਵਿਚ ਅਗਵਾ ਕਰਕੇ ਪਾਕਿਸਤਾਨ ਦੇ ਹੱਕ ਵਿਚ ਵੋਟ ਪਾਉਣ ਲਈ ਕਿਹਾ। ਜੇਕਰ ਬਾਬੂ ਜੀ ਅਜਿਹਾ ਕਰਦੇ ਤਾਂ ਦਿੱਲੀ ਦੇ ਨਾਲ ਕਿਲ੍ਹੇ ਉਪਰ ਪਾਕਿਸਤਾਨ ਦਾ 15 ਅਗਸਤ 1947 ਨੂੰ ਝੰਡਾ ਝੂਲਦਾ। ਪਰ ਬਾਬੂ ਜੀ ਨੇ ਦੇਸ਼ ਭਗਤੀ ਦਾ ਸਬੂਤ ਦਿੱਤਾ, ਜਿਸ ਦੀ ਦੇਣ ਦੇਸ਼ ਵਾਸੀ ਕਦੀ ਨਹੀਂ ਭੁਲਾ ਸਕਦੇ। 26 ਜਨਵਰੀ 1950 ਨੂੰ ਲਾਗੂ ਹੋਏ ਨਵੇਂ ਸੰਵਿਧਾਨ ਵਿਚ ਬਾਬੂ ਜੀ ਦੇ ਆਦਿ ਧਰਮ ਮੰਡਲ ਦੀਆਂ 11-12 ਜੂਨ 1926 ਦੇ ਜਲਸੇ ਦੀਆਂ ਮੰਗਾਂ ਨੂੰ ਪ੍ਰਵਾਨ ਕਰ ਲਿਆ ਗਿਆ। ਉਸੇ ਸਾਲ 64 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਨੇ ਸਿਆਸਤ ਅਤੇ ਸਮਾਜ ਸੇਵਾ ਦੀ ਸਰਗਰਮੀ ਤੋਂ ਕੌਮ ਤੋਂ ਇਜਾਜ਼ਤ ਮੰਗੀ ਅਤੇ ਨੌਜਵਾਨਾਂ ਨੂੰ ਅੱਗੇ ਆਉਣ ਲਈ ਕਿਹਾ। ਪਰ ਆਦਿ ਧਰਮੀਆਂ ਵਿਚੋਂ ਕੁਝ ਗਦਾਰ ਮੰਤਰੀ, ਐਮ. ਪੀ., ਐਮ. ਐਲ. ਏ. ਦੇ ਰੂਪ ਵਿਚ ਅੰਗ ਆ ਕੇ ''ਰਾਜੇ ਸ਼ੀਂਹ ਮੁਕੱਦਮ ਕੁੱਤੇ'' ਵਾਲਾ ਰੋਲ ਅਦਾ ਕੀਤਾ। 1971 'ਚ ਮੁਕੇਰੀਆਂ ਵਿਖੇ ਬਾਬੂ ਜੀ ਨੇ ਇਹਨਾਂ ਗਦਾਰਾਂ ਨੂੰ ਸੰਬੋਧਨ ਕਰਕੇ ਹੀ ਕਿਹਾ ਸੀ, ''ਤੁਹਾਨੂੰ ਹੱਕ ਦਿਵਾਉਣ ਵਿਚ ਅਨਪੜ੍ਹਾਂ ਦਾ ਖਾਸ ਕਰਕੇ ਵਧੇਰੇ ਹੱਥ ਹੈ। ਹੁਣ ਤੁਸੀਂ ਪੜ੍ਹ-ਲਿਖ ਗਏ ਹੋ ਤੇ ਵਜ਼ੀਰ ਬਣ ਗਏ ਹੋ ਤਾਂ ਹੁਣ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਅਨਪੜ੍ਹਾਂ ਤੇ ਗਰੀਬਾਂ ਨੂੰ ਨਾਲ ਲੈ ਕੇ ਚੱਲੋ।

15 ਅਗਸਤ 1972 ਨੂੰ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ ਨੇ ਬਾਬੂ ਜੀ ਨੂੰ ਫਰੀਡਮ ਫਾਈਟਰ ਹੋਣ ਨਾਤੇ ਤਾਮਰ ਪੱਤਰ ਅਤੇ ਦੋ ਸੌ ਰੁਪਏ ਮਹੀਨਾ ਪੈਨਸ਼ਨ ਲਾਈ। 1976 ਵਿਚ ਬਾਬੂ ਜੀ ਦੇ ਹੱਥੀਂ ਲਾਏ ਬੂਟੇ ਆਦਿ ਧਰਮ ਮੰਡਲ ਦੀ ਗੋਲਡਨ ਜੁਬਲੀ ਮਨਾਈ ਗਈ। ਇਸੇ ਸਬੰਧ ਵਿਚ ਆਦਿ ਧਰਮ ਬ੍ਰਦਰਹੁੱਡ ਯੂ. ਕੇ. ਦੇ ਸੱਦੇ ਉੱਤੇ 1977 ਵਿਚ ਇੰਗਲੈਂਡ ਗਏ। ਇਹ ਕਿੱਡਾ ਦੁਖਾਂਤ ਹੈ ਕਿ ਦੁਆਬੇ ਦੇ ਇਕ ਆਦਿ ਧਰਮੀ ਮੰਤਰੀ ਮਾ: ਗੁਰਵੰਤਾ ਸਿੰਘ ਨੇ 1976 'ਚ ਸੋਵੀਨਰ ਛਾਪ ਕੇ ਬਾਬੂ ਜੀ ਨੂੰ ਚਾਰ ਸਾਲ ਪਹਿਲਾਂ ਹੀ ਮਰਿਆ ਲਿਖਿਆ। ਕੀ ਅਜਿਹੇ ਆਦਿ ਧਰਮੀ ਮੰਤਰੀਆਂ ਜਾਂ ਉਹਨਾਂ ਦੇ ਸਾਹਿਬਜ਼ਾਦਿਆਂ ਦੇ ਹੱਥ ਕੌਮ ਦੇ ਹੱਕ ਸੁਰੱਖਿਅਤ ਰਹਿ ਸਕਦੇ ਹਨ?

22 ਅਪ੍ਰੈਲ 1980 ਨੂੰ 95 ਸਾਲਾਂ ਦੀ ਉਮਰ ਵਿਚ ਪੀ. ਜੀ. ਆਈ. ਚੰਡੀਗੜ੍ਹ ਵਿਖੇ ਦੱਬੇ ਕੁਚਲੇ ਲੋਕਾਂ ਦਾ ਮਸੀਹਾ, ਪ੍ਰਸਿੱਧ ਦੇਸ਼ ਭਗਤ, ਗਦਰ ਪਾਰਟੀ ਦਾ ਨਿਧੜਕ ਆਗੂ ਅਤੇ ਆਦਿ ਧਰਮ ਦਾ ਬਾਨੀ ਬਾਬੂ ਮੁੱਗੋਵਾਲੀਆ ਸਦੀਵੀ ਵਿਛੋੜਾ ਦੇ ਗਿਆ। ਬਾਬੂ ਜੀ ਨੇ ਆਦਿ ਧਰਮੀਆਂ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਇਆ ਅਤੇ ਭਾਰਤ ਉੱਤੇ ਕਾਬਜ਼ ਆਰੀਆ ਤੋਂ ਆਜ਼ਾਦ ਹੋਣ ਲਈ ਆਦਿ ਧਰਮੀਆਂ ਨੂੰ ਜਥੇਬੰਦ ਕੀਤਾ। ਦੁਨੀਆਂ 'ਚ ਉਹਨਾਂ ਦਾ ਨਾਂ ਹੀ ਰਹਿ ਜਾਂਦਾ ਹੈ, ਜੋ ਮਨੁੱਖਤਾ ਲਈ ਆਪਣਾ ਆਪਾ ਕੁਰਬਾਨ ਕਰ ਜਾਂਦੇ ਹਨ।

ਅਸੀਂ ਇਹ ਪ੍ਰਣ ਕਰੀਏ ਕਿ ਸਾਡੇ ਦੇਸ਼ ਅਤੇ ਸਮਾਜ ਵਿਚ ਜੋ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਅਸਮਾਨਤਾ ਹੈ, ਉਸਨੂੰ ਜੜ੍ਹੋਂ ਪੁੱਟਣ ਲਈ ਅਸੀਂ ਆਪਣਾ ਤਨ, ਮਨ, ਧਨ ਅਰਪਣ ਕਰਨਾ ਹੈ। ਇਸਦੇ ਲਈ ਆਰੀਆਂ ਦੇ ਸਾਮਰਾਜਵਾਦ ਨੂੰ ਖਤਮ ਕਰਨਾ ਹੋਵੇਗਾ। ਜਿਸ ਦੇ ਖ਼ਿਲਾਫ਼ ਲੜਦਿਆਂ ਬਾਬੂ ਜੀ ਨੇ ਅਤੇ ਉਹਨਾਂ ਦੇ ਅਨੇਕਾਂ ਸਾਥੀਆਂ ਨੇ ਕੀਮਤੀ ਜੀਵਨ ਅਰਪਣ ਕੀਤੇ।

# ਆਦਿ ਵਾਸੀਆਂ ਨੂੰ ਏਕੇ ਵਿਚ ਪ੍ਰੋਣ ਵਾਲਾ ਆਦਿ ਧਰਮੀ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ



ਚਰਨਜੀਤ ਸਿੰਘ ਬਿਨਪਾਲਕੇ
91-98148-39944

ਗੁਰੂ ਰਵਿਦਾਸ ਜੀ ਦੇ ਪਾਵਨ ਕਥਨ, "ਅਛੂਤ ਰਾਜ ਬਿਛੁਰਤ ਦੁਖੁ ਪਾਇਆ" ਵਿਚ ਗੁਰੂ ਸਾਹਿਬ ਨੇ ਇਕ ਰਾਜੇ ਦੇ ਕੇਵਲ ਇਕ ਰਾਤ ਦੇ ਸੁਪਨੇ ਵਿਚ ਰਾਜ-ਭਾਗ (ਖੁਸ ਜਾਣ) ਵਿੱਛੜਨ ਕਾਰਨ ਅਤਿਅੰਤ ਦੁਖੀ ਹੋਣ ਦਾ ਸੰਕੇਤ ਦਿੱਤਾ ਹੈ। ਪ੍ਰੰਤੂ ਜਿਹੜੀਆਂ ਕੌਮਾਂ ਤੋਂ ਉਹਨਾਂ ਦਾ ਰਾਜ-ਭਾਗ ਖੋਹ ਕੇ ਉਹਨਾਂ ਨੂੰ 5000 ਸਾਲਾਂ ਤੱਕ ਨੀਚ, ਅਛੂਤ, ਗੁਲਾਮ, ਦਾਸ ਬਣਾ ਕੇ ਰੱਖਿਆ ਹੋਵੇ ਉਨ੍ਹਾਂ ਦੀ ਦਸ਼ਾ ਕਿਹੋ ਜਿਹੀ ਹੋਵੇਗੀ ਸ਼ਾਇਦ ਇਸ ਦਾ ਅੰਦਾਜ਼ਾ ਲਗਾਉਣਾ ਬਹੁਤ ਕਠਿਨ ਹੋਵੇਗਾ। ਰਾਜ ਦੇ ਖੁਸ ਜਾਣ ਦਾ ਮੁੱਖ ਕਾਰਨ ਸਾਨੂੰ ਗੁਰਮਤਿ ਸਿਧਾਂਤਾਂ ਵਿਚੋਂ ਵੀ ਪ੍ਰਾਪਤ ਹੁੰਦਾ ਹੈ ਕਿ, "ਧਰਮ ਬਿਨਾ ਨਹੀਂ ਰਾਜ ਚਲੇ ਹੈਂ, ਰਾਜ ਬਿਨਾ ਸਭ ਦਲੇ ਮਲੇ ਹੈਂ॥" ਕਈ ਸਦੀਆਂ ਤੋਂ ਦੁਨੀਆ ਉੱਤੇ ਧਰਮ ਦੀ ਗੱਲ ਹੋ ਰਹੀ ਹੈ। ਸਿੰਧੂ ਘਾਟੀ, ਮਹਿੰਜਦੜੋ ਦੀ ਸੱਭਿਅਤਾ ਵੇਲੇ ਭਾਰਤ ਵਿਚ ਸੱਚੇ-ਸੁੱਚੇ ਧਰਮ ਦਾ ਬੋਲ-ਬਾਲਾ ਸੀ ਜਿਹੜਾ ਕੁਦਰਤ ਦੇ ਨੇਮਾਂ ਅਨੁਸਾਰ ਸੀ। ਲੋਕਾਂ ਵਿਚ ਉਸ ਵੇਲੇ ਕੋਈ ਝੂਠ, ਫਰੇਬ, ਧੋਖਾ, ਵਿਸ਼ਵਾਸ ਘਾਤ, ਛੜ-ਯੰਤਰ ਆਦਿ ਜਿਹੇ ਘਿਣਾਉਣੀ ਤੇ ਮਨੁੱਖਤਾ ਮਾਰੂ ਨੀਤੀਆਂ ਨਹੀਂ ਸੀ। ਮਨੁੱਖ ਕੇਵਲ ਕੁਦਰਤੀ ਵਰਤਾਰਿਆਂ ਦੇ ਵਿਨਾਸ਼ ਤੋ ਡਰਦਾ ਸੀ ਜਿਵੇਂ ਅੱਗ, ਪਾਣੀ ਆਦਿ।ਇਸੇ ਕਰਕੇ ਉਹ ਇਨ੍ਹਾਂ ਦੀ ਪੂਜਾ ਕਰਦਾ ਸੀ। ਹਜ਼ਾਰਾਂ ਸਾਲਾਂ ਦੀ ਗੁਲਾਮੀ ਦੀ ਦਾਸਤਾਂ ਤੋਂ ਬਾਅਦ ਆਦਿ ਵਾਸੀ ਰਹਿਬਰਾਂ ਭਗਵਾਨ ਵਾਲਮੀਕਿ, ਗੁਰੂ ਨਾਮਦੇਵ, ਗੁਰੂ ਰਵਿਦਾਸ, ਗੁਰੂ ਕਬੀਰ ਜੀ ਨੇ ਸੰਸਾਰ ਨੂੰ ਸੱਚੇ-ਸੁਚੇ ਧਰਮ ਦਾ ਸੰਕਲਪ ਪ੍ਰਦਾਨ ਕੀਤਾ। ਪ੍ਰੰਤੂ ਕੀ ਅੱਜ ਅਸੀਂ ਇਸ ਸੰਕਲਪ ਨੂੰ ਅਮਲੀ ਜਾਮਾ ਪਹਿਨਾ ਸਕੇਂ ਹਾਂ? ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦੇ ਸੰਕਲਪ ਨੂੰ ਅੱਜ 650 ਸਾਲ ਹੋਣ ਜਾ ਰਹੇ ਹਨ ਪ੍ਰੰਤੂ ਕੀ ਅੱਜ ਬੇਗਮਪੁਰੇ ਦਾ ਨਾਮੋ-ਨਿਸ਼ਾਨ ਵੀ ਕਿਤੇ ਨਜ਼ਰੀ ਪੈ ਰਿਹਾ ਹੈ? ਸਮੁੱਚੇ ਭਾਰਤ ਦੇ ਆਦਿ ਵਾਸੀਆਂ, ਸ਼ੂਦਰਾਂ, ਦਲਿਤਾਂ, ਗੁਲਾਮਾਂ, ਅਛੂਤਾਂ ਲਈ ਕੀ ਕੋਈ ਧਰਮ ਸਾਰਥਕ ਹੋ ਸਕਿਆ ਹੈ? ਇਹ ਲੋਕ ਅੱਜ ਵੀ ਆਪਣੇ ਮਾਨ-ਸਨਮਾਨ ਲਈ ਜੱਦੋ-ਜਹਿਦ ਕਰ ਰਹੇ ਹਨ। ਅੱਜ ਵੀ ਇਨ੍ਹਾਂ ਨਾਲ ਜਾਤੀ ਭੇਦ-ਭਾਵ ਹੋ ਰਿਹਾ ਹੈ।

ਗਦਰੀ ਬਾਬੇ ਮੰਗੂ ਰਾਮ ਮੁੱਗੋਵਾਲੀਆ ਨੇ ਭਾਰਤ ਦੀ ਅੰਗਰੇਜ਼ਾਂ ਤੋਂ ਅਜ਼ਾਦੀ ਲਈ ਗਦਰ ਮਚਾਉਣ ਲਈ ਸੋਹਣ ਸਿੰਘ ਭਕਨਾ ਨਾਲ ਸੰਪਰਕ ਕਰ ਕੇ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਮੰਤਵ ਲਈ ਉਹ ਅਮਰੀਕਾ, ਸਿੰਘਾਪੁਰ, ਕੈਲੇਫੋਰਨੀਆ, ਸਿਡਨੀ, ਜਪਾਨ, ਫਿਲਪੀਨਜ਼ ਅਤੇ ਅਨੇਕਾਂ ਦੇਸ਼ਾਂ ਵਿਚ ਲੁਕ-ਛਿਪ ਕੇ ਕੰਮ ਕਰਦੇ ਰਹੇ। ਜੰਗਲਾਂ ਵਿਚ ਸਾਲਾਂ ਬੱਧੀ ਭੁੱਖੇ ਪਿਆਸੇ ਦਿਨ ਗੁਜ਼ਾਰੇ, ਜੇਲ੍ਹਾਂ ਕੱਟੀਆਂ। ਜਪਾਨ ਦੀ ਸਰਕਾਰ ਨੇ ਬਾਬੂ ਮੰਗੂ ਰਾਮ ਨੂੰ ਇਕ ਸਾਲ ਲਈ ਜੇਲ੍ਹ ਵਿਚ ਬੰਦੀ ਬਣਾ ਕੇ ਰੱਖਿਆ।ਬਰਤਾਨਵੀ ਸਰਕਾਰ ਨੇ ਉਨ੍ਹਾਂ ਨੂੰ ਫਾਂਸੀ ਦੀ ਸਜਾ ਦਾ ਹੁਕਮ ਸੁਣਾਇਆ ਪਰ ਉਥੋਂ ਉਹ ਬਚ ਕੇ ਮਨੀਲਾ ਵੱਲ ਨੂੰ ਚਲ ਪਏ। ਬਰਤਾਨਵੀ ਪੰਜਾਬੀ ਜਾਸੂਸਾਂ ਨੇ ਮੰਗੂ ਰਾਮ ਨੂੰ ਫੜ ਲਿਆ। ਹਕੂਮਤ ਨੇ ਬਾਬੂ ਮੰਗੂ ਰਾਮ ਨੂੰ ਤੋਪ ਮੂਹਰੇ ਉਡਾਉਣ ਦਾ ਹੁਕਮ ਜਾਰੀ ਕੀਤਾ ਪ੍ਰੰਤੂ ਉਹ ਬਚ ਕੇ ਫਿਲਪੀਨਜ਼ ਪਹੁੰਚਣ ਵਿਚ ਕਾਮਯਾਬ ਹੋ ਗਏ। ਵਿਦੇਸ਼ਾਂ ਵਿਚ ਘੁੰਮਦਿਆਂ ਉਥੋਂ ਦੀ ਆਬੋ ਹਵਾ ਨੂੰ ਦੇਖ ਕੇ ਉਨ੍ਹਾਂ ਮਹਿਸੂਸ ਕੀਤਾ ਕਿ ਭਾਰਤ ਦੇ ਅਖੌਤੀ ਉੱਚ ਜਾਤੀਆਂ ਵਲੋਂ ਅਛੂਤ ਕਹੇ ਜਾਣ ਵਾਲੇ ਲੋਕਾਂ ਨਾਲ ਗੈਰ-ਮਨੁੱਖੀ, ਗੈਰ ਸੱਭਿਅਕ ਅਤੇ ਅਤਿਅੰਤ ਭੈੜਾ ਵਰਤਾਉ ਕੀਤਾ ਜਾ ਰਿਹਾ, ਅਛੂਤਾਂ ਨੂੰ ਦੋਹਰੀ ਗੁਲਾਮੀ ਝੱਲਣੀ ਪੈ ਰਹੀ ਹੈ। ਭਾਰਤ ਆ ਕੇ 1925 ਈ. ਦੇ ਆਰੰਭ ਵਿਚ ਉਨ੍ਹਾਂ ਨੇ ਸਾਨ ਫਰਾਂਸਿਸਕੋ ਸਥਿਤ ਗਦਰ ਪਾਰਟੀ ਦੇ ਦਫ਼ਤਰ ਨੂੰ ਪੱਤਰ ਲਿਖ ਕੇ ਭਾਰਤ ਵਿਚ ਅਛੂਤਾਂ ਦੇ ਗਲੋਂ ਉੱਚ ਜਾਤੀਆਂ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਸੰਘਰਸ਼ ਕਰਨ ਦੀ ਲਿਖਤੀ ਆਗਿਆ ਪ੍ਰਾਪਤ ਕਰ ਲਈ।

ਭਾਰਤ ਦੇ ਸਾਰੇ ਅਛੂਤਾਂ, ਨਿਮਾਣਿਆਂ, ਨਿਤਾਣਿਆਂ, ਗੁਲਾਮਾਂ ਨੂੰ ਇਕ ਮਾਲਾ ਵਿਚ ਪਰੋਣ ਲਈ ਉਨ੍ਹਾਂ ਨੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਗਈ। ਇਸ ਵਿਚ ਉਨ੍ਹਾਂ ਨੇ ਪਹਿਲਾਂ ਉੱਤਰੀ ਭਾਰਤ ਦੀਆਂ ਅਛੂਤ ਕਹੀਆਂ ਜਾਣ ਵਾਲੀਆਂ 36 ਜਾਤਾਂ ਨੂੰ ਸ਼ਾਮਲ ਕੀਤਾ। 11-12 ਜੂਨ 1926 ਈ: ਨੂੰ ਆਦਿ ਧਰਮ ਮੰਡਲ ਦੀ ਇਕ ਵੱਡੀ ਕਾਨਫਰੰਸ ਜਲੰਧਰ ਵਿਖੇ ਕੀਤੀ ਗਈ ਜਿਸ ਵਿਚ 5000 ਅਛੂਤਾਂ ਨੇ ਹਿੱਸਾ ਲਿਆ। ਇਸ ਕਾਨਫਰੰਸ ਵਿਚ ਇਹ ਐਲਾਨ ਕੀਤਾ ਗਿਆ ਕਿ ਅੱਜ ਤੋਂ ਅਸੀਂ ਅਲੱਗ-ਅਲੱਗ ਜਾਤਾਂ ਦੀ ਬਿਜਾਏ ਇਕੋ ਜਾਤ ਦਾ ਸਮੂਹ ਹਾਂ ਉਹ ਜਾਤ ਹੈ ਆਦਿ ਧਰਮੀ।

ਆਦਿ ਧਰਮੀ ਦੇ ਅਰਥ ਹਨ, ਆਦਿ ਤੋਂ ਭਾਵ ਪਾਰਬ੍ਰਹਮ ਭਾਵ ਕਰਤਾਰ ਅਤੇ ਧਰਮੀ ਤੋਂ ਭਾਵ ਪਵਿੱਤਰ ਨਿਯਮ (ਸ਼ੁਭ ਕਰਮ) ਸਮੁੱਚਾ ਭਾਵ ਕਿ ਪਾਰਬ੍ਰਹਮ ਦੇ ਪਵਿੱਤਰ ਨਿਯਮ ਅਪਨਾਉਣ ਵਾਲੇ ਅਤੇ ਇਨ੍ਹਾਂ ਆਦਿ ਧਰਮੀਆਂ ਦਾ ਧਰਮ ਹੈ ਆਦਿ ਧਰਮ ਭਾਵ ਪਾਰਬ੍ਰਹਮ ਦੇ ਪਵਿੱਤਰ ਨਿਯਮ। ਭਾਵ ਪਾਰਬ੍ਰਹਮ (ਕਰਤਾਰ ਜਾਂ ਪ੍ਰਮਾਤਮਾ ਜਾਂ ਪ੍ਰਭ) ਦੇ ਪਵਿੱਤਰ ਨਿਯਮ ਸਾਡਾ ਧਰਮ ਹੈ। ਆਦਿ ਧਰਮ ਦੇ ਗੁਰੂ, ਰਹਿਬਰ ਹਨ ਭਗਵਾਨ ਵਾਲਮੀਕਿ, ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ ਜੀ ਮਹਾਰਾਜ।

ਸਾਡੇ ਧਾਰਮਿਕ ਗ੍ਰੰਥ ਦਾ ਨਾਂਅ ਹੈ ਆਦਿ ਪ੍ਰਕਾਸ਼ ਗ੍ਰੰਥ। ਆਦਿ ਤੋਂ ਭਾਵ ਪਾਰਬ੍ਰਹਮ ਜਾਂ ਕਰਤਾਰ ਤੋਂ ਭਾਵ ਜਿਸ ਤੋਂ ਸ੍ਰਿਸ਼ਟੀ ਆਰੰਭ ਹੋਈ ਹੈ ਅਤੇ ਪ੍ਰਕਾਸ਼ ਤੋਂ ਭਾਵ ਪ੍ਰਗਟ ਹੋਇਆ ਅਤੇ ਗ੍ਰੰਥ ਤੋਂ ਭਾਵ ਗੁੰਦਣਾ ਭਾਵ ਅਜਿਹੀ ਪੁਸਤਕ ਜਿਸ ਵਿਚ ਮਜ਼ਮੂਨ ਗੁੰਦੇ ਗਏ ਹੋਣ। ਸਮੁੱਚਾ ਭਾਵ ਕਿ ਪਾਰਬ੍ਰਹਮ ਤੋਂ ਪ੍ਰਗਟ ਹੋਇਆ ਗ੍ਰੰਥ।

ਸਾਡਾ ਪਵਿਤਰ ਸ਼ਬਦ ਹੈ ਸੋਹੰ। ਸੋਹੰ ਤੋਂ ਭਾਵ ਉਹ ਮੈਂ ਹਾਂ ਭਾਵ ਮੈਂ ਪਾਰਬ੍ਰਹਮ ਦੀ ਅੰਸ਼ ਹਾਂ। ਭਾਵ ਦੁਨੀਆ ਦਾ ਹਰ ਜੀਵ ਪਾਰਬ੍ਰਹਮ ਦੀ ਅੰਸ਼ ਹੈ। ਇਸ ਕਰਕੇ ਜਨਮ ਤੋਂ ਕੋਈ ਵੀ ਮਨੁੱਖ ਇਕ ਉੱਚਾ ਦੂਜਾ ਨੀਵਾਂ, ਚੰਗਾ-ਮਾੜਾ, ਸ਼ੁੱਧ-ਅਸ਼ੁੱਧ ਨਹੀਂ ਹੁੰਦਾ। ਮਨੁੱਖ ਦੇ ਕੀਤੇ ਕਰਮ ਹੀ ਉਸ ਨੂੰ ਅਜਿਹਾ ਬਣਾਉਂਦੇ ਹਨ। ਸੋ ਜਨਮ ਤੋ ਦੁਨੀਆ ਦੇ ਸਾਰੇ ਹੀ ਮਨੁੱਖ ਪਵਿੱਤਰ ਪੈਦਾ ਹੁੰਦੇ ਹਨ।

ਸਾਡੇ ਧਰਮ ਦਾ ਰੰਗ ਹੈ ਗੇਰੂਆ ਭਾਵ ਗੂੜ੍ਹਾ ਲਾਲ ਜਾਂ ਲਾਖਾ ਭਾਵ ਮਜੀਠ ਦਾ। ਕਿਉਂਕਿ ਮਜੀਠ ਦਾ ਰੰਗ ਪ੍ਰਮਾਤਮਾ ਦੇ ਰੰਗ ਵਾਂਗ ਪੱਕਾ ਰੰਗ ਹੈ। ਜਦੋਂ ਇਹ ਚੜ੍ਹ ਜਾਵੇ ਤਾਂ ਫਿਰ ਉਤਰਦਾ ਨਹੀਂ ਹੈ। ਪਾਵਨ ਬਚਨ ਹਨ, "ਮੇਰੇ ਰਮਾਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥"

ਸਾਡਾ ਸ਼ੁਭ ਕਾਮਨਾ ਸੰਦੇਸ਼ ਭਾਵ ਬੋਲਾ ਜੈ ਗੁਰੂਦੇਵ! ਧੰਨ ਗੁਰੂਦੇਵ! ਹੈ। ਭਾਵ ਜਦੋਂ ਅਸੀਂ ਇਕ ਦੂਜੇ ਨੂੰ ਮਿਲਣਾ ਹੈ ਤਾਂ ਜੈ ਗੁਰੂਦੇਵ ! ਧੰਨ ਗੁਰੂਦੇਵ ! ਕਹਿ ਕੇ ਆਪਣੇ ਆਦਿ ਗੁਰੂ ਸਾਹਿਬਾਨਾਂ ਦੀ ਜੈ (ਭਾਵ ਜੀਤ, ਜਿੱਤ, ਫਤਿਹ) ਅਤੇ ਧੰਨ (ਭਾਵ ਸਾਡੇ ਗੁਰੂ ਸਾਹਿਬਾਨ ਪੁਨਯਵਾਨ, ਸ਼ਲਾਘਾਯੋਗ, ਸੁਕ੍ਰਿਤਿ ਹਨ, ਧੰਨ ਦਾ ਦੂਸਰਾ ਭਾਵ ਹੈ ਕਮਾਨ ਜਾਂ ਧਨੁੱਖ ਭਾਵ ਉਨ੍ਹਾਂ ਦੇ ਵਿਚਾਰ ਸਾਡੀ ਰੱਖਿਆ ਲਈ ਧਨੁੱਖ ਹਨ) ਪ੍ਰਗਟ ਕਰਨੀ ਹੈ।

ਆਦਿ ਧਰਮ ਦੇ ਧਰਮ ਅਸਥਾਨਾਂ ਦਾ ਨਾਂਅ ਆਦਿ ਦੁਆਰਾ ਰੱਖਿਆ ਗਿਆ। ਆਦਿ ਦੁਆਰਾ ਤੋਂ ਭਾਵ ਪਾਰਬ੍ਰਹਮ ਦਾ ਦਰਵਾਜਾ।

ਸੋ ਇਹ ਹਨ ਗਹਿਰ-ਗੰਭੀਰ ਅਰਥਾਂ ਵਾਲੇ ਆਦਿ ਧਰਮ ਦੇ ਸਿਧਾਂਤ। ਜਿਨ੍ਹਾਂ ਤੋ ਬਾਬੂ ਮੰਗੂ ਰਾਮ ਜੀ ਦੀ ਉੱਚੀ-ਸੁੱਚੀ ਸੋਚ ਤੇ ਨਜ਼ਰੀਏ ਦੀ ਝਲਕ ਪੈਂਦੀ ਹੈ। ਆਦਿ ਧਰਮ ਦੀ ਮਾਨਤਾ ਸਬੰਧੀ ਵਾਰ-ਵਾਰ ਅੰਗਰੇਜ਼ ਸਰਕਾਰ ਨੂੰ ਮੈਮੋਰੰਡਮ ਦਿੱਤੇ ਗਏ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸਹਿਯੋਗ ਨਾਲ ਫਰਵਰੀ 1930 ਈ: ਵਿਚ ਆਦਿ ਧਰਮ ਨੂੰ ਇਕ ਵੱਖਰੇ ਅਤੇ ਸੁਤੰਤਰ ਧਰਮ ਵਜੋਂ ਮਾਨਤਾ ਮਿਲ ਗਈ। 1931ਈ: ਦੀ ਮਰਦਮਸ਼ੁਮਾਰੀ ਦੀ ਰਿਪੋਰਟ ਵਿਚ 418789 ਵਿਅਕਤੀਆਂ ਨੇ ਆਪਣਾ ਧਰਮ ਆਦਿ ਧਰਮ ਲਿਖਵਾਇਆ। ਸੋ ਆਦਿ ਵਾਸੀਆਂ ਨੂੰ ਏਕੇ ਵਿਚ ਪਰੋਣ ਦਾ ਜੋ ਬੀੜਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਉਠਾਇਆ ਉਸ ਵਰਗੀ ਮਿਸਾਲ ਸਾਡੇ ਸਮਾਜ ਵਿਚ ਅੱਜ ਤੱਕ ਕਿਤੇ ਨਹੀਂ ਮਿਲਦੀ।

ਆਉ ਆਦਿ ਧਰਮ ਦੇ ਇਸ ਕਾਫਲੇ ਨੂੰ ਵੱਡਾ ਤੇ ਮਜ਼ਬੂਤ ਕਰਕੇ ਪੂਰੇ ਭਾਰਤ ਵਿਚ ਫੈਲਾਅ ਦਈਏ ਕਿਉਂ ਕਿ ਇਕ ਸਾਂਝੇ ਧਰਮ ਤੋਂ ਬਿਨਾ ਪੂਰੇ ਭਾਰਤ ਵਿਚ ਰਾਜਨੀਤਿਕ ਸ਼ਕਤੀ ਹਾਸਲ ਨਹੀਂ ਹੋਣੀ ਅਤੇ ਰਾਜਨੀਤਕ ਸ਼ਕਤੀ ਤੋਂ ਬਿਨ੍ਹਾ ਦਲਿਤ ਸਮਾਜ ਦਾ ਕਲਿਆਣ ਸੰਭਵ ਨਹੀਂ।

# ਅੱਥਰੂ ਬੋਲਦੇ ਹਨ

ਪ੍ਰੇਮਲਤਾ (ਪ੍ਰਿੰਸੀਪਲ)
91-98143-41746



ਨੇਹਾ ਬੇਟੀ ਹੁਣ ਤੂੰ ਮੇਰੇ ਪੈਰ੍ਹਾਂ 'ਤੇ ਬੈਠ ਜਾ, ਮੈਂ ਤੈਨੂੰ ਝੂਟੇ ਦੇਵਾਂਗੀ, ਮੰਜ਼ੇ 'ਤੇ ਲੇਟੀ ਹੋਈ ਦਾਦੀ ਨੇ ਪੋਤੀ ਨੂੰ ਕਿਹਾ। ਸੁਮਿੱਤਰਾ ਕੜਕਵੀਂ ਆਵਾਜ਼ 'ਚ ਬੋਲੀ, ਮਾਂ ਜੀ ਤੁਹਾਨੂੰ ਕਈ ਵਾਰ ਕਿਹਾ ਹੈ, ਨੇਹਾ ਨੂੰ ਇਸ ਤਰ੍ਹਾਂ ਝੂਟੇ ਨਾ ਦਿਓ ਕੋਈ ਦੁਰਘਟਨਾ ਹੋ ਸਕਦੀ ਹੈ। ਸਹਿਮੀ ਹੋਈ ਦਾਦੀ, ਨੇਹਾ ਨੂੰ ਕਹਿਣ ਲੱਗੀ,"ਹੁਣ ਤੂੰ ਆਪਣੇ ਮੰਮਾ ਦੇ ਕਮਰੇ 'ਚ ਜਾ ਕੇ ਸਕੂਲ ਦਾ ਕੰਮ ਕਰ ਲੈ, ਝੂਟੇ ਕੱਲ੍ਹ ਨੂੰ ਦੇਵਾਂਗੀ। ਚੰਗਾ ਦਾਦੀ ਝੂਟੇ ਨਾ ਦਿਓ, ਕਲ੍ਹ ਵਾਲੀ ਕਹਾਣੀ ਪੂਰੀ ਕਰ ਦੇਵੋ, ਪੂਰਨ ਨੂੰ ਖ਼ੂਹ 'ਚ ਸੁੱਟ ਦਿੰਦੇ ਹਨ, ਨੇਹਾ ਕਹਿਣ ਲੱਗੀ। ਡਰਦੀ-ਡਰਦੀ ਦਾਦੀ ਨੇ ਕਹਾਣੀ ਸ਼ੁਰੂ ਕਰ ਦਿੱਤੀ,"ਖ਼ੂਹ ਨੇੜਿਓ ਗੋਰਖ ਨਾਥ ਆਪਣੇ ਚੇਲਿਆਂ ਨਾਲ਼ ਜਾ ਰਹੇ ਸਨ, ਉਨ੍ਹਾਂ ਦੇ ਇੱਕ ਚੇਲੇ ਨੇ ਪਾਣੀ ਲੈਣ ਲਈ ਖ਼ੂਹ 'ਚ ਡੋਲੂ ਸੁੱਟਿਆ ਤਾਂ ਉਸਨੂੰ ਖ਼ੂਹ 'ਚ ਅਜੀਬ ਕਿਸਮ ਦੀ ਹਲਚਲ ਮਹਿਸੂਸ ਹੋਈ, ਜਦੋਂ ਧਿਆਨ ਨਾਲ਼ ਦੇਖਿਆ ਤਾਂ ਉਸ ਵਿੱਚ ਇੱਕ ਮੁੰਡਾ ਸੀ, ਉਸਨੇ ਤੁਰੰਤ ਗੁਰੂ ਗੋਰਖ ਨਾਥ ਨੂੰ ਸੂਚਨਾ ਦਿੱਤੀ, ਗੁਰੂ ਗੋਰਖ ਨਾਥ ਦੇ ਕਹਿਣ 'ਤੇ ਚੇਲਿਆਂ ਨੇ ਖ਼ੂਹ ਵਿੱਚੋਂ ਮੁੰਡੇ ਨੂੰ ਬਾਹਰ ਕੱਢ ਲਿਆ, ਉਸਦੇ ਸਾਹ ਚੱਲ ਰਹੇ ਸਨ, ਉਹ ਰਾਜੇ ਦਾ ਮੁੰਡਾ ਪੂਰਨ ਸੀ, ਗੁਰੂ ਗੋਰਖ ਨਾਥ ਜੀ ਨੇ ਪੂਰਨ ਦੇ ਕੰਨਾਂ 'ਚ ਮੁੰਦਰਾਂ ਪਾਕੇ ਆਪਣਾ ਚੇਲਾ ਬਣਾ ਲਿਆ। ਟੋਕਦੇ ਹੋਏ ਸੁਮਿੱਤਰਾ ਖਿਝ ਕੇ ਬੋਲੀ,"ਨੇਹਾ ਦੇ ਪ੍ਰਿੰਸੀਪਲ ਨੇ ਕਿਹਾ ਸੀ,"ਘਰ 'ਚ ਨੇਹਾ ਨਾਲ਼ ਜਾਂ ਤਾਂ ਅੰਗ੍ਰੇਜ਼ੀ 'ਚ ਗੱਲ ਕਰੋ ਜਾਂ ਫੇਰ ਹਿੰਦੀ 'ਚ, ਤੁਸੀਂ ਨੇਹਾ ਨੂੰ ਪੁਰਾਣੀਆਂ ਕਹਾਣੀਆਂ ਨਾ ਸੁਣਾਓ, ਇਨ੍ਹਾਂ ਕਹਾਣੀਆਂ ਦਾ ਇਸ ਉੱਪਰ ਬੁਰਾ ਅਸਰ ਪੈਂਦਾ ਹੈ, ਚਲੋ ਬੇਟਾ ਨੇਹਾ ਆਪ ਮੇਰੇ ਕਮਰੇ ਮੇਂ ਜਾਕਰ ਸਕੂਲ ਕਾ ਕਾਮ ਕਰੋ।"

ਆਪਣੇ ਸੁਭਾਅ ਮੁਤਾਬਿਕ ਦਾਦੀ ਨੇਹਾ ਨੂੰ ਲੋਰੀਆਂ ਦਿੰਦੀ, ਉਸ ਨਾਲ਼ ਖੇਡਦੀ, ਕਹਾਣੀਆਂ ਸੁਣਾਉਂਦੀ, ਹਰ ਵੇ਼ਲੇ ਸੁਮਿੱਤਰਾ ਨੇਹਾ ਨੂੰ ਦਾਦੀ ਤੋਂ ਵੱਖ ਕਰ ਦਿੰਦੀ। ਆਮਤੌਰ 'ਤੇ ਦਾਦੀ ਸੁਮਿੱਤਰਾ ਦੀਆਂ ਗੱਲਾਂ ਨੂੰ ਅਣਗੋਲਿਆ ਕਰ ਦਿੰਦੀ ਸੀ, ਪਰ ਇੱਕ ਗੱਲ ਅਜਿਹੀ ਸੀ ਜਿਸ ਨੇ ਉਸ ਨੂੰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ ਸੀ, ਉਹ ਸੀ ਜਦੋਂ ਸੁਮਿੱਤਰਾ ਨੇ ਦਾਦੀ ਨੂੰ ਕਿਹਾ ਸੀ, ਨੇਹਾ ਨੂੰ ਆਪਣੇ ਢਿੱਡ ਤੇ ਨਾ ਪਾਇਆ ਕਰੋ, ਇਸਨੂੰ ਕੋਈ ਬਿਮਾਰੀ ਲੱਗ ਜਾਵੇਗੀ। ਪਰ ਨੇਹਾ ਦਾਦੀ ਤੋਂ ਇੱਕ ਪਲ ਵੀ ਦੂਰ ਨਹੀਂ ਰਹਿਣਾ ਚਾਹੁੰਦੀ ਸੀ, ਜਦੋਂ ਉਸਦੀ ਮੰਮਾ ਇੱਧਰ-ਉੱਧਰ ਹੁੰਦੀ ਉਹ ਝੱਟ ਦਾਦੀ ਕੋਲ ਆ ਜਾਂਦੀ।

ਨੇਹਾ ਦਾ ਪਿਤਾ ਸੁਦਰਸ਼ਨ ਭਾਵੇਂ ਆਪਣੀ ਮਾਂ ਨੂੰ ਬੇਹੱਦ ਪਿਆਰ ਕਰਦਾ ਸੀ, ਪਰ ਉਸ ਦਾ ਪਿਆਰ ਦਿਲ ਵਿੱਚ ਹੀ ਰਹਿ ਜਾਂਦਾ ਸੀ, ਕਿਉਂਕਿ ਉਹ ਰਾਤ ਨੂੰ ਲੇਟ ਆਉਂਦਾ ਸੀ ਅਤੇ ਸਵੇਰੇ ਜਲਦੀ ਚਲਿਆ ਜਾਂਦਾ ਸੀ। ਸੁਮਿੱਤਰਾ ਦੇ ਦਾਦੀ ਪ੍ਰਤੀ ਵਿਵਹਾਰ 'ਤੇ ਉਹ ਪੂਰੀ ਤਰ੍ਹਾਂ ਬੇਵਸ ਸੀ। ਕੁਝ ਹੌਸਲਾ ਕਰਕੇ ਸੁਮਿੱਤਰਾ ਨੂੰ ਕਹਿਣ ਲੱਗਾ, ਦੇਖੋ ਇਹ ਮੇਰੀ ਮਾਂ ਹੈ, ਜਿਸਨੇ ਮੈਨੂੰ ਜਨਮ ਦਿੱਤਾ ਹੈ, ਇਸ ਨਾ਼ਲ ਪਿਆਰ ਨਾ਼ਲ ਗੱਲ ਕਰਿਆ ਕਰ, ਇਹ ਜਿਹੜੀ ਤੂੰ ਬਿਨ ਮਤਲਬ ਦੀ ਨਫ਼ਰਤ ਪਾਲ ਰੱਖੀ ਹੈ, ਇਸ ਨੂੰ ਤਿਆਗ ਦੇ। ਇਸ ਗੱਲ ਨੇ ਘਰ 'ਚ ਵੱਡਾ ਵਖੇੜਾ ਖੜਾ ਕਰ ਦਿੱਤਾ। ਕਲੇਸ਼ ਨੂੰ ਖ਼ਤਮ ਕਰਨ ਲਈ ਸੁਦਰਸ਼ਨ ਨੇ ਮਾਂ ਨੂੰ ਕੋਠੀ ਤੋਂ ਬਾਹਰ ਲਾਨ ਵਿੱਚ ਬਣੇ ਕਮਰੇ ਵਿੱਚ ਭੇਜ ਦਿੱਤਾ। ਇਸ ਘਟਨਾ ਦਾ ਸਭ ਤੋਂ ਵੱਧ ਦੁੱਖ ਤਾਂ ਨੇਹਾ ਨੂੰ ਲੱਗਾ, ਜੋ ਘਰ ਵਿੱਚ ਚਲਦੀ ਫਿਰਦੀ ਦਾਦੀ ਨੂੰ ਦੇਖ ਤਾਂ ਲੈਂਦੀ ਸੀ। ਹੁਣ ਨੇਹਾ ਜਦੋਂ ਸਕੂਲ ਤੋਂ ਵਾਪਸ ਆਉਂਦੀ ਤਾਂ ਦਾਦੀ ਦੇ ਕਮਰੇ ਵਿੱਚ ਚਲੀ ਜਾਂਦੀ ਅਤੇ ਦਾਦੀ ਦੇ ਗਲੇ ਲਿਪਟ ਜਾਂਦੀ। ਜਦੋਂ ਘਰ ਵਿੱਚ ਮਠਿਆਈ ਦਾ ਡੱਬਾ ਆਉਂਦਾ ਤਾਂ ਨੇਹਾ ਦੌੜੀ ਜਾਂਦੀ ਅਤੇ ਮਠਿਆਈ ਦਾਦੀ ਨੂੰ ਦਿੰਦੀ, ਦਾਦੀ ਦੀ ਜੂਠੀ ਬਰਫ਼ੀ ਖਾਣ 'ਚ ਖ਼ੁਸ਼ੀ ਮਹਿਸੂਸ ਕਰਦੀ ਸੀ।

ਕਈ ਵਾਰ ਸੁਮਿੱਤਰਾ ਸਕੂਲ 'ਚ ਫੋਨ ਕਰਦੀ,"ਨੇਹਾ ਘਰ ਨਹੀਂ ਪਹੁੰਚੀ।" ਜਦੋਂ ਉਸਨੂੰ ਪਤਾ ਲੱਗਦਾ ਕਿ ਨੇਹਾ ਸਕੂਲ ਤੋਂ ਤਾਂ ਆ ਗਈ ਹੈ, ਦਾਦੀ ਦੇ ਕਮਰੇ 'ਚ ਬੈਠੀ ਹੈ, ਤਾਂ ਉਹ ਦਾਦੀ ਨਾ਼ਲ ਲੜਨ ਲੱਗ ਜਾਂਦੀ ਅਤੇ ਨੇਹਾ ਨੂੰ ਘਸੀਟ ਕੇ ਅੰਦਰ ਲੈ ਆਉਂਦੀ। ਸੁਮਿੱਤਰਾ ਦੇ ਮਨ ਵਿੱਚ ਇੱਕ ਗੱਲ ਭਰ ਗਈ ਸੀ, ਕਿ ਨੇਹਾ, ਦਾਦੀ ਦਾ ਖਹਿੜਾ ਨਹੀਂ ਛੱਡੇਗੀ, ਉਸਦੀ ਪੰਜਵੀਂ ਜਮਾਤ ਦੀ ਪੜਾਈ ਹੈ, ਇਸ ਤਰ੍ਹਾਂ ਤਾਂ ਉਹ ਪੜ੍ਹਈ 'ਚ ਵੀ ਪਿੱਛੜ ਜਾਵੇਗੀ ਅਤੇ ਹੌਲੀ-ਹੌਲੀ ਸਾਥੋਂ ਵੀ ਦੂਰ ਹੋ ਜਾਵੇਗੀ। ਉਸ ਨੇ ਮਨ 'ਚ ਠਾਨ ਲਿਆ ਕਿ ਦਾਦੀ ਤੋਂ ਕਿਸੇ ਵੀ ਤਰ੍ਹਾਂ ਛੁਟਕਾਰਾ ਪਾਇਆ ਜਾਵੇ।

ਸੁਦਰਸ਼ਨ ਜਦੋਂ ਦੇਰ ਰਾਤ ਘਰ ਆਉਂਦਾ ਤਾਂ ਪਹਿਲਾਂ ਮਾਂ ਨੂੰ ਮਿਲਣ ਜਾਂਦਾ। ਮਾਂ ਦੇ ਇਕਲੇਪੇ ਨੂੰ ਲੈਕੇ ਅੰਦਰੋਂ-ਅੰਦਰੀ ਝੁਰਦਾ ਰਹਿੰਦਾ ਸੀ, ਫੇਰ ਸੋਚਦਾ, ਚਲੋ ਇੱਥੇ ਇਸ ਨੂੰ ਸੁਮਿੱਤਰਾ ਦੀਆਂ ਝਿੜਕਾਂ ਤਾਂ ਨਹੀਂ ਖਾਣੀਆਂ ਪੈਣਗੀਆਂ।

ਰਾਤ ਨੂੰ ਸੁਮਿੱਤਰਾ ਸੁਦਰਸ਼ਨ ਨੂੰ ਕਹਿਣ ਲੱਗੀ, ਆਪਾਂ ਕਿਰਾਏ 'ਤੇ ਘਰ ਲੈ ਲੈਂਦੇ ਹਾਂ, ਨੇਹਾ, ਦਾਦੀ ਦਾ ਖਹਿੜਾ ਨਹੀਂ ਛੱਡਦੀ, ਉਸ ਦੇ ਬਾਰੇ ਹੀ ਸੋਚਦੀ ਰਹਿੰਦੀ ਹੈ, ਪੰਜਵੀਂ ਦਾ ਰਿਜਲਟ ਦੇਖ ਲਵੋ ਕਲਾਸ 'ਚ ਦਸਵੇਂ ਸਥਾਨ 'ਤੇ ਆਈ ਹੈ।" ਸੁਦਰਸ਼ਨ ਉਸਦੀ ਗੱਲ ਸੁਣਕੇ ਸਾਰੀ ਰਾਤ ਸੋਚਦਾ ਰਿਹਾ।

ਸ਼ਨੀਵਾਰ ਦਾ ਦਿਨ ਸੀ, ਆਪਣੇ ਕੰਮ ਤੋਂ ਵਾਪਿਸ ਆਉਣ ਸਾਰ, ਮਾਂ ਦੇ ਕਮਰੇ 'ਚ ਗਿਆ,"ਇੱਕ ਘੰਟਾ ਮਾਂ ਨਾ਼ਲ ਗੱਲਾਂ ਕਰਦਾ ਰਿਹਾ, ਦਾਦੀ ਨੇ ਸੁਦਰਸ਼ਨ ਦੀ ਇੱਕ-ਇੱਕ ਗੱਲ 'ਚ ਹਾਂ ਭਰ ਦਿੱਤੀ। ਦਿਲ 'ਤੇ ਪੱਥਰ ਰੱਖ ਕੇ ਸੁਦਰਸ਼ਨ ਦਾਦੀ ਦੇ ਕਮਰੇ 'ਚੋਂ ਨਿਕਲਿਆ।

ਸੋਮਵਾਰ ਦਾ ਦਿਨ ਆ ਚੁੱਕਾ ਸੀ, ਸਕੂਲ ਦੀ ਬੱਸ ਨੇ ਹਾਰਨ ਵਜਾਇਆ, ਨੇਹਾ ਬੱਸ ਵੱਲ ਦੌੜੀ ਉਸਦੀ ਨਜ਼ਰ ਦਾਦੀ ਦੇ ਕਮਰੇ ਵੱਲ ਸੀ ਕਿ ਉਹ ਹਰ ਰੋਜ਼ ਦੀ ਤਰ੍ਹਾਂ ਉਸਨੂੰ ਹੱਥ ਹਿਲਾਵੇਗੀ। ਬੱਸ 'ਚ ਬੈਠ ਗਈ, ਪਰ ਸਵੇਰੇ ਦਾਦੀ ਦਾ ਮੂੰਹ ਨਾ ਦੇਖ ਕੇ ਸਾਰਾ ਦਿਨ ਚੇਹਰੇ ਤੇ ਉਦਾਸੀ ਛਾਈ ਰਹੀ। ਅਧਿਆਪਕ ਨੇ ਉਦਾਸੀ ਦਾ ਕਾਰਨ ਪੁੱਛਿਆ ਪਰ ਕੁਝ ਨਾ ਦੱਸ ਸਕੀ। ਵਾਪਸੀ ਦੇ ਸਮੇਂ ਦਾ ਇੰਤਜ਼ਾਰ ਕਰਦੀ ਰਹੀ। ਜਦੋਂ ਬੱਸ ਘਰ ਕੋਲ ਰੁਕੀ, ਉੱਤਰਕੇ ਦਾਦੀ ਦੇ ਕਮਰੇ ਵੱਲ ਭੱਜੀ, ਉੱਥੇ ਦਾਦੀ ਨੂੰ ਨਾ ਦੇਖਕੇ ਉੱਚੀ-ਉੱਚੀ ਰੋਣ ਲੱਗ ਪਈ। ਦਾਦੀ ਦੇ ਸਮਾਨ ਵੱਲ ਨਜ਼ਰ ਮਾਰੀ, ਤਾਂ ਦੇਖਿਆ ਮੇਜ 'ਤੇ ਪਿਆ ਦਾਦੀ ਦਾ ਪੁਰਾਣਾ ਟਰੰਕ ਉੱਥੇ ਨਹੀਂ ਸੀ। ਰੋਂਦੀ-ਰੋਂਦੀ ਮਾਂ ਵੱਲ ਦੌੜੀ, ਦਾਦੀ ਕਿੱਥੇ ਹੈ? ਸੁਮਿੱਤਰਾ ਬੋਲੀ,"ਬੇਟਾ ਜੈਸੇ ਹਮ ਰਿਸ਼ਤੇਦਾਰੋਂ ਕੇ ਜਾਤੇ ਹੈ, ਤੇਰੀ ਦਾਦੀ ਭੀ ਆਪਣੇ ਰਿਸ਼ਤੇਦਾਰੋਂ ਕੇ ਪਾਸ ਘੂਮਣੇ ਗਈ ਹੈ" ਨੇਹਾ ਮੋੜਵਾਂ ਸਵਾਲ ਪੁੱਛਦੀ ਹੈ, "ਦਾਦੀ ਕਦੋਂ ਆਵੇਗੀ? ਬੇਟਾ ਇਤਨੇ ਰਿਸ਼ਤੇਦਾਰ ਹੈ, ਏਕ ਰਿਸ਼ਤੇਦਾਰ ਕੇ ਪਾਸ ਯਦਿ 3-4 ਮਹੀਨੇ ਭੀ ਰੁਕੀ ਤੋ 2-3 ਸਾਲ ਤੋਂ ਲੱਗ ਹੀ ਜਾਏਂਗੇ।" ਇਹ ਸੁਣ ਕੇ ਨੇਹਾ ਮੰਜ਼ੇ 'ਤੇ ਡਿੱਗ ਪਈ। ਸੁਮਿੱਤਰਾ ਦਲਾਸਾ ਦਿੰਦੇ ਹੋਏ ਬੋਲੀ,"ਚੁੱਪ ਕਰ ਦਾਦੀ ਕੀ ਸ਼ੁਭਇੱਛਾ ਸੇ ਖਾਣਾ ਖਾ ਲੋ, ਬੀਚ-ਬੀਚ ਮੇਂ ਹਮ ਤੁਮਕੋ ਮਿਲਾ ਦੇਂਗੇ।"

ਨੇਹਾ ਉਦੋਂ ਤੱਕ ਮੰਜ਼ੇ ਤੇ ਪਈ ਰਹੀ, ਜਦੋਂ ਤੱਕ ਉਸਦੇ ਪਾਪਾ ਨੇ ਉਸਨੂੰ ਪਿਆਰ ਨਾ਼ਲ ਨਹੀਂ ਉਠਾਇਆ, ਪਾਪਾ ਨੂੰ ਦੇਖਕੇ ਉਹ ਗਲੇ ਲੱਗ ਕੇ ਰੋਣ ਲੱਗ ਪਈ। ਸੁਦਰਸ਼ਨ ਨੇ ਉਸਨੂੰ ਦਿਲਾਸਾ ਦਿੱਤਾ ਅਤੇ ਕਿਹਾ ਅਸੀਂ ਛੇਤੀ ਹੀ ਤੈਨੂੰ ਦਾਦੀ ਨਾ਼ਲ ਮਿਲਾ ਦੇਵਾਂਗੇ। ਪਾਪਾ ਦੇ ਕਹਿਣ 'ਤੇ ਨੇਹਾ ਨੇ ਖਾਣਾ ਖਾ ਲਿਆ, ਪਰ ਸਕੂਲ ਦਾ ਕੰਮ ਕੀਤੇ ਬਗੈਰ ਸੌਂ ਗਈ।

ਸੁਦਰਸ਼ਨ, ਸੁਮਿੱਤਰਾ ਨੂੰ ਕਹਿਣ ਲੱਗਾ,"ਜੋ ਕੁਝ ਹੋਇਆ ਹੈ, ਚੰਗਾ ਨਹੀਂ ਹੋਇਆ।" ਸੁਮਿੱਤਰਾ ਬੋਲੀ,"ਮੇਰਾ ਡਰ ਤਾਂ ਸਾਹਮਣੇ ਆ ਗਿਆ ਹੈ, ਨੇਹਾ, ਦਾਦੀ ਦੇ ਪਿਆਰ 'ਚ ਐਨੀ ਪਾਗਲ ਹੁੰਦੀ ਜਾ ਰਹੀ ਸੀ, ਹੌਲੀ-ਹੌਲੀ ਉਸਨੇ ਪੜ੍ਹਾਈ ਛੱਡ ਦੇਣੀ ਸੀ, ਰੱਬ ਜੋ ਕਰਦਾ ਹੈ ਠੀਕ ਹੀ ਕਰਦਾ ਹੈ, ਦੋ-ਤਿੰਨ ਦਿਨਾਂ ਵਿੱਚ ਨੇਹਾ ਠੀਕ ਹੋ ਜਾਵੇਗੀ।"

ਨੇਹਾ ਸਵੇਰੇ ਉੱਠੀ, ਤਿਆਰ ਹੋ ਕੇ ਬੱਸ ਵੱਲ ਦੌੜੀ, ਪਹਿਲਾਂ ਦਾਦੀ ਦੇ ਕਮਰੇ ਵੱਲ ਜਾਣ ਲੱਗੀ, ਦੇਖਿਆ ਤਾਂ ਉੱਥੇ ਜਿੰਦਾ ਲੱਗਿਆ ਸੀ, ਫੇਰ ਅੱਖਾਂ 'ਚ ਹੰਝੂ ਟਪਕ ਪਏ। ਬੱਸ 'ਚ ਬੈਠੀਆਂ ਸਹੇਲੀਆਂ ਨੇ ਗੱਲ ਪੁੱਛੀ ਫੇਰ ਉਸਨੂੰ ਚੁੱਪ ਕਰਵਾਇਆ। ਦੂਸਰੇ ਬੱਚਿਆਂ ਨਾ਼ਲ ਤਾਲਮੇਲ ਨਾ ਬਿਠਾਉਣ ਲਈ ਪਹਿਲਾਂ ਤਾਂ ਪ੍ਰਾਰਥਨਾ ਵਿੱਚ ਫੇਰ ਕਲਾਸ ਵਿੱਚ ਝਿੜਕਾਂ ਪਈਆਂ। ਦਾਦੀ ਦੇ ਵਿਛੋੜੇ ਦੇ ਦੁੱਖ ਦੇ ਸਾਹਮਣੇ ਅੱਜ ਝਿੜਕਾਂ ਵੀ ਉਸਨੂੰ ਮਿੱਠੀਆਂ ਲੱਗ ਰਹੀਆਂ ਸਨ।

ਕੁਝ ਦਿਨ ਲੰਘ ਗਏ, ਨੇਹਾ ਹਾਲੇ ਵੀ ਦਾਦੀ ਨੂੰ ਭੁੱਲੀ ਨਹੀਂ ਸੀ, ਦਾਦੀ ਦੇ ਵਿਛੋੜੇ ਲਈ ਉਹ ਆਪਣੀ ਮਾਂ ਨੂੰ ਕੋਸਦੀ ਰਹਿੰਦੀ ਸੀ। ਇੱਕ ਦਿਨ ਦਾਦੀ ਦੀ ਚਿੱਠੀ ਆਈ, ਸੁਦਰਸ਼ਨ ਨੇ ਉੱਪਰਲਾ ਲਿਫਾਫਾ ਤਾਂ ਲੁਕਾਅ ਲਿਆ ਅਤੇ ਅੰਦਰੋਂ ਚਿੱਠੀ ਕੱਢ ਕੇ ਨੇਹਾ ਨੂੰ ਪੜ੍ਹਨ ਲਈ ਦਿੱਤੀ। ਦਾਦੀ ਨੇ ਲਿਖਿਆ ਸੀ, ਬੇਟੀ ਨੇਹਾ ਜੇਕਰ ਤੂੰ ਦਾਦੀ ਨੂੰ ਪਿਆਰ ਕਰਦੀ ਹੈ ਤਾਂ ਤੈਨੇ ਸਕੂਲ ਵਿੱਚ ਪਹਿਲੇ ਨੰਬਰ 'ਤੇ ਆਉਣਾ ਹੈ, ਪੰਜਾਬੀ ਦੇ ਨਾ਼ਲ ਤੇਰੀ ਹਿੰਦੀ ਅਤੇ ਅੰਗ੍ਰੇਜ਼ੀ ਵੀ ਉੱਤਮ ਹੋਣੀ ਚਾਹੀਦੀ ਹੈ, ਵੱਡੀ ਹੋ ਕੇ ਤੈਨੇ ਵੱਡੀ ਅਫ਼ਸਰ ਬਣਨਾ ਹੈ, ਮੈਂ ਤੇਰੇ ਅਫ਼ਸਰ ਬਣਨ ਤੱਕ ਜ਼ਰੂਰ ਜਿਉਂਦੀ ਰਹਾਂਗੀ, ਤੇਰਾ ਵਿਆਹ ਵੀ ਦੇਖਾਂਗੀ।

ਸੁਦਰਸ਼ਨ ਅਤੇ ਸੁਮਿੱਤਰਾ ਤੇਰੇ ਮਾਤਾ-ਪਿਤਾ ਹਨ, ਉਨ੍ਹਾਂਦਾ ਹਰ ਇੱਕ ਕਹਿਣਾ ਮੰਨਣਾ ਹੈ, ਤੇਰੀ ਮੰਮਾ ਤੇਰੇ ਭਲੇ ਲਈ ਹੀ ਸੋਚਦੀ ਹੈ, ਤੇਰੀ ਪਿਆਰੀ ਦਾਦੀ"। ਪੜ੍ਹਦੇ-ਪੜ੍ਹਦੇ ਸਾਰੀ ਚਿੱਠੀ ਹੰਝੂਆਂ ਨਾ਼ਲ ਭਿੱਜ ਗਈ।

ਦਾਦੀ ਦੀ ਯਾਦ ਨੂੰ ਦਿਲ 'ਚ ਰੱਖਿਆਂ ਦੋ ਸਾਲ ਬੀਤ ਗਏ, ਹੁਣ ਨੇਹਾ 8 ਵੀਂ ਜਮਾਤ 'ਚ ਹੋ ਗਈ ਸੀ। ਮਈ ਮਹੀਨੇ ਦਾ ਦੂਸਰਾ ਐਤਵਾਰ ਸੀ, ਸਕੂਲ ਵੱਲੋਂ 50 ਕਿ.ਮੀ. ਦੀ ਦੂਰੀ 'ਤੇ ਪੈਂਦੇ "ਠੰਡੀ ਛਾਂ-ਬਿਰਧ ਆਸ਼ਰਮ" 'ਚ ਮਾਂ-ਦਿਵਸ ਮਨਾਉਣ ਦਾ ਸਮਾਗਮ ਰੱਖਿਆ ਗਿਆ ਸੀ। 8ਵੀਂ ਜਮਾਤ ਤੋਂ ਲੈ ਕੇ 12ਵੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਸਮਾਗਮ 'ਚ ਸ਼ਮੂਲੀਅਤ ਕਰਨੀ ਸੀ।

ਸਕੂਲ ਦੀਆਂ ਕਈ ਬੱਸਾਂ ਤਿਆਰ ਸਨ। ਲਗਭਗ ਸਾਰੇ ਬੱਚਿਆਂ ਦੇ ਹੱਥਾਂ ਵਿੱਚ ਗੁਲਾਬ ਦੇ ਫ਼ੁ਼ਲ ਸਨ, ਪਰ ਨੇਹਾ ਖਾਲੀ ਹੱਥ ਸੀ, ਕਿਉਂਕਿ ਉਹ ਆਪਣਾ ਗੁਲਾਬ ਦਾ ਫ਼ੁੱ਼ਲ ਦਾਦੀ ਦੇ ਕਮਰੇ ਦੇ ਕੁੰਡੇ ਵਿੱਚ ਟੰਗ ਆਈ ਸੀ। ਕਈ ਬੱਚੇ ਮਾਂ ਦਿਵਸ ਉੱਪਰ ਕਵਿਤਾਵਾਂ ਲਿਖ ਕੇ ਲੈਕੇ ਆਏ ਸਨ। ਸਹੀ 10 ਵਜੇ ਬੱਸਾਂ ਬਿਰਧ ਆਸ਼ਰਮ ਪਹੁੰਚ ਗਈਆਂ। ਬੱਚਿਆਂ ਨੂੰ ਕਤਾਰਾਂ ਵਿੱਚ ਵੱਡੇ ਪੰਡਾਲ ਵਿੱਚ ਲੱਗੀਆਂ ਕੁਰਸੀਆਂ ਉੱਪਰ ਬਿਠਾਇਆ ਜਾ ਰਿਹਾ ਸੀ।

ਪਹਿਲੀ ਕਤਾਰ ਵਿੱਚ 8ਵੀਂ ਜਮਾਤ ਦੇ ਬੱਚਿਆਂ ਨੂੰ ਥਾਂ ਦਿੱਤੀ ਗਈ ਸੀ। ਮੰਚ ਦੇ ਇੱਕ ਪਾਸੇ ਬਿਰਧ ਆਸ਼ਰਮ ਦੀਆਂ 200 ਦੇ ਲਗਭਗ ਬਜ਼ੂਰਗ ਮਾਤਾਵਾਂ ਬੈਠੀਆਂ ਸਨ। ਬੱਚੇ ਆਪਣੇ ਗੁਲਾਬ ਦੇ ਫ਼ੁ਼ਲ ਬਿਰਧ ਆਸ਼ਰਮ ਦੀਆਂ ਇਨ੍ਹਾਂ ਮਾਤਾਵਾਂ ਨੂੰ ਦੇ ਰਹੇ ਸਨ, ਅਤੇ ਗਲੇ ਮਿਲ ਰਹੇ ਸਨ। ਸਕੂਲ ਦੀ ਪ੍ਰਿੰਸੀਪਲ ਨੇ ਮੰਚ ਨੂੰ ਸੰਭਾਲਦਿਆਂ, ਮਾਂ ਦਿਵਸ ਉੱਪਰ ਚਾਨਣਾ ਪਾਇਆ। ਪ੍ਰਿੰਸੀਪਲ ਨੇ ਬਿਰਧ ਆਸ਼ਰਮ ਦੀਆਂ ਪੰਜ ਸੀਨੀਅਰ ਮਾਤਾਵਾਂ ਨੂੰ ਮੰਚ 'ਤੇ ਪ੍ਰਧਾਨਗੀ ਲਈ ਸੱਦਿਆ।

ਪ੍ਰਿੰਸੀਪਲ ਜਿਸ ਮਾਤਾ ਦਾ ਨਾਮ ਪੁਕਾਰਦੀ, ਉਹ ਮੰਚ ਉੱਪਰ ਆਉਂਦੀ, ਹਾਰ ਅਤੇ ਸ਼ਾਲ ਨਾ਼ਲ ਉਸਦਾ ਸੁਆਗਤ ਕੀਤਾ ਜਾਂਦਾ। ਜਿਉਂ ਹੀ ਪ੍ਰਿੰਸੀਪਲ ਨੇ ਕੌਸ਼ਲਿਆ ਦੇਵੀ ਦਾ ਨਾਮ ਲਿਆ, ਨੇਹਾ ਦੇ ਸ਼ਰੀਰ ਵਿੱਚ ਤਰਥੱਲੀ ਮਚ ਗਈ। ਕੁਝ ਹੀ ਪਲਾਂ 'ਚ ਉਸ ਦੀ ਦਾਦੀ ਮੰਚ ਉੱਪਰ ਸੁਸ਼ੋਭਿਤ ਹੋ ਗਈ। ਨੇਹਾ ਆਪਣੇ ਆਪ ਨੂੰ ਰੋਕ ਨਹੀਂ ਸਕੀ, ਉੱਠੀ ਮੰਚ ਉੱਪਰ ਚੜ੍ਹ ਗਈ ਅਤੇ ਆਪਣੀ ਦਾਦੀ ਦੇ ਗਲੇ ਲਿਪਟ ਗਈ, ਨੇਹਾ ਨੂੰ ਦੇਖਕੇ ਦਾਦੀ ਵੀ ਭਾਵੁਕ ਹੋ ਗਈ।

ਦੋਵਾਂ ਦੀਆਂ ਅੱਖਾਂ ਚੋਂ ਅੱਥਰੂ ਵਗ ਤੁਰੇ, ਸਾਰਾ ਪੰਡਾਲ ਇਹ ਨਜ਼ਾਰਾ ਦੇਖਦਾ ਹੀ ਰਹਿ ਗਿਆ, ਕਿਸੇ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ, ਆਖਿਰ ਨੂੰ ਪ੍ਰਿੰਸੀਪਲ ਸਾਹਿਬਾ ਨੇ ਕਿਹਾ,"ਇਹ ਅੱਥਰੂ ਬਹੁਤ ਕੁਝ ਕਹਿ ਰਹੇ ਹਨ"।

# ਹੋਣਹਾਰ ਕਲਮ- ਹਰਪ੍ਰੀਤ ਕੌਰ ਘੁੰਨਸ



ਪ੍ਰੀਤਮ ਲੁਧਿਆਣਵੀ
+91-9876428641

ਪੰਜਾਬ ਦੇ ਜਿਲ੍ਹਾ ਬਰਨਾਲਾ ਤੇ ਜਿਲ੍ਹਾ ਬਠਿੰਡਾ ਨੂੰ ਇਸ ਗੱਲ ਦਾ ਵਿਸ਼ੇਸ਼ ਮਾਣ ਹਾਸਲ ਹੈ ਕਿ ਇਸ ਖਿੱਤੇ ਨੇ ਸੰਤ ਰਾਮ ਉਦਾਸੀ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਜੋਗਿੰਦਰ ਸਿੰਘ ਨਿਰਾਲਾ, ਰਾਮ ਸਰੂਪ ਅਣਖੀ, ਅਲਬੇਲ ਬਰਾੜ, ਅਵਤਾਰ ਸਿੰਘ ਰਾਏਸਰ (ਚੀਫ ਐਡੀਟਰ, 'ਅਦਬੀ ਸਾਂਝ'), ਗੁਰਬਾਜ ਗਿੱਲ (ਚੀਫ ਐਡੀਟਰ, 'ਜਸਟ ਪੰਜਾਬੀ'), ਰਾਮ ਸਰੂਪ ਸ਼ਰਮਾ, ਜਗਤਾਰ ਬੈਂਸ, ਮਾਸਟਰ ਹਰਦੇਵ ਖੁੱਡੀ ਕਲਾਂ, ਪ੍ਰੋ. ਤਰਸਪਾਲ ਕੌਰ ਅਤੇ ਪਵਨ ਪਰਿੰਦਾ ਆਦਿ ਵਰਗੀਆਂ ਕਲਮਾਂ ਦੀ ਇਕ ਲੰਬੀ ਲਿਸਟ ਸਾਹਿਤ-ਜਗਤ ਨੂੰ ਦਿੱਤੀ ਹੈ। ਇਸੇ ਲਿਸਟ ਦੀ ਲਗਾਤਾਰਤਾ ਵਿਚ ਨਵੀਂ ਪੀੜ੍ਹੀ ਦੀਆਂ ਹੋਣਹਾਰ ਕਲਮਾਂ ਵਿਚੋਂ ਉਭਰਕੇ ਸਾਹਮਣੇ ਆਇਆ ਇਕ ਮਾਣ-ਮੱਤਾ ਨਾਂਓਂ ਹੈ, ਹਰਪ੍ਰੀਤ ਕੌਰ ਘੁੰਨਸ। ਜਿਲ੍ਹਾ ਬਰਨਾਲਾ ਦੀ ਤਹਿਸੀਲ ਤਪਾ ਵਿਚ ਪੈਂਦੇ ਪਿੰਡ ਘੁੰਨਸ ਵਿਖੇ ਸ੍ਰ. ਧੰਨਾ ਸਿੰਘ (ਪਿਤਾ) ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਮੁਖਵਿੰਦਰ ਕੌਰ ਦੀ ਪਾਕਿ ਕੁੱਖ ਨੂੰ ਭਾਗ ਲਾਉਣ ਵਾਲੀ ਹਰਪ੍ਰੀਤ ਨੇ ਦੱਸਿਆ ਕਿ ਲਿਖਣ ਦਾ ਸ਼ੌਕ ਉਸਨੂੰ ਬਚਪਨ ਤੋਂ ਸਕੂਲ 'ਚ ਪੜ੍ਹਦਿਆਂ ਹੀ ਜਾਗ ਪਿਆ ਸੀ। ਉਸ ਦੀ ਸ਼ੁਰੂਆਤ ਇਕ ਸਕਰਿਪਟ ਤੋਂ ਸੀ। ਇਸ ਤੋਂ ਬਾਅਦ ਉਸ ਨੇ ਕਾਫੀ ਗੀਤ ਵੀ ਲਿਖੇ। ਪਲੱਸ 1 'ਚ ਲਿਖੀ ਕਵਿਤਾ 'ਧੀਆਂ' ਉਸ ਦੀ ਪਹਿਲੀ ਕਵਿਤਾ ਸੀ ਜੋ ਰੋਜਾਨਾ ਸਪੋਕਸਮੈਨ ਅਖਵਾਰ 'ਚ ਛਪੀ। ਬਸ ਫਿਰ ਤਾਂ ਅਖਬਾਰਾਂ-ਮੈਗਜੀਨਾਂ ਵਿਚ ਲਗਾਤਾਰ ਛਪਣ ਦੀ ਉਸ ਦੀ ਚੱਲ-ਸੋ-ਚੱਲ ਹੀ ਰਹੀ। ਹਰਪ੍ਰੀਤ ਨੇ ਦਸਵੀਂ ਸਰਕਾਰੀ ਹਾਈ ਸਕੂਲ ਘੁੰਨਸ ਤੋਂ ਬੀ. ਏ. ਦੀ ਪੜ੍ਹਾਈ ਐਮ. ਜੇ. ਡੀ. ਕਾਲਿਜ ਤਪਾ ਤੋਂ ਬੀ.ਐਡੱ ਗੁਰੂ ਗੋਬਿੰਦ ਸਿੰਘ ਕਾਲਜ, ਬਰਨਾਲਾ ਤੋਂ ਅਤੇ ਐਮ. ਏ. (ਹਿੰਦੀ) ਅਤੇ ਐਮ. ਏ. (ਅੰਗ੍ਰੇਜੀ) ਦੀ ਪੜ੍ਹਾਈ 'ਡਿਸਟੈਂਸ ਐਜੂਕੇਸ਼ਨ' ਰਾਂਹੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੀਤੀ। ਉਸ ਦਾ ਲਿਖਣ ਦਾ ਇਹ ਸਿਲਸਿਲਾ ਕਾਲਿਜ ਦੀ ਪੜ੍ਹਾਈ ਕਰਦਿਆਂ ਲਗਾਤਾਰ ਜਾਰੀ ਰਿਹਾ।

ਹਰਪ੍ਰੀਤ ਦਾ ਮੰਨਣਾ ਹੈ ਕਿ ਪੂਰਨ ਰੂਪ 'ਚ ਉਸ ਦੀ ਲੇਖਣੀ 2008 'ਚ ਸਾਹਮਣੇ ਆਈ। ਉਸ ਨੇ ਦੱਸਿਆ ਕਿ ਕਵਿਤਾਵਾਂ ਦੇ ਨਾਲ-ਨਾਲ ਮਿੰਨੀ ਕਹਾਣੀਆ ਅਤੇ ਲੇਖ ਲਿਖਣ ਦਾ ਵੀ ਉਸ ਨੂੰ ਸ਼ੌਂਕ ਹੈ। ਇਕ ਸਵਾਲ ਦਾ ਜੁਵਾਬ ਦਿੰਦਿਆਂ ਘੁੰਨਸ ਨੇ ਕਿਹਾ, 'ਮੈਂ ਤਿੰਨ ਸਾਲ ਤੋਂ ਸਰਵਹਿੱਤਕਾਰੀ ਵਿਦਿਆ ਮੰਦਿਰ ਤਪਾ ਵਿਖੇ ਬਤੌਰ ਅਧਿਆਪਕਾ ਸੇਵਾ ਨਿਭਾ ਰਹੀ ਹਾਂ। ਵਾਹਿਗੁਰੂ ਜੀ ਦੀ ਕਿਰਪਾ, ਅਧਿਆਪਕ ਸਾਥੀਆਂ ਅਤੇ ਪਰਿਵਾਰ ਦੇ ਨਾਲ ਨਾਲ, ਮੇਰੇ ਪਿੰਡ ਦੇ ਕਣ ਕਣ ਅਤੇ ਮੇਰੇ ਸਕੂਲ ਵੱਲੋਂ ਪਲ ਪਲ ਦਾ ਯੋਗਦਾਨ ਰਿਹਾ ਜਿਸਨੇ ਮੇਰੀ ਕਲਮ ਨੂੰ ਸ਼ਬਦ ਬਖਸ਼ੇ।'



ਜਿਕਰ ਯੋਗ ਹੈ ਕਿ ਹਰਪ੍ਰੀਤ ਦੀ ਇਸੇ ਸਕੂਲ ਦੀ ਸੇਵਾ ਦੌਰਾਨ ਹੁਣੇ-ਹੁਣ 6 ਅਕਤੂਬਰ 2018 ਨੂੰ ਉਸ ਦੀ ਪਲੇਠੀ ਪੁਸਤਕ 'ਮੇਰੇ ਜਜ਼ਬਾਤ' ਲੋਕ-ਅਰਪਣ ਕੀਤੀ ਗਈ ਹੈ । ਇਸ ਕਾਵਿ-ਸੰਗ੍ਰਹਿ ਵਿੱਚ 111 ਕਵਿਤਾਵਾਂ ਹਨ। ਇਨ੍ਹਾਂ ਵਿੱਚ ਲੋਕਾਈ ਦੇ ਦਰਦ, ਸਮਾਜਿਕ ਸੱਮਸਿਆਵਾਂ, ਪੰਜਾਬ ਦਾ ਕਲਚਰ, ਗਰੀਬੀ, ਬੇਰੋਜਗਾਰੀ, ਖੁਸ਼ੀ, ਗਮੀ, ਰਿਸ਼ਵਤਖੋਰੀ, ਸਿੱਖਿਆ, ਰਿਸ਼ਤੇ-ਨਾਤੇ ਆਦਿ ਨੂੰ ਕਵਿਤਾਵਾਂ ਦਾ ਵਿਸ਼ਾ ਬਣਾਇਆ ਗਿਆ ਹੈ।

ਘੁੰਨਸ ਨੂੰ ਹੁਣ ਤੱਕ ਮਿਲੇ ਮਾਨ-ਸਨਮਾਨਾਂ ਦੀ ਗੱਲ ਚੱਲੀ ਤਾਂ ਉਸ ਕਿਹਾ, 'ਸਨਮਾਨ ਤਾਂ ਮੈਨੂੰ ਬੇਸ਼ੱਕ ਕਾਫੀ ਸਟੇਜਾਂ ਤੋਂ ਮਿਲ ਚੁੱਕੇ ਹਨ ਪਰ ਇਨ੍ਹਾਂ ਸਨਮਾਨਾਂ ਦੀ ਲੜੀ ਵਿਚ ਐਮ ਜੇ ਡੀ ਕਾਲਜ ਤਪਾ, ਗੁਰੂ ਗੋਬਿੰਦ ਸਿੰਘ ਕਾਲਜ ਬਰਨਾਲਾ ਅਤੇ 19 ਅਕਤੂਬਰ 2018 ਨੂੰ ਸੰਤ ਬਲਵੀਰ ਸਿੰਘ ਜੀ ਘੁੰਨਸ ਦੁਆਰਾ ਪਿੰਡ ਘੁੰਨਸ ਵਿਖੇ ਪ੍ਰਾਪਤ ਹੋਏ ਸਨਮਾਨ ਮੇਰੇ ਲਈ ਅਭੁੱਲ ਸਨਮਾਨ ਹਨ।'

ਰੱਬ ਕਰੇ ! ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਣ, ਹੋਣਹਾਰ ਕਲਮ ਹਰਪ੍ਰੀਤ ਕੌਰ ਘੁੰਨਸ, ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦੀ ਸਾਹਿਤਕ-ਖੇਤਰ ਦੇ ਗ੍ਰਾਫ ਉਤੇ ਸਿਖਰਲੇ ਪੌਡੇ ਨੂੰ ਜਾ ਛੂਹਵੇ ! ਆਮੀਨ !

# ਭਾਰਤ ਵਿਚ ਵੱਧ ਰਹੀ ਨਕਲੀ ਦੁੱਧ ਦੀ ਵਿਕਰੀ

ਅੱਜ-ਕੱਲ੍ਹ ਭਾਰਤ ਵਿਚ ਨਕਲੀ ਦੁੱਧ ਦੀ ਬਹੁਤ ਵਿਕਰੀ ਹੋ ਰਹੀ ਹੈ। ਇਸ ਨਾਲ ਕਈ ਵਿਅਕਤੀਆਂ ਦੀ ਸਿਹਤ ਖਰਾਬ ਹੋ ਰਹੀ ਹੈ। ਨਕਲੀ ਦੁੱਧ ਕਾਰਨ ਕਈ ਤਰ੍ਹਾਂ ਦੇ ਰੋਗ ਹੋ ਰਹੇ ਹਨ। ਸਭ ਤੋ ਖਤਰਨਾਕ ਰੋਗ ਹੈ ਕੈਂਸਰ ਜੋ ਕਿ ਨਕਲੀ ਦੁੱਧ ਕਾਰਨ ਹੁੰਦਾ ਹੈ। ਭਾਰਤ ਵਿਚ ਸਭ ਤੋ ਵੱਧ ਦੁੱਧ ਦਾ ਵਪਾਰ ਮੱਧ ਪ੍ਰਦੇਸ਼ ਦੇ ਮੋਰਾਇਨਾ ਜਿਲ੍ਹੇ ਵਿਚ ਹੁੰਦਾ ਹੈ,ਪਰ ਹੁਣ ਇੱਥੇ ਨਕਲੀ ਦੁੱਧ ਦਾ ਵਪਾਰ ਕੀਤਾ ਜਾਂਦਾ ਹੈ। ਇੱਥੇ 11 ਲੱਖ ਲੀਟਰ ਦੁੱਧ ਹੁੰਦਾ ਹੈ। ਜਿਸ ਵਿਚੋ 6 ਲੱਖ ਲੀਟਰ ਦੁੱਧ ਬਾਹਰ ਭੇਜਿਆ ਜਾਂਦਾ ਹੈ ਅਤੇ ਬਾਕੀ ਦੁੱਧ ਇੱਥੋ ਦੇ ਲੋਕ ਵਰਤਦੇ ਹਨ। ਇਹ ਦੁੱਧ ਰਾਜਸਥਾਨ,ਉੱਤਰ ਪ੍ਰਦੇਸ਼, ਦਿੱਲੀ ਤੱਕ ਭੇਜਿਆ ਜਾਂਦਾ ਹੈ। ਇਸ ਨਕਲੀ ਦੁੱਧ ਦੀ ਵਿਕਰੀ ਜਿਆਦਾਤਰ ਬੰਦ ਪੈਕਟਾਂ ਵਿਚ ਕੀਤੀ ਜਾਂਦੀ ਹੈ। ਪੈਕਟਾਂ ਉੱਪਰ ਕਈ ਤਰ੍ਹਾਂ ਦੇ ਕੈਮੀਕਲ ਲੱਗੇ ਹੁੰਦੇ ਹਨ। ਜਿਸ ਕਾਰਨ ਦੁੱਧ ਕਈ ਦਿਨਾਂ ਤੱਕ ਖਰਾਬ ਨਹੀ ਹੁੰਦਾ। ਅੱਜ-ਕੱਲ੍ਹ ਨਕਲੀ ਦੁੱਧ ਦੇ ਨਾਲ ਕਈ ਤਰ੍ਹਾਂ ਦੀਆਂ ਚੀਜ਼ਾਂ ਬਣ ਰਹੀਆਂ ਹਨ ਜਿਵੇ:-ਖੋਆ, ਮੇਵਾ, ਪਨੀਰ, ਬਰਫੀ, ਘਿਓ ਆਦਿ ਮਠਿਆਈਆਂ। ਸਾਡੇ ਭਾਰਤ ਵਿਚ ਸਾਲ ਵਿਚ ਕਈ ਤਰ੍ਹਾਂ ਦੇ ਤਿਉਹਾਰ ਆਉਦੇ ਹਨ,ਕਈ ਖੁਸ਼ੀ ਦੇ ਮੌਕੇ ਆਉਦੇ ਹਨ ਜਿਨ੍ਹਾਂ ਵਿਚ ਆਮ ਕਰਕੇ ਮਠਿਆਈਆਂ ਦੀ ਹੀ ਵਰਤੋ ਕੀਤੀ ਜਾਂਦੀ ਹੈ। ਜਦ ਲੋਕ ਮਠਿਆਈ ਖਰੀਦਣ ਜਾਂਦੇ ਹਨ ਤਾਂ ਕਈ ਦੁਕਾਨਦਾਰ ਕਾਫੀ ਦਿਨਾਂ ਤੋ ਬਣੀ ਮਠਿਆਈ ਵੇਚ ਦਿੰਦਾ ਹੈ।ਜਿਸ ਨਾਲ ਕਈ ਲੋਕ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।





ਨਿਖਿਲ (ਕਾਸਮ ਭੱਟੀ)
ਕਲਾਸ- ਗਿਆਰਵੀਂ

ਕਈ ਲੋਕ ਮਠਿਆਈਆ ਲੈਦੇ ਸਮੇਂ ਜਾਂ ਕੋਈ ਹੋਰ ਦੁੱਧ ਤੋ ਬਣੀ ਚੀਜ਼ ਲੈਦੇ ਹਨ ਤਾਂ ਉਹ ਉਸ ਦੀ ਚੰਗੀ ਤਰ੍ਹਾਂ ਪਰਖ ਨਹੀ ਕਰਦੇ। ਉਨ੍ਹਾਂ ਨੂੰ ਇਹ ਨਹੀ ਪਤਾ ਲੱਗਦਾ ਹੈ ਕਿ ਮਠਿਆਈ ਨਕਲੀ ਹੈ ਜਾਂ ਅਸਲੀ। ਜਿਆਦਾ ਗੂੜ੍ਹੇ ਰੰਗ ਦੀਆਂ ਮਠਿਆਈਆਂ ਵਿਚ ਮਿਲਾਵਟ ਕੀਤੀ ਜਾਂਦੀ ਹੈ। ਉਸ ਦੁਕਾਨ ਤੋ ਮਠਿਆਈਆਂ ਖਰੀਦਣੀਆਂ ਚਾਹੀਦੀਆਂ ਹਨ ਜੋ ਦੁਕਾਨ ਸਾਫ-ਸੁਥਰੀ ਹੋਵੇ ਤੇ ਜਿੱਥੇ ਆਸੇ-ਪਾਸੇ ਗੰਦਗੀ ਨਾ ਹੋਵੇ। ਭਾਰਤ ਵਿਚ ਦਿਵਾਲੀ ਦੇ ਤਿਉਹਾਰ ਨੂੰ ਮਨਾਉਣ ਲਈ ਲੋਕ ਕਾਫੀ ਉਤਸ਼ਾਹਿਤ ਹੂੰਦੇ ਹਨ। ਇਸ ਤਿਉਹਾਰ ਤੇ ਸ਼ਹਿਰਾਂ ਵਿਚ ਕਈ ਤਰ੍ਹਾਂ ਦੀਆਂ ਮਠਿਆਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਕਈ ਮਠਿਆਈਆਂ ਵਿਚ ਮਿਲਾਵਟ ਕੀਤੀ ਜਾਂਦੀ ਹੈ। ਜਦੋ ਦੁਕਾਨਦਾਰਾਂ ਨੂੰ ਵਧੀਆ ਦੁੱਧ ਨਹੀ ਮਿਲਦਾ ਤਾਂ ਉਹ ਨਕਲੀ ਦੁੱਧ ਨਾਲ ਮਠਿਆਈਆਂ ਤਿਆਰ ਕਰਕੇ ਵੇਚਦੇ ਹਨ।ਦੁਕਾਨਦਾਰ ਕੇਵਲ ਆਪਣਾ ਹੀ ਭਲਾ ਸੋਚਦੇ ਹਨ ਤੇ ਪੈਸੇ ਕਮਾਉਣ ਦੇ ਲਾਲਚ ਵਿਚ ਉਹ ਦੂਜਿਆ ਬਾਰੇ ਸੋਚਦੇ ਹੀ ਨਹੀ।

ਆਖਰ ਨਕਲੀ ਦੁੱਧ ਦੀ ਪਛਾਣ ਕਿਵੇ ਕੀਤੀ ਜਾਂਦੀ ਹੈ

ਇਸ ਨੂੰ ਸੁੰਘਣ ਸਾਬਣ ਜਿਹੀ ਬਦਬੂ ਆਉਦੀ ਹੈ। ਸਰਫ ਤੇ ਸੋਡਾ ਮਿਲਣ ਕਾਰਨ ਇਸ ਦਾ ਸਵਾਦ ਥੋੜ੍ਹਾ ਜਿਹਾ ਕੌੜਾ ਹੁੰਦਾ ਹੈ, ਜਦ ਕਿ ਆਮ ਦੁੱਧ ਦਾ ਸਵਾਦ ਥੋੜਾ ਜਿਹਾ ਮਿੱਠਾ ਹੁੰਦਾ ਹੈ।

ਕੁਝ ਵਕਤ ਦੇ ਬਾਅਦ ਨਕਲੀ ਦੁੱਧ ਦਾ ਰੰਗ ਬਦਲ ਕੇ ਪੀਲਾ ਹੋ ਜਾਂਦਾ ਹੈ।

ਦੁੱਧ ਨੂੰ ਹੱਥਾਂ ਵਿਚ ਰਗੜਨ ਨਾਲ ਚਿਕਨਾਹਟ ਹੁੰਦੀ ਹੈ ਤਾਂ ਦੁੱਧ ਨਕਲੀ ਹੈ।

ਦੁੱਧ ਉਬਾਲਣ ਤੇ ਨਕਲੀ ਦੁੱਧ ਦਾ ਰੰਗ ਬਦਲ ਜਾਂਦਾ ਹੈ।

* ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੋੜੀਕਪੂਰਾ
(ਫਰੀਦਕੋਟ)

# ਵਿਵਰਜਤ-ਸਿੱਖਿਆ



ਸ਼ਿਰੀ ਰਾਮ ਅਰਸ਼

ਧਨੁਸ਼ ਬਾਣ ਲੈ ਕੇ ਗੁਰੂ ਧਾਰਨੇ ਨੂੰ
ਸ਼ਰਨ ਵਿਚ ਤੁਹਾਡੀ ਮੈਂ ਆਇਆ ਸੀ ਇਕ ਦਿਨ
ਇਹ ਹੈ ਯਾਦ ਮੈਨੂੰ ਤੁਸੀਂ ਆਖਿਆ ਸੀ
ਨਹੀਂ ਆਰੀਆ ਵੰਸ਼ ਦਾ ਤੂੰ ਸਪੁੱਤਰ
ਤੇਰੇ ਵਾਸਤੇ ਤਾਂਹੀਓ ਵਿਦਿਆ ਹੈ ਵਰਜਤ
ਨਾ ਸ਼ਸਤਰ ਦੀ ਸਿੱਖਿਆ ਹੈ ਵਿਚ ਤੇਰੀ ਕਿਸਮਤ
ਤੇ ਨਾ ਗਿਆਨ ਦੇਵੀ ਦੀ ਤੇਰੇ ਤੇ ਰਹਿਮਤ
ਇਹ ਹੈ ਯਾਦ ਮੈਨੂੰ ਤੁਸੀਂ ਆਖਿਆ ਸੀ
ਤੁਸੀਂ ਆਰੀਆ ਬੰਧਨਾਂ ਦੇ ਸੀ ਪਾਲਕ
ਮਗਰ ਮੇਂ ਸਾਂ ਸਿਰੜੀ ਤਬੀਅਤ ਦਾ ਮਾਲਕ
ਮੈਂ ਜੰਗਲ 'ਚ ਇਕ ਬੁੱਤ ਤੁਹਾਡਾ ਬਣਾਇਆ
ਤੇ ਫਿਰ ਉਸ ਦੇ ਅੱਗੇ ਮੈਂ ਮਸਤਕ ਨਿਵਾਇਆ
ਗੁਰੂ ਪੂਜ ਕੇ ਮੈਂ ਧਨੁਸ਼ ਸੀ ਉਠਾਇਆ
ਮੇਰੀ ਸਾਧਨਾ ਨੂੰ ਤਦੋਂ ਬੂਰ ਆਇਆ
ਤੁਸੀਂ ਦੇਖਦੇ ਹੋ ਹੈ ਮਾਹਰ ਦਰੋਣਾ
ਇਹ ਕੁੱਤਾ ਜਦੋਂ ਭੌਂਕਿਆ ਸੀ ਮੇਰੇ ਤੇ
ਮੈਂ ਇਕ ਤੀਰ ਆਪਣਾ ਇਹਦੇ ਵੱਲ ਚਲਾਇਆ
ਜਿਹਦੇ ਨਾਲ ਸੀਤੀ ਗਈ ਜੀਭ ਇਸ ਦੀ
ਇੰਝ ਭੌਂਕਣੇ ਤੇ ਮੈਂ ਇਸ ਨੂੰ ਹਟਾਇਆ
ਮੇਰੀ ਸਾਧਨਾ ਕਾਮਯਾਬੀ ਤੇ ਮੇਰੀ
ਅਸੀਂ ਮਨ ਹੀ ਮਨ ਵਿਚ ਬੜੇ ਖੁਸ਼ ਸੀ ਹੋਏ
ਫਿਰ ਆਰੀਆ ਵੰਸ਼ ਦੇ ਨਿਯਮ ਝਟਪਟ
ਤੁਹਾਡੇ ਮੇਰੇ ਆ ਕੇ ਅੱਗੇ ਖਲੋਏ।
ਕਿਤੇ ਦੂਸਰੇ ਚੇਲਿਆਂ ਤੋਂ ਜ਼ਿਆਦਾ
ਮੈਂ ਮਾਹਰ ਧਨੂ ਹਰ ਨਾ ਬਣ ਜਾਂ ਜਗਤ ਵਿਚ
ਮੇਰੀ ਸਾਧਨਾ ਤੇ ਕਲਾ ਨੂੰ ਹੀ ਮੇਰੀ
ਤੁਸੀਂ ਮੰਗਿਆ ਤਦ ਗੁਰੂ ਦਰਸ਼ਨਾਂ ਹਿੱਤ।
ਮੁਗਧ ਹੋ ਤੁਸੀਂ ਮੈਨੂੰ ਆਪਣਾ ਬਣਾਇਆ
ਮੈਂ ਲਾਹ ਕੇ ਅੰਗੂਠਾ ਤੁਹਾਨੂੰ ਚੜ੍ਹਾਇਆ
ਧਨੁਸ਼ ਬਾਣ ਕੁਟੀਆ ਦੇ ਅੰਦਰ ਟਿਕਾਇਆ।
ਧਨੁਸ਼ ਦੇ ਪਿਤਾਮਾ ਹੋ ਮਾਹਰ ਦਰੋਣਾ
ਹੋ ਸ਼ਕਤੀ ਦੇ ਸੋਮੇ ਬਹਾਦਰ ਦਰੋਣਾ
ਤੁਸੀਂ ਇਸ ਜਨਮ ਵਿਚ ਜੇ ਹੁਣ ਆ ਕੇ ਮੰਗੋ
ਗੁਰੂ ਦਕਸ਼ਨਾ ਉਸ ਤਰ੍ਹਾਂ ਦੀ ਦੁਬਾਰਾ
ਮੈਂ ਲੀਰਾਂ ਹੋਏ ਸੰਸਕਾਰਾਂ 'ਚ ਫਸ ਕੇ
ਨਹੀਂ ਅਪਣਾ ਤਪ ਤੇਜ ਕਰਨਾ ਨਕਾਰਾ
ਗੁਰੂ ਦਕਸ਼ਨਾਂ ਹਿੱਤ ਮਗਰ ਹੈ ਦਰੋਣਾ
ਮੈਂ ਇਕ ਤੀਰ ਸ਼ਕਤੀ ਦਾ ਅਰਪਣ ਕਰਾਂਗਾ
ਜਿਦ੍ਹੇ ਨਾਲ ਮੈਂ ਨਿਰਬਲਾਂ ਦੇ ਮਨਾਂ ਵਿਚ
ਸਵੈ-ਬਲ ਤੇ ਗੈਰਤ ਦੀ ਸ਼ਕਤੀ ਭਰਾਂਗਾ
ਮੈਂ ਧਰਤੀ ਤੋਂ ਨਸਲਾਂ ਤੇ ਜਾਤਾਂ ਦੇ ਝੇੜੇ
ਹਮੇਸ਼ਾ ਲਈ ਤਦ ਸਮਾਪਤ ਕਰਾਂਗਾ।
ਧਨੁਸ਼ ਦੇ ਪਿਤਾਮਾ ਹੇ ਮਾਹਰ ਦਰੋਣਾ
ਹੋ ਸ਼ਕਤੀ ਦੇ ਸੋਮੇ ਬਹਾਦਰ ਦਰੋਣਾ।

# ਸ਼ੰਬੂਕ

**– ਸੁਰਜੀਤ ਖੁਰਸ਼ੀਦੀ**

ਹਾਂ ਤਾਂ ਮੈਂ ਸ਼ੰਬੂਕ ਵਰਜਤ
ਪਰ ਮੈਂ ਅੱਜ ਵੇਦ ਪੜ੍ਹਨ ਦਾ ਦੋਸ਼ੀ ਨਹੀਂ ਹਾਂ।
ਮੈਂ ਤਾਂ ਅੱਜ ਵੇਦ ਰਚਾਂ ਹੇ ਰਾਜਨ।
ਬੇਸ਼ੱਕ ਮੈਂ ਸ਼ੰਬੂਕ ਹੀ ਹਾਂ।
ਮੈਂ ਤਾਂ ਨਿਤ ਚਾਰੇ ਵਰਨ ਹੰਢਾਵਾਂ
ਸ਼ੋਸ਼ਿਤ ਸੇਵਾਦਾਰ ਕਹਿੰਦੇ
ਮੈਂ ਤਾਂ ਸੇਵਾ ਕਰਦਾ ਸੁਆਸ ਸੁਆਸ
ਮਾਨਵ ਦੀ ਮਾਨੁਖਤਾ ਦੀ
ਜੂਝ ਰਿਹਾ ਹਾਂ ਸ਼ੋਸ਼ਣ ਵਿਰੁੱਧ ਮੈਂ
ਹਰ ਪਲ, ਹਰ ਘੜੀ, ਬਣ ਕੁਸ਼ੱਤ੍ਰੀ।
ਸ਼ੋਸ਼ਨਕਾਰੀ ਦਾ ਮੈਂ ਖਾਤਾ ਰੱਖਾਂ
ਵੈਸ਼ ਬਣਾ ਜੱਦ।
''ਰਾਜਾ ਰਾਮ'' ਹੈ ਮੇਰਾ ਸ਼ੋਸ਼ਨ ਕਰਦਾ
ਕਿਵੇਂ ਕਿਵੇਂ?
ਇਸ ਦਾ ਅੱਜ ਗਿਆਨ ਹੈ ਮੈਨੂੰ।
ਪੰਡਤ ਜੋ ਹੋਇਆ ਮੈਂ।
ਇੰਝ ਮੈਂ ਚਾਰੇ ਵਰਨ ਹੰਢਾਵਾਂ
ਅੱਜ ਵੀ ''ਰਾਜਾ ਰਾਮ'' ਗੰਡਾਸੀ
ਚੁੱਕੀ ਫਿਰਦਾ ਮੇਰੇ ਪਿੱਛੇ।
ਵਰਜਤ ਮੈਂ ਵੇਦ ਕਿਉਂ ਪੜ੍ਹਦਾ?
ਰਾਜਾ ਜੀ ਮੈਂ ਵੇਦ ਨਹੀਂ ਪੜ੍ਹਦਾ।
ਨਹੀਂ ਨਹੀਂ ਮੈਂ ਵੇਦ ਨਹੀਂ ਪੜ੍ਹਦਾ।
ਮੈਂ ਤਾਂ ਵੇਦ ਰਚਾਂ ਰਘੂਰਾਈ।
ਪਰ ਤੇਰੇ ਹੱਥ ਗੰਡਾਸੀ ਵਾਲੇ
ਕਿਉਂ ਅੱਜ ਕੰਬ ਰਹੇ ਹਨ?
ਤੂੰ ਦਸ ਮੈਨੂੰ ਕਿਸ ਵਰਨ ਦਾ ਧਾਰੀ?
ਸ਼ੂਦਰ, ਪੰਡਤ ਕਿ ਵੈਸ਼ ਕਸ਼ੱਤ੍ਰੀ?
ਕਿਸ ਵਰਨ ਦਾ ਧਰਮ ਤੂੰ ਪੂਰੇਂ?
ਕਾਰਾਂ ਵਿਚੋਂ ਕੋਈ ਵੀ ਤੈਨੂੰ ਮੇਚ ਨਾ ਆਵੇ।
ਤੂੰ ਤਾਂ ਰਾਖਸ਼ਸ਼ ਵਰਨ ਹੰਢਾਵੇਂ ਜਿਧਰ ਜਾਵੇਂ,
ਤੇਰਾ ਰਾਜ ਵੀ ਰਾਵਨ ਰਾਜ ਹੈ ਰਾਜਨ।
ਮੈਂ ਤਾਂ ਓਹੀ ਸ਼ੂਦਰ ਹਾਂ ਇਕ ਵਿਚਾਰਾ
ਮੈਂ ਅੱਜ ਚਾਰੇ ਵਰਨ ਹੰਢਾਵਾਂ।
ਰਾਜਾ ਜੀ ਮੈਂ ਵੇਦ ਨਹੀਂ ਪੜ੍ਹਦਾ।
ਨਹੀਂ ਨਹੀਂ ਮੈਂ ਵੇਦ ਨਹੀਂ ਪੜ੍ਹਦਾ।
ਮੈਂ ਤਾਂ ਵੇਦ ਰਚਾਂ ਰਘੂਰਾਈ।
ਪਰ ਤੇਰੇ ਹੱਥ ਗੰਡਾਸੀ ਵਾਲੇ
ਕਿਉਂ ਅੱਜ ਕੰਬ ਰਹੇ ਹਨ?
ਤੂੰ ਦਸ ਮੈਨੂੰ ਕਿਸ ਵਰਨ ਦੀ ਧਾਰੀ?

# ਚਾਰਵਾਕ

ਚਾਰਵਾਕ ਰਮਾਇਣ ਦੀ ਰਚਨਾ ਤੋਂ ਵੀ ਪਹਿਲਾਂ ਹੋਇਆ ਸੰਦੇਹਵਾਦੀ, ਦਾਰਸ਼ਨਿਕ, ਜਿਹੜਾ ਪਦਾਰਥਵਾਦੀ ਸਿਧਾਂਤ ਦਾ ਪ੍ਰਚਾਰਕ ਸੀ। ਸਮੇਂ ਦੇ ਹਾਕਮਾਂ ਨੇ ਉਸ ਨੂੰ ਜਿਊਂਦਿਆਂ ਸਾੜ ਦਿੱਤਾ ਸੀ।

**– ਲਾਲ ਸਿੰਘ**

ਕਲ ਕੌਰਵ ਰੱਬ ਸਨ, ਅੱਜ ਰੱਬ ਤੁਸੀਂ ਹੋ।
ਕਲ੍ਹ ਦੁਰਯੋਧਨ ਦੀ ਮੁੱਠੀ ਵਿਚ ਧਰਤੀ ਸੀ
ਅੱਜ ਤੁਹਾਡੇ ਮੂੰਹ ਵਿਚ ਸੂਰਜ ਹੈ।
ਕੱਲ੍ਹ ਸਓ ਗਿਰਵੀ ਇਜ਼ਤ ਤਾਈਂ
ਚਾਂਦੀ ਦੇ ਕੁਝ ਭਾਰਾਂ ਖਾਤਰ
ਅੱਜ ਤੁਸੀਂ ਗੈਰਤ ਦੇ ਰੱਬ ਹੋ!
ਅੱਜ ਤੁਸੀਂ ਹਰ ਤੀਵੀਂ, ਹਰ ਬੰਦੇ,
ਭਾਰਤ ਦੀ ਮਿੱਟੀ ਦੇ ਗੌਰਵ ਦੇ ਮਾਲਕ ਹੋ।
ਕੀ ਤੱਕਦੇ ਹੋ? ਮੇਰੀਆਂ ਬਾਹਾਂ
ਮੇਰੇ ਪਰਨੇ ਦੇ ਸਭ ਲੜ ਖਾਲੀ ਹਨ
ਕੋਈ ਸੁਆਗਤ ਖਾਤਰ, ਏਧਰ ਹੱਥ ਕਿਸੇ
ਕੋਈ ਥਾਲ ਨਹੀਂ, ਕੋਈ ਹਾਰ ਨਹੀਂ
ਏਧਰ ਤਾਂ ਨਾ ਕੌਰਵ ਰੱਬ ਸਨ
ਇਧਰ ਨਾ ਅੱਜ ਰੱਬ ਤੁਸੀਂ ਹੋ
ਕੀ ਕੁਝ ਗਿਣਤੀ ਹੈ?
ਤੁਹਾਡੇ ਅੱਗੇ, ਉਨ੍ਹਾਂ ਦੇ ਮੂਹਰੇ
ਤੀਰ, ਗੰਡਾਸੇ ਤੇ ਕੁਲਹਾੜੇ ਜਦ ਭਿੜਦੇ ਸਨ
ਕਿੰਨੇ ਕਵੀ
ਤੇ ਕਿੰਨੇ ਅੰਨ ਉਗਾਵਣ ਵਾਲੇ
ਕੱਟ ਕੇ ਡਿੱਗੇ?
ਅੱਜ ਤੁਸੀਂ ਇਹ ਕਹਿ ਸਕਦੇ ਹੋ
ਕਿ ਏਧਰ ਤਾਂ ਕੇਵਲ ਪੰਜ ਸਨ
ਇਕ ਤੁਹਾਡੇ ਸਾਥ 'ਚ ਰੱਬ ਸੀ
ਕੱਲ੍ਹ ਜਿਵੇਂ ਦਰਯੋਧਨ ਰੱਬ ਸੀ
ਜਿਸ ਨੇ ਏਧਰ ਦੂਰ ਪਰਾਈ ਧਰਤੀ
ਜਿਸ ਤੇ ਵੀ ਵਸ ਚਲਿਆ
ਜਾਲ ਧਰੀ ਕਿੰਨੇ ਕਵੀ
ਤੇ ਕਿੰਨੇ ਅੰਨ ਉਗਾਵਣ ਵਾਲੇ
ਮੋਢੇ ਤੇ ਚੁੱਕ ਜਿਓਂਦਾ ਮੁਰਦਾ
ਅੱਗ ਬਣੇ ਫਿਰਦੇ ਸਨ
ਅੱਜ ਤੁਹਾਡੇ ਪਿੱਛੇ ਦੂਰੋਂ
ਅੱਗ ਖਿੰਡੀ ਕਣਕਾਂ ਥੀਂ
ਕਿੰਨੇ ਕਵੀ
ਤੇ ਕਿੰਨੇ ਅੰਗ ਉਗਾਵਣ ਵਾਲੇ ਰਾਖ ਬਣੇ
ਅੱਜ ਜਿਨ੍ਹਾਂ ਦੀ ਗਿਣਤੀ
ਕੇਵਲ ਪੰਜ ਹੈ
ਕਿਉਂਕਿ ਅੱਜ ਤੁਹਾਡੇ ਮੂੰਹ ਵਿਚ ਸੂਰਜ ਹੈ
ਕੱਲ੍ਹ ਇਨ੍ਹਾਂ ਕਣਕਾਂ ਦੇ ਰਾਖੇ ਕੋਰਵ ਸਨ
ਅੱਜ ਤੁਸੀਂ ਹੋ
ਕੱਲ੍ਹ ਜਦ ਅੰਨ ਉਗਾਵਣ ਵਾਲੇ
ਕਾਲਾਂ ਵਿਚ ਮਰਦੇ ਸਨ, ਕਹਿੰਦੇ ਸਨ
ਕਿ ਕੌਰਵ ਰੱਬ ਹਨ
ਟੁਕੜੇ ਜਿਹੜੇ ਉਨ੍ਹਾਂ ਦੇ ਚੁੱਲ੍ਹਿਆਂ ਤੇ
ਪੱਕਣ ਤੋਂ ਪਹਿਲਾਂ
ਚੁੱਕ ਲਏ ਜਾਂਦੇ ਸਨ
ਅੱਜ ਕਾਲ ਕੁਝ ਹੋਏ ਵੱਡੇ
ਵੰਡੇ ਜਾਂਦੇ ਫੇਰ ਉਹਨਾਂ ਨੂੰ
ਉਨ੍ਹਾਂ ਦੇ ਟੁਕੜੇ
ਪਹਿਲੇ ਟੁਕੜਿਆਂ ਨਾਲੋਂ ਥੋਹੜੇ ਵੱਡੇ
ਅੱਜ ਤੁਸੀਂ ਤਾਂ ਵੱਡੇ ਰੱਬ ਹੋ
ਕਿਉਂਕਿ ਅੱਜ ਤੁਹਾਡੇ ਹੱਥਾਂ ਉਤੇ
ਅੰਨ ਉੱਗਦਾ ਹੈ। ਪਰ ਜੇ ਆਖੋ
ਕਾਲ ਨਹੀਂ ਕੋਈ ਰਹਿਣਾ
ਇਹ ਤਾਂ ਕੇਵਲ
ਉਥੇ ਹੀ ਹੋ ਸਕਦੈ ਜਿਸ ਧਰਤੀ ਤੇ
ਨਾ ਇਹ, ਨਾ ਉਹ, ਨਾ ਵੱਡਾ, ਨਾ ਛੋਟਾ
ਕੋਈ ਰੱਬ ਨਾ ਹੋਵੇ
ਹਾਂ ਜਾਲ ਦਿਓ
ਅਗਨੀ ਵਿਚ ਧਰ ਕੇ ਮੈਨੂੰ
ਮੇਰੀ ਕਵਿਤਾ
ਅੱਜ ਤੁਹਾਡੇ ਮੂੰਹ ਵਿਚ ਸੂਰਜ ਹੈ।

# ਗ਼ਜ਼ਲ

**– ਦਰਸ਼ਨ ਬੇਦੀ**

ਦੱਸ ਰੁਪਈਏ ਇਕ ਬਾਲਟੀ, ਪਾਣੀ ਦਾ ਹੈ ਦਾਮ ਹੋ ਗਿਆ,
ਜਿੱਥੇ ਰਾਮ ਰਾਜ ਹੁੰਦਾ ਸੀ, ਉਥੇ ਰਾਜ ਹੀ ਰਾਮ ਹੋ ਗਿਆ।
ਮਜ਼ਹਬ-ਧਰਮ, ਸਿਆਸਤ, ਦੰਗਾ, ਫਿਰਕਾਪ੍ਰਸਤੀ ਤੇ ਸਰਦਾਰੀ,
ਕੁਰਸੀ ਪਿੱਛੇ ਨਿੱਕੀ ਨਿੱਕੀ ਗੱਲ 'ਤੇ ਕਤਲੇਆਮ ਹੋ ਗਿਆ।
ਮਰਿਆ ਹਾਥੀ ਸਵਾ ਲੱਖ ਦਾ, ਪਰ ਬੰਦੇ ਦੀ ਕੀਮਤ ਕਾਹਦੀ?
ਮਰ ਗਈ ਹੈ ਜ਼ਮੀਰ ਜਦੋਂ ਦੀ, ਬੰਦਾ ਵੀ ਨੀਲਾਮ ਹੋ ਗਿਆ।
ਪਰ ਅੱਜ ਰੋਣਾ ਹੈ ਵਿਵਰਜਿਤ, ਰੋਣ ਖਿਆਲੇ-ਖ਼ਾਮ ਹੋ ਗਿਆ
ਮਰ ਜਾਵੇਂਗਾ, ਬੁੱਤ ਬਣੇਗਾ, ਅਮਰ ਸ਼ਹੀਦ ਅਖਵਾਏਂਗਾ ਤੂੰ
ਮੌਤ ਦੇ ਨਾਂ 'ਤੇ ਤੇਰੇ ਦਿਲ ਵਿਚ, ਕਾਹਤੋਂ ਹੈ ਕੋਹਰਾਮ ਹੋ ਗਿਆ।
ਨਾ ਕੋਈ ਅੱਲ੍ਹਾ, ਨਾ ਕੋਈ ਰੱਬ ਹੈ, ਕਿਸ ਅੱਗੇ ਫਰਿਆਦ ਕਰਾਂ ਮੈਂ,
'ਬੇਦੀ' ਤੇਰੇ ਸ਼ਹਿਰ ਦੇ ਅੰਦਰ, ਜੀਣਾ ਬੜਾ ਹਰਾਮ ਹੋ ਗਿਆ।

# ਲੋੜ ਹੈ ਸਿਸਟਮ ਵਿੱਚ ਸੁਧਾਰ ਕਰਨ ਦੀ



ਕਿਰਨਪ੍ਰੀਤ ਕੌਰ
+4368864013133

ਅੱਜ ਇਕਵੀਂ ਸਦੀ ਵਿੱਚ ਹਰ ਦੇਸ਼ ਨੇ ਬਹੁਤ ਹੀ ਤਰੱਕੀ ਕਰ ਲਈ ਹੈ । ਜਾਪਾਨ, ਚਾਇਨਾ, ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ਾਂ ਨੇ ਕਈ ਆਧੁਨਿਕ ਕਾਂਡਾ ਕੱਢ ਸਾਡੇ ਮਨੁੱਖੀ ਜੀਵਨ ਨੂੰ ਸਰਲ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਅੱਜ ਅਸੀਂ ਗੱਲ ਕਰਾਂਗੇ ਆਪਣੇ ਪਿਆਰੇ ਭਾਰਤ ਦੇ ਇੱਕ ਛੋਟੇ ਜਿਹੇ ਰਾਜ ਪੰਜਾਬ ਦੀ।

ਪੰਜਾਬ ਜਿਸ ਨੂੰ ਕਿ ਕਦੇ ਸੋਨੇ ਦੀ ਚਿੜੀਆਂ ਵੀ ਆਖਿਆ ਜਾਂਦਾ ਸੀ। ਅੱਜ ਹਨੇਰੇ ਵਿੱਚ ਡੁੱਬ ਚੁੱਕਾ ਹੈ। ਹਰ ਛੋਟਾ- ਵੱਡਾ ਖਾਸ ਤੌਰ ਤੇ ਨੌਜਵਾਨ ਵਰਗ ਹੁਣ ਇਸਨੂੰ ਛੱਡ ਵਿਦੇਸ਼ਾਂ ਵਿੱਚ ਜਾਣਾ ਚਾਹੁੰਦਾ ਹੈ। ਅੱਜ ਪੰਜਾਬ ਵਿੱਚ ਨਸ਼ਿਆਂ ਦਾ ਕੰਮ ਜ਼ੋਰਾਂ ਤੇ ਹੈ । ਹਰ ਦੂਸਰਾ ਨੌਜਵਾਨ ਕੋਈ ਨਾ ਕੋਈ ਨਸ਼ਾ ਕਰਦਾ ਹੈ। ਕਿਸਾਨੀ ਜੋ ਕਿ ਪੰਜਾਬ ਦਾ ਮੂਲ ਆਧਾਰ ਸੀ। ਅੱਜ ਕਿਸਾਨ ਖੁਦਕੁਸ਼ੀਆਂ ਕਰਨ ਤੇ ਮਜਬੂਰ ਹੋ ਗਿਆ ਹੈ। ਨਿੱਤ ਅਖਬਾਰਾਂ ਤੇ ਟੀਵੀ ਚੈਨਲਾਂ ਤੇ ਰੇਪ ਚੋਰੀ ਚਕਾਰੀ ਤੇ ਕਤਲੇਆਮ ਦੀਆਂ ਦੁਖਦ ਘਟਨਾਵਾਂ ਸੁਣਨ ਨੂੰ ਮਿਲਦੀਆਂ ਹਨ। ਇਸ ਲਈ ਸਾਨੂੰ ਜੇਕਰ ਆਪਣੇ ਪਿਆਰੇ ਪੰਜਾਬ ਨੂੰ ਫਿਰ ਤੋਂ ਸੁਰਜੀਤ ਕਰਨਾ ਹੈ ਤਾਂ ਇਨ੍ਹਾਂ ਸਭ ਸਮੱਸਿਆਵਾਂ ਦੇ ਕਾਰਨ ਨੂੰ ਸਮਝਦੇ ਹੋਏ ਚੰਗੇ ਹੱਲ ਕੱਢਣ ਆਪਣੇ ਪੰਜਾਬ ਅਤੇ ਦੇਸ਼ ਦੀ ਰੱਖਿਆ ਕਰਨੀ ਪਵੇਗੀ।

ਰਾਜਨੀਤਿਕ ਸਿਸਟਮ ਹਰ ਦੇਸ਼ ਦੀ ਅਰਥ ਵਿਵਸਥਾ, ਸਮਾਜਿਕ ਵਿਵਸਥਾ ਅਤੇ ਸੱਭਿਆਚਾਰ ਵਿਵਸਥਾ ਤੇ ਗਹਿਰਾ ਅਸਰ ਪਾਉਂਦਾ ਹੈ। ਪਰ ਜੇਕਰ ਰਾਜਨੈਤਿਕ ਸਿਸਟਮ ਵਿੱਚ ਹੀ ਭ੍ਰਿਸ਼ਟਾਚਾਰੀ ਗੈਰ ਜ਼ਿੰਮੇਦਾਰੀ, ਲੜਾਈਆਂ ਅਤੇ ਝੂਠ ਤੇ ਫਰੇਬੀ ਹੋਈ ਤਾਂ ਸਾਰੇ ਦੇਸ਼ ਦਾ ਸਿਸਟਮ ਹੀ ਖਰਾਬ ਹੋ ਜਾਂਦਾ ਹੈ । ਕੁਝ ਅਜਿਹੀਆਂ ਹੀ ਸਮੱਸਿਆਵਾਂ ਆ ਗਈਆਂ ਹਨ ਸਾਡੇ ਰਾਜ ਦੀ ਸਰਕਾਰ ਵਿੱਚ ।ਨੇਤਾ ਅਤੇ ਉੱਚ ਪਦਵੀਆਂ ਤੇ ਬੈਠੇ ਅਧਿਕਾਰੀ ਆਪਣੀ ਤਾਕਤ ਤੇ ਅਧਿਕਾਰਾਂ ਦਾ ਗਲਤ ਉਪਯੋਗ ਕਰਨ ਲੱਗ ਗਏ ਹਨ ਅੱਜ ਜਿਸ ਕੋਲ ਵੀ ਥੋੜ੍ਹੀ ਬਹੁਤ ਰਾਜਨੀਤਿਕ ਜਾਂ ਸਮਾਜਿਕ ਤਾਕਤ ਮਿਲ ਰਹੀ ਹੈ ਉਹ ਉਸ ਦੀ ਜ਼ਿਆਦਾਤਰ ਗ਼ਲਤ ਵਰਤੋਂ ਕਰ ਰਿਹਾ ਹੈ। ਮਿਸਾਲ ਦੇ ਤੌਰ ਤੇ ਦੇਖਿਆ ਜਾਏ ਤਾਂ ਇੱਕ ਭ੍ਰਿਸ਼ਟ ਪੁਲਿਸ ਕਰਮੀ ਸਮਾਜ ਲਈ ਕਿੰਨਾ ਹਾਨੀਕਾਰਕ ਹੋ ਸਕਦਾ ਹੈ। ਅੱਜ ਅਸੀਂ ਆਮ ਦੇਖਦੇ ਹਾਂ ਆਮ ਜਨਤਾ ਖ਼ਾਸ ਕਰ ਨੌਜਵਾਨ ਪੀੜ੍ਹੀ ਸੜਕ ਨਿਯਮਾਂ ਦੀ ਕੋਈ ਵੀ ਪਾਲਣਾ ਨਹੀਂ ਕਰਦਾ। ਕਈ ਵਾਰ ਪੁਲਿਸ ਵੀ ਚੌਕਾਂ ਤੇ ਖੜ੍ਹੀ ਆਪਣੀ ਡਿਊਟੀ ਨਿਭਾ ਰਹੀ ਹੁੰਦੀ ਹੈ। ਪਰ ਰਿਸ਼ਵਤ ਲੈ ਮੁਲਾਜ਼ਮ ਨੂੰ ਛੱਡ ਦਿੱਤਾ ਜਾਂਦਾ ਹੈ । ਫਿਰ ਚਾਹੇ ਇਹ ਗੱਲ ਸੜਕ ਨਿਯਮਾਂ ਦੀ ਹੋਈ ਜਾਂ ਕਿਸੇ ਕਤਲ ਇਲਜ਼ਾਮ ਜਾਂ ਹੋਰ ਅਪਰਾਧ ਦੀ । ਇੱਕ ਭ੍ਰਿਸ਼ਟ ਇਨਸਾਨ ਜਦੋਂ ਆਪਣੀ ਤਾਕਤ ਦਾ ਗਲਤ ਇਸਤੇਮਾਲ ਕਰਦਾ ਹੈ ਤਾਂ ਇਸ ਦਾ ਸਿੱਧਾ ਅਸਰ ਆਮ ਜਨਤਾ ਤੇ ਹੁੰਦਾ ਹੈ । ਦੇਸ਼ ਦਾ ਸਿਸਟਮ ਵਿਗੜਦਾ ਹੈ ਅਤੇ ਇੱਕ ਦੇ ਨਾਲ ਨਾਲ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਹ ਤਾਂ ਬੱਸ ਇੱਕ ਛੋਟੀ ਜਿਹੀ ਉਦਾਹਰਣ ਸੀ। ਜੋ ਕਿ ਅਸੀਂ ਪੁਲਿਸ ਦੇ ਨਾਮ ਤੇ ਲਈ । ਪਰ ਅੱਜ ਲੱਖਾਂ ਹੀ ਉਦਾਹਰਣਾਂ ਨੇ ਜਿਸ ਵਿੱਚ ਅਸੀਂ ਦੇਖਦੇ ਹਾਂ ਕਿ ਕਿਵੇਂ ਉੱਚੇਆਂ ਅਹੁਦਿਆਂ ਤੇ ਬੈਠੇ ਲੋਕ ਆਪਣੀ ਤਾਕਤ ਦੀ ਗਲਤ ਵਰਤੋਂ ਕਰ ਆਮ ਜਨਤਾ ਨੂੰ ਪ੍ਰੇਸ਼ਾਨ ਕਰ ਰਹੇ ਹਨ । ਇਸ ਲਈ ਸਿਸਟਮ ਵਿੱਚ ਸੁਧਾਰ ਕਰਨ ਦੀ ਬਹੁਤ ਜ਼ਰੂਰਤ ਹੈ ।

ਇਸ ਦੇ ਲਈ ਸਾਡਾ ਆਮ ਜਨਤਾ ਦਾ ਸੁਚੇਤ ਹੋਣਾ ਵੀ ਬਹੁਤ ਜਰੂਰੀ ਹੈ । ਸਾਨੂੰ ਸਾਡੇ ਹੱਕਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਸਾਨੂੰ ਸਭ ਤੋਂ ਪਹਿਲਾਂ ਆਪਣੀਆਂ ਜ਼ਿੰਮੇਵਾਰੀਆਂ ਵੀ ਨਿਭਾਉਣੀਆਂ ਚਾਹੀਦੀਆਂ ਹਨ ।

**ਆਓ ਆਪਣੀ ਜ਼ਿੰਮੇਵਾਰੀ ਨੂੰ ਸਮਝੀਏ**

ਜੇਕਰ ਆਮ ਇਨਸਾਨ ਚਾਹੁੰਦਾ ਹੈ ਕਿ ਉਸ ਦਾ ਦੇਸ਼ ਤਰੱਕੀ ਕਰੇ ਅਤੇ ਉਹ ਆਪਣੇ ਹੀ ਦੇਸ਼ ਵਿੱਚ ਅਮਨ, ਸ਼ਾਂਤੀ ,ਭਾਈਚਾਰੇ ਅਤੇ ਸੁਖਦ ਜ਼ਿੰਦਗੀ ਨੂੰ ਮਾਣ ਸਕੇ ਤਾਂ ਉਸ ਨੂੰ ਵੀ ਆਪਣੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਚਾਹੀਦਾ ਹੈ । ਅੱਜ ਹਰ ਕੋਈ ਚਾਹੁੰਦਾ ਹੈ ਕਿ ਰਿਸ਼ਵਤਖੋਰੀ ਖਤਮ ਹੋ ਜਾਵੇ। ਪਰ ਜਦੋਂ ਖੁਦ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਬਹੁਤੇ ਲੋਕ ਝੱਟ ਰਿਸ਼ਵਤ ਦੇ ਕੇ ਉਸ ਤੋਂ ਨਿਕਲਣ ਦੀ ਕੋਸ਼ਿਸ਼ ਕਰਦੇ ਹਨ ਇੱਕ ਪਾਸੇ ਤਾਂ ਅਸੀਂ ਕਈ ਧੰਨੇ ਪ੍ਰਦਰਸ਼ਨ ਕਰ ਰਿਸ਼ਵਤਖੋਰੀ ਜਾਂ ਹੋਰ ਸਮਾਜਿਕ ਮੁੱਦਿਆਂ ਤੇ ਬੋਲਦੇ ਹਾਂ । ਸਰਕਾਰਾਂ ਨੂੰ ਦੋਸ਼ ਦਿੰਦੇ ਹਾਂ। ਪਰ ਦੂਸਰੇ ਹੀ ਪਾਸੇ ਅਸੀਂ ਆਪ ਹੀ ਉਸ ਨੂੰ ਵਧਾਵਾ ਵੀ ਦੇ ਰਹੇ ਹੁੰਦੇ ਹਾਂ । ਇਸ ਲਈ ਸਭ ਤੋਂ ਪਹਿਲਾਂ ਜ਼ਰੂਰਤ ਹੈ ਸਾਨੂੰ ਆਪਣੀ ਜ਼ਿੰਮੇਵਾਰੀ ਸਮਝ ਸਮੱਸਿਆਵਾਂ ਪ੍ਰਤੀ ਲੜਨ ਦੀ। ਜੇਕਰ ਅਸੀਂ ਆਮ ਇਨਸਾਨ ਸੜਕਾਂ ਦੇ ਨਿਯਮਾਂ ਦੀ ਸਹੀ ਵਰਤੋਂ ਕਰੀਏ ,ਰਿਸ਼ਵਤ ਦੇਣ ਤੋਂ ਬੱਚੀਏ, ਟੈਕਸ ਪੂਰਾ ਭਰੀਏ ,ਸਫ਼ਾਈ ਇਤ ਆਦਿ ਦਾ ਪੂਰਾ ਧਿਆਨ ਰੱਖੀਏ ਤਾਂ ਸਾਡਾ ਵੀ ਦੇਸ਼ ਬਣ ਸਕਦਾ ਹੈ "ਕੈਨੇਡਾ"। ਇਹ ਮੇਰਾ ਨਿੱਜੀ ਅਨੁਭਵ ਹੈ। ਬਾਹਰਲੇ ਦੇਸ਼ਾਂ ਦੇ ਆਮ ਲੋਕ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹਨ। ਉਹ ਆਪਣੀ ਸਰਕਾਰ ਦੁਆਰਾ ਬਣਾਏ ਨਿਯਮਾਂ ਤੇ ਕਾਨੂੰਨ ਦੀ ਸਹੀ ਵਰਤੋਂ ਕਰ ਆਪਣੇ ਦੇਸ਼ ਦੀ ਤਰੱਕੀ ਵਲ ਹੱਥ ਅੱਗੇ ਲੈ ਜਾਂਦੇ ਹਨ । ਆਖਿਰ ਇਹ ਸਰਕਾਰਾਂ ਅਸੀਂ ਆਮ ਜਨਤਾ ਨੇ ਮਿਲ ਕੇ ਹੀ ਬਣਾਈਆਂ ਹਨ। ਪਰ ਜਦੋਂ ਅਸੀਂ ਖੁਦ ਹੀ ਆਪਣੀ ਜ਼ਿੰਮੇਵਾਰੀ ਤੋਂ ਭਟਕ ਗਲਤ ਢੰਗ ਅਪਣਾ ਲਿਆ ਹੈ ਤਾਂ ਸਿਸਟਮ ਦਾ ਖਰਾਬ ਹੋ ਜਾਣਾ ਲਾਜਮੀ ਗੱਲ ਹੈ। ਮਿਸਾਲ ਦੇ ਤੌਰ ਤੇ ਵੋਟਾਂ ਦੇ ਵੇਲੇ ਕੁਝ ਪਾਰਟੀਆਂ ਪੈਸੇ ਤੇ ਸ਼ਰਾਬ ਆਦਿ ਰਿਸ਼ਵਤ ਦੇ ਤੌਰ ਤੇ ਵੰਡ ਚੁਨਾਅ ਵਿੱਚ ਆਉਂਦੀਆਂ ਹਨ। ਅਸੀਂ ਕਿਉਂ ਫਿਰ ਕੁਝ ਲਾਲਚ ਦੇ ਕਾਰਨ ਅਜਿਹੇ ਭ੍ਰਿਸ਼ਟ ਲੋਕਾਂ ਨੂੰ ਵੋਟਾਂ ਪਾ ਰਹੇ ਹਾਂ? ਇਸ ਲਈ ਆਮ ਜਨਤਾ ਦਾ ਸੁਚੱਜੇ ਢੰਗ ਨਾਲ ਆਪਣੀ ਵੋਟ ਦਾ ਇਸਤੇਮਾਲ ਕਰਨਾ ਬਹੁਤ ਜਰੂਰੀ ਹੈ। ਇਸ ਤਰ੍ਹਾਂ ਅਸੀਂ ਆਪਣੇ ਦੇਸ਼ ਨੂੰ ਤਰੱਕੀ ਵੱਲ ਲੈ ਜਾਵਾਂਗੇ ਅਤੇ ਇੱਕ ਚੰਗੇ ਸਮਾਜ ਦੀ ਸਿਰਜ਼ਨਾ ਕਰ ਸਕਾਗੇ।

# ਮੇਰੇ ਪਿਤਾ ਅਸਗਰ ਅਲੀ ਇੰਜਨੀਅਰ ਦੀ ਵਿਰਾਸਤ

(ਸਫਾ 17 ਦੀ ਬਾਕੀ)

ਮਰਦਾਂ ਦੇ ਅਧਿਕਾਰਾਂ ਦੀ ਨਹੀਂ। ਜਿੱਥੇ ਵੀ ਮਰਦਾਂ ਦੀ ਗੱਲ ਕੀਤੀ ਗਈ ਹੈ ਉਹ ਉਨ੍ਹਾਂ ਦੇ ਫ਼ਰਜ਼ਾਂ ਦੇ ਹਵਾਲੇ ਨਾਲ ਕੀਤੀ ਗਈ ਹੈ। ਕੁਰਾਨ ਦੀ ਇਹ ਵਿਆਖਿਆ ਕਰਨ ਦੇ ਪਿੱਛੇ ਉਨ੍ਹਾਂ ਦਾ ਉਦੇਸ਼ ਉਸ ਸਮਾਜਕ ਨਾ-ਬਰਾਬਰੀ ਨੂੰ ਠੀਕ ਕਰਨਾ ਸੀ ਜਿਸ ਵਿਚ ਔਰਤਾਂ ਦੇ ਹਿੱਸੇ ਸਿਰਫ ਫ਼ਰਜ਼ ਆਏ ਹਨ, ਅਧਿਕਾਰ ਨਹੀਂ। ਉਨ੍ਹਾਂ ਦੀ ਦਲੀਲ ਇਹ ਸੀ ਕਿ ਮੱਧ ਕਾਲ ਵਿਚ ਜਦੋਂ ਮੁਸਲਿਮ ਹੁਕਮਰਾਨ ਨਵੇਂ ਨਵੇਂ ਇਲਾਕਿਆਂ ਉੱਤੇ ਕਬਜ਼ਾ ਕਰਕੇ ਆਪਣਾ ਸਾਮਰਾਜ ਫੈਲਾਅ ਰਹੇ ਸਨ ਉਸ ਦੌਰ ਦੀ ਪਿਤਾ ਪੁਰਖੀ ਸੰਸਕ੍ਰਿਤੀ (ਰਵਾਇਤਾਂ) ਨੇ ਔਰਤਾਂ ਦੇ ਉਹ ਅਧਿਕਾਰ ਖੋਹ ਲਏ, ਜੋ ਕੁਰਾਨ ਨੇ ਉਨ੍ਹਾਂ ਨੂੰ ਦਿੱਤੇ ਸਨ। ਕੁਰਾਨ ਬਾਰੇ ਉਨ੍ਹਾਂ ਦਾ ਅਧਿਅਨ ਇੰਨਾ ਡੂੰਘੇਰਾ ਸੀ ਕਿ ਮੁਸਲਿਮ ਵਿਦਵਾਨ ਸ਼ਾਇਦ ਹੀ ਕਦੇ ਦਲੀਲ ਵਿਚ ਉਨ੍ਹਾਂ 'ਤੇ ਭਾਰੀ ਪੈਂਦੇ ਸਨ। ਇਸ ਕਰਕੇ ਹੀ ਉਹ ਪਿਤਾਪੁਰਖੀ ਸੱਭਿਆਚਾਰਕ ਰਵਾਇਤਾਂ/ਕਦਰਾਂ ਨੂੰ ਨੈਤਿਕ ਅਧਾਰ 'ਤੇ ਠੀਕ ਦੱਸਦੇ ਸਨ। ਉਨ੍ਹਾਂ ਨੇ ਮੈਨੂੰ ਇਹ ਸਖਤ ਹਦਾਇਤ ਦਿੱਤੀ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਮੇਰੀ ਭੈਣ ਤੇ ਉਨ੍ਹਾਂ ਦੀ ਬੇਟੀ ਨੂੰ ਉਨ੍ਹਾਂ ਦੀ ਜਾਇਦਾਦ ਵਿੱਚੋਂ ਬਰਾਬਰ ਦਾ ਹਿੱਸਾ ਦਿੱਤਾ ਜਾਵੇ। ਬਰਾਬਰੀ ਦਾ ਉਨ੍ਹਾਂ ਦਾ ਸੰਘਰਸ਼ ਸਿਰਫ ਔਰਤਾਂ ਤੱਕ ਸੀਮਤ ਨਹੀਂ ਸੀ। ਉਹ ਸਭ ਵਰਗਾਂ ਦੀ ਬਰਾਬਰੀ ਦੇ ਹਮਾਇਤੀ ਸਨ। ਉਨ੍ਹਾਂ ਨੇ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦਾ ਸੰਘਰਸ਼ ਉਦੋਂ ਸ਼ੁਰੂ ਕੀਤਾ ਸੀ ਜਦੋਂ ਅਸੀਂ ਸਾਰੇ ਮੰਡਲ ਕਮਿਸ਼ਨ ਦੇ ਬਾਰੇ ਕੁੱਝ ਜਾਣਦੇ ਵੀ ਨਹੀਂ ਸੀ। ਅਸਗਰ ਅਲੀ ਇੰਜਨੀਅਰ ਦਾ ਮਿਸ਼ਨ ਸੀ ਕਿ ਧਰਮ ਨੂੰ ਸੰਸਥਾ ਵਿਚ ਬੰਨ੍ਹਣ ਵਾਲੇ ਢਾਂਚੇ (ਸੰਸਥਾਗਤ) ਤੋਂ ਮੁਕਤ ਕਰਵਾ ਕੇ ਉਸਨੂੰ ਧਾਰਮਕ ਗ੍ਰੰਥਾਂ ਦੀ ਵਰਤਮਾਨ ਵਿਆਖਿਆ 'ਤੇ ਪ੍ਰਸ਼ਨ ਚਿੰਨ੍ਹ ਲਾਉਣ ਵਾਸਤੇ ਵਰਤੋਂ ਕਰਨੀ। ਉਹ ਚਾਹੁੰਦੇ ਸਨ ਕਿ ਧਰਮ ਸੱਚ ਤੱਕ ਪਹੁੰਚਣ ਦਾ ਰਾਹ ਪ੍ਰਦਾਨ ਕਰੇ, ਜ਼ੁਲਮ 'ਤੇ ਅਧਾਰਤ ਸਮਾਜਕ ਪ੍ਰਬੰਧ ਨੂੰ ਬਦਲੇ, ਅਨੇਕਤਾ ਨੂੰ ਸਵੀਕਾਰ ਕਰੇ, ਸੰਵਾਦ ਜਾਂ ਲਿੰਗ ਅਧਾਰਤ ਬਰਾਬਰੀ ਦੇ ਰਾਹੀਂ ਅਜਿਹੇ ਸਮਾਜ ਦਾ ਨਿਰਮਾਣ ਕਰੇ ਜਿਸ ਵਿਚ ਵੱਖੋ ਵੱਖ ਧਰਮਾਂ ਅਤੇ ਸੱਭਿਆਚਾਰਾਂ ਵਾਲੇ ਲੋਕ ਪਿਆਰ ਨਾਲ ਮਿਲ ਜੁਲ ਕੇ ਰਹਿ ਸਕਣ। ਉਨ੍ਹਾਂ ਨੇ ਸਾਡੇ ਗਿਆਨ ਦੇ ਕੈਨਵਸ ਨੂੰ ਵੱਡਾ ਕੀਤਾ ਤੇ ਬਰਾਬਰੀ, ਨਿਆਂ, ਅਮਨ ਅਤੇ ਮਾਣ ਵਾਲੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਦਾ ਰਾਹ ਵਿਖਾਇਆ। ਅਸਗਰ ਅਲੀ ਇੰਜਨੀਅਰ ਵਿਅਕਤੀ ਨਹੀਂ ਸੰਸਥਾ ਸਨ। ਕੀ ਅਸੀਂ ਉਨ੍ਹਾਂ ਦੇ ਮਿਸ਼ਨ ਨੂੰ ਉਹੋ ਜਹੇ ਹੀ ਅਨੁਸਾਸ਼ਨ ਅਤੇ ਸਮਰਪਣ ਦੇ ਭਾਵ ਨਾਲ ਅੱਗੇ ਲੈ ਜਾਣਾ ਚਾਹੁੰਦੇ ਹਾਂ, ਜਿਸ ਅਨੁਸਾਸ਼ਨ ਅਤੇ ਸਮਰਪਣ ਨਾਲ ਉਨ੍ਹਾਂ ਨੇ ਆਪਣਾ ਕੰਮ ਕੀਤਾ। ਅਸੀਂ ਅਜਿਹਾ ਕਰਨ ਦਾ ਪੂਰਾ ਜਤਨ ਕਰਾਂਗੇ।




# Thinking of Buying or Selling Houses or Businesses within Sacramento to Bay Area?

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




3 bdrms, 2.0 Full Baths
1, 145 sq. ft.
Listing Price: $ 259,000




4 bdrms, 2.0 full bath
1,596 sq ft
Lot size: 6,098
Listing Price: $289,900




5 Beds, 3 Baths
4088 Sf
Listing Price: $649,000





4 Beds, 2.5 Baths,
1811 Sf
Listing Price: $ 409,900





4 Beds, 3 Baths,
Sf 3412, 1.82 Acres
Listing Price: $ 899,000




3-4 bdrm, 2.0 full bath
1,492 sq ft
Lot size: 6,469
Listing Price: $299,000




5 bdrm, 2.5 full bath
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 bdrms, 1.0 full bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 149,000




BERKSHIRE HATHAWAY
Home Services

# Buying or Selling Hotels and Gas Stations? Call Now- 916-271-5404

# OFFICE: 7412 ELSIE AVE., SACRAMENTO, CA 95828

# MAHA RISHI VALMIK SABHA USA

## YUBA CITY, CALIFORNIA




**ਗੁਰੂ ਪਿਆਰੀ ਸਾਧ ਸੰਗਤ ਜੀਓ!**

ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਊ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਸਬੰਧੀ ਕਥਾਵਾਂ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਮੰਨੇ-ਪ੍ਰਮੰਨੇ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਭਜਨ ਕਰ ਸੰਗਤਾਂ ਨੂੰ ਨਿਹਾਲ ਕਰਨਗੇ।

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਪ੍ਰਗਟ ਦਿਵਸ ਨਾਲ ਸਬੰਧਤ ਹੇਠ ਲਿਖੇ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰ ਸਮੇਤ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ, ਗੁਰੂ ਸਾਹਿਬਾਨ ਦੇ ਚਰਨਾਂ 'ਚੋਂ ਅਸ਼ੀਰਵਾਦ ਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸੱਦਾ ਪੱਤਰ-** ਸਮੂਹ ਸੰਗਤਾਂ ਸਮੇਤ ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ, ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ ਆਦਿ ਸਭ ਨੂੰ ਪ੍ਰਗਟ ਦਿਵਸ ਵਿਚ ਸ਼ਾਮਲ ਹੋ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਅਤੇ ਪ੍ਰੋਗਰਾਮ ਦੀਆਂ ਰੌਣਕਾਂ ਨੂੰ ਚਾਰ ਚੰਨ ਲਗਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

**ਦਾਨੀ ਪਰਿਵਾਰਾਂ ਨੂੰ ਸਨਿਮਰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਅਤੇ ਜਲਦੀ ਤੋਂ ਜਲਦੀ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋ ਜੀ। ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਨਾਲ ਸੰਪਰਕ ਕਰ ਸਕਦੇ ਹੋ ਜੀ।**

## ਪ੍ਰੋਗਰਾਮ

ਸ਼ੁੱਕਰਵਾਰ 26 ਅਕਤੂਬਰ 2018
ਆਰੰਭ ਪਾਠ
ਸ੍ਰੀ ਯੋਗ ਵਸ਼ਿਸ਼ਟ ਸਾਹਿਬ
ਸਵੇਰੇ 10 ਵਜੇ

ਸ਼ਨਿਚਰਵਾਰ 27 ਅਕਤੂਬਰ 2018, ਨਿਸ਼ਾਨ ਸਾਹਿਬ ਦੀ ਰਸਮ, ਸਵੇਰੇ 10 ਵਜੇ

ਐਤਵਾਰ 28 ਅਕਤੂਬਰ 2018
ਭੋਗ ਸ੍ਰੀ ਯੋਗ ਵਸ਼ਿਸ਼ਟ ਸਾਹਿਬ, ਸਵੇਰੇ 10 ਵਜੇ
ਕਥਾ: ਸ੍ਰੀ ਵਾਲਮੀਕ ਰਮਾਇਣ ਸਾਹਿਬ, ਸਵੇਰੇ 11 ਵਜੇ
ਸ਼ਬਦ ਗਾਇਨ ਤੇ ਬੁਲਾਰੇ 11.30 ਵਜੇ ਸਵੇਰ ਤੋਂ ਸ਼ਾਮ 4 ਵਜੇ ਤੱਕ

**ਸਮਾਗਮਾਂ ਦੌਰਾਨ ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**
**ਸਥਾਨ-ਮਹਾਰਿਸ਼ੀ ਵਾਲਮੀਕ ਟੈਂਪਲ , 84/86 ਪਰਸੀ ਐਵਨਿਉ, ਯੂਬਾ ਸਿਟੀ, ਕੈਲੇਫੋਰਨੀਆ 95991**

### ਪ੍ਰਬੰਧਕ ਕਮੇਟੀ

ਪ੍ਰੇਮ ਸੌਂਧੀ (ਪ੍ਰਧਾਨ) 530-751-3887, ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ) 530-740-3056, ਕੁਲਦੀਪ ਥਾਪਰ (ਵਾਈਸ ਪ੍ਰਧਾਨ) 530-300-0522, ਜਸਪਾਲ ਮਾਲੜੀ (ਜਨਰਲ ਸਕੱਤਰ) 530-441-9124, ਵਿਸ਼ਾਲ ਸ਼ਰਬਤੀ (ਸਕੱਤਰ) 530-933-5915, ਬਲਵੀਰ ਧਾਲੀਵਾਲ (ਵਾਈਸ ਸਕੱਤਰ) 916-243-9017, ਗੁਰਪਾਲ ਸਿੰਘ (ਚੇਅਰਮੈਨ) 916-873-0311, ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ 530-301-0657, ਅਵਿਨਾਸ਼ ਸੌਂਧੀ (ਵਾਈਸ ਚੇਅਰਮੈਨ), ਵਿਨੋਦ ਗਿੱਲ (ਖਜਾਨਚੀ) 530-218-3969, ਬਲਵੀਰ ਥਾਪਰ (ਖਜਾਨਚੀ) 916-607-4650, ਵਰੁਨ ਗਿੱਲ (ਖਜਾਨਚੀ) 530-713-0151, ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ) 530-671-4039

### ਆਰਗੇਨਾਈਜਰਜ਼

ਸੁਰਜੀਤ ਗਿੱਲ, ਕੁੰਦਨ ਸੌਂਧੀ, ਰਕੇਸ਼ ਸਲਹੋਤਰਾ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਸ਼ਾਮ ਲਾਲ ਸੋਂਧੀ, ਰਵੀਪਾਲ, ਗੁਰਜੀਤ ਸਿੰਘ ਟਰੇਸੀ, ਸਾਧੂ ਰਾਮ ਭੱਟੀ, ਰਾਮ ਲਾਲ ਮੱਟੂ, ਤਰਸੇਮ ਲਾਲ ਥਾਪਰ, ਦੇਸ ਰਾਜ ਸ਼ੁੱਭ, ਅਮਰਜੀਤ ਸਿੰਘ ਲਾਲੀ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਦੀਪਕ ਸਹੋਤਾ, ਜਗਜੀਤ ਸਿੰਘ ਗਿੱਲ (ਰਾਣਾ) (ਮੇਨਟੀਨੈਂਸ ਆਰਗੇਨਾਈਜ਼ਰ), ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜ਼ਰ)

### ਕਲਾਕਾਰ

ਭੁਪਿੰਦਰ ਸਿੰਘ ਭਿੰਦਾ, ਅਮਰਜੀਤ ਸਿੰਘ ਲਾਲੀ, ਵਿਸ਼ਾਲ ਸ਼ਰਬਤੀ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਰੋਹਤਾਸ਼ ਸਿੰਘ ਭਗਾਣੀਆ, ਜੋਗਿੰਦਰ ਸਿੰਘ ਸ਼ੌਂਕੀ, ਬਲਵੀਰ ਧਾਲੀਵਾਲ, ਅੰਮ੍ਰਿਤਪਾਲ ਸਿੰਘ, ਸੋਨੂੰ ਸਿੰਘ, ਰਜਿੰਦਰ ਸਹੋਤਾ, ਲਤਾ ਸੌਂਧੀ, ਸਵਰਨ ਕੌਰ ਪਗਾਨੀ, ਜੀਵਨ ਰੱਤੂ, ਗੁਰਦੀਪ ਸਿੰਘ ਹੀਰਾ, ਗਿਆਨੀ ਪ੍ਰਿਤਪਾਲ ਸਿੰਘ।